

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 34
December 4, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਐਂਡਰਸਨ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਗੁਰਪੁਰਬ ਦਿਹਾੜਾ ਅਤੇ ਨਗਰ ਕੀਰਤਨ ਮਨਾਇਆ






**ਐਂਡਰਸਨ (ਕੈਲੇਫੋਰਨੀਆ)-** ਧੰਨ ਧੰਨ ਸਤਿਗੁਰੂ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਗੁਰਪੁਰਬ ਦਿਹਾੜਾ ਪੂਰੇ ਵਿਸ਼ਵ 'ਚ ਸਿੱਖ ਸੰਗਤਾਂ ਵੱਲੋਂ ਬਹੁਤ ਸ਼ਰਧਾ ਅਤੇ ਉਤਸ਼ਾਹਪੂਰਵਕ ਮਨਾਇਆ ਜਾ ਰਿਹਾ ਹੈ। ਇਸ ਲੜੀ ਤਹਿਤ ਕੈਲੇਫੋਰਨੀਆ ਦੇ ਸ਼ਹਿਰ ਐਂਡਰਸਨ 'ਚ 5400 ਸਿੱਖ ਸੈਂਟਰ ਡ੍ਰਾਈਵ ਸਥਿਤ ਗੁਰਦੁਆਰਾ ਸਿੱਖ ਸੈਂਟਰ ਐਂਡਰਸਨ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਗੁਰਪੁਰਬ ਦਿਹਾੜਾ 24 ਨਵੰਬਰ 2019 ਨੂੰ ਮਨਾਇਆ ਗਿਆ। ਇਸ ਸਬੰਧੀ ਅਖੰਡ ਪਾਠ ਸਾਹਿਬ 22 ਨਵੰਬਰ 2019 ਨੂੰ ਰਖਾਏ ਗਏ। ਇਸ ਸਬੰਧੀ ਅਖੰਡ ਪਾਠ


**(ਬਾਕੀ ਦੇਖੋ ਸਫਾ 3 ਤੇ,**
**ਤਸਵੀਰਾਂ ਦੇਖੋ ਸਫਾ 11-12 'ਤੇ)**






Balbir Mahay belonged to village Lidhran, District Jalandhar of East Punjab. He did his BA from DAV college Jalandhar and MA in Political Science from Govt College Hoshiarpur. He joined CISF as Sub-inspector and Inspector in CISF and served as Immigration Officer at Indra Gandhi International Air Port Delhi. After migration to USA, he worked as jailer in Milwaukee County jail and currently has been working as Police Officer with Milwaukee Police Department for the last 19 years. As a first and the only Indian police officer with Milwaukee Police Department, he is very helpful to Indian community and remains concerned with the community affairs. Mr Balbir Mahay has received several awards certificates and commendations for his meritorious services from the police department in the past. Recently he received Excellence Award in Police Service from Police Chief Alfonso Morales and Milwaukee Mayor Tom Berett at a special function on November 12, 2019 at the police academy. He dedicates this award to Indian community for its continuous support, love and affection. Son of Sh. Kishan Chand Mahay Sarpanch and Bibi Swarn kaur ji made us proud. Many Congratulations and may you receive many more laurels in future too!!

- Prem K. Chumber (Editor-In-Chief Desh Doaba)

## ਅਮਰੀਕਾ ਵਿਚ ਗ੍ਰੀਨ ਕਾਰਡ ਦਾ ਇੰਤਜ਼ਾਰ ਕਰ ਰਹੇ ਸਵਾ ਦੋ ਲੱਖ ਭਾਰਤੀ

**ਵਾਸ਼ਿੰਗਟਨ (ਬਿਊਰੋ)-** ਅਮਰੀਕਾ ਵਿਚ ਸਵਾ ਦੋ ਲੱਖ ਤੋਂ ਜ਼ਿਆਦਾ ਭਾਰਤੀਆਂ ਨੂੰ ਪਰਿਵਾਰ ਆਧਾਰਤ ਗ੍ਰੀਨ ਕਾਰਡ ਦਾ ਇੰਤਜ਼ਾਰ ਹੈ। ਇਸ ਕਾਰਡ ਦੇ ਮਿਲਣ ਨਾਲ ਅਮਰੀਕਾ ਵਿਚ ਸਥਾਈ ਤੌਰ 'ਤੇ ਵਸਣ ਅਤੇ ਕੰਮ ਕਰਨ ਦਾ ਅਧਿਕਾਰ ਮਿਲ ਜਾਂਦਾ ਹੈ। ਅਮਰੀਕੀ ਸੰਸਦ ਤੋਂ ਹਰ ਸਾਲ ਸਿਰਫ਼ ਦੋ ਲੱਖ 26 ਹਜ਼ਾਰ ਹੀ ਅਜਿਹੇ ਕਾਰਡ ਜਾਰੀ ਕਰਨ ਦੀ ਇਜਾਜਤ ਮਿਲੀ ਹੋਈ ਹੈ। ਤਾਜ਼ਾ ਸਰਕਾਰੀ ਅੰਕੜਿਆਂ ਅਨੁਸਾਰ ਅਮਰੀਕਾ ਵਿਚ ਪਰਿਵਾਰ ਆਧਾਰਤ ਗ੍ਰੀਨ ਕਾਰਡ ਪਾਉਣ ਦੀ ਕਤਾਰ ਵਿਚ ਕਰੀਬ 40 ਲੱਖ ਲੋਕ ਹਨ। ਇਸ ਸੂਚੀ ਵਿਚ ਸਭ ਤੋਂ ਵੱਡੀ ਗਿਣਤੀ ਅਮਰੀਕਾ ਦੇ ਦੱਖਣੀ ਗੁਆਂਢੀ ਦੇਸ਼ ਮੈਕਸੀਕੋ ਦੇ ਨਾਗਰਿਕਾਂ ਦੀ ਹੈ। ਕਰੀਬ 15 ਲੱਖ ਮੈਕਸੀਕੋ ਦੇ ਨਾਗਰਿਕਾਂ ਨੂੰ ਗ੍ਰੀਨ ਕਾਰਡ ਮਿਲਣ ਦਾ ਇੰਤਜ਼ਾਰ ਹੈ। ਗ੍ਰੀਨ ਕਾਰਡ ਦੀ ਇੰਤਜ਼ਾਰ ਸੂਚੀ ਵਿਚ ਦੂਜੇ ਸਥਾਨ 'ਤੇ ਭਾਰਤ ਹੈ। ਕਰੀਬ ਦੋ ਲੱਖ 27 ਹਜ਼ਾਰ ਭਾਰਤੀ ਇਸ ਕਾਰਡ ਦਾ ਇੰਤਜ਼ਾਰ ਕਰ ਰਹੇ ਹਨ ਜਦਕਿ ਚੀਨ ਇਸ ਮਾਮਲੇ ਵਿਚ ਤੀਜੇ ਸਥਾਨ 'ਤੇ ਹੈ। ਇਸ ਦੇ ਕਰੀਬ ਇਕ ਲੱਖ 80 ਹਜ਼ਾਰ ਨਾਗਰਿਕਾਂ ਨੂੰ ਪਰਿਵਾਰ ਆਧਾਰਤ ਗ੍ਰੀਨ ਕਾਰਡ ਦਾ ਇੰਤਜ਼ਾਰ ਹੈ। ਗ੍ਰੀਨ ਕਾਰਡ ਪਾਉਣ ਦੇ ਇੱਛਕ ਲੋਕਾਂ ਵਿਚ ਜ਼ਿਆਦਾਤਰ ਅਮਰੀਕੀ ਨਾਗਰਿਕਾਂ ਦੇ ਭੈਣ-ਭਰਾ ਹਨ। ਮੌਜੂਦਾ ਕਾਨੂੰਨ ਤਹਿਤ ਵਿਦੇਸ਼ੀ ਮੂਲ ਦੇ ਅਮਰੀਕੀ ਨਾਗਰਿਕ ਗ੍ਰੀਨ ਕਾਰਡ ਜਾਂ ਸਥਾਈ ਜਾਇਜ਼ ਨਿਵਾਸ ਲਈ ਆਪਣੇ ਪਰਿਵਾਰਕ ਮੈਂਬਰਾਂ ਅਤੇ ਖ਼ੂਨ ਦੇ ਰਿਸ਼ਤੇਦਾਰਾਂ ਨੂੰ ਸਪਾਂਸਰਡ ਕਰ ਸਕਦੇ ਹਨ। ਮੈਰਿਟ ਆਧਾਰਤ ਇਮੀਗ੍ਰੇਸ਼ਨ ਨੂੰ ਉਤਸ਼ਾਹ ਦੇਣ ਵਾਲੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਪਰਿਵਾਰ ਆਧਾਰਤ ਗ੍ਰੀਨ ਕਾਰਡ ਦੇ ਖ਼ਿਲਾਫ਼ ਹਨ। ਉਹ ਇਸ ਨੂੰ ਖ਼ਤਮ ਕਰਨਾ ਚਾਹੁੰਦੇ ਹਨ ਜਦਕਿ ਵਿਰੋਧੀ ਡੈਮੋਕ੍ਰੇਟਿਕ ਪਾਰਟੀ ਪਰਿਵਾਰ ਆਧਾਰਤ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਖ਼ਤਮ ਕੀਤੇ ਜਾਣ ਦਾ ਜ਼ੋਰ-ਸ਼ੋਰ ਨਾਲ ਵਿਰੋਧ ਕਰਦੀ ਹੈ। ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ (ਡੀਐੱਚਐੱਸ) ਅਨੁਸਾਰ ਪਰਿਵਾਰ ਆਧਾਰਤ ਗ੍ਰੀਨ ਕਾਰਡ ਦਾ ਇੰਤਜ਼ਾਰ ਕਰ ਰਹੇ ਜ਼ਿਆਦਾਤਰ ਭਾਰਤੀਆਂ ਵਿਚ ਅਮਰੀਕੀ ਨਾਗਰਿਕਾਂ ਦੇ ਭੈਣ-ਭਰਾ ਹਨ। ਅਜਿਹੇ ਭਾਰਤੀਆਂ ਦੀ ਗਿਣਤੀ ਇਕ ਲੱਖ 81 ਹਜ਼ਾਰ ਤੋਂ ਜ਼ਿਆਦਾ ਹੈ। ਹਜ਼ਾਰਾਂ ਦੀ ਗਿਣਤੀ ਵਿਚ ਅਜਿਹੇ ਹੀ ਭਾਰਤੀ ਮੂਲ ਦੇ ਅਮਰੀਕੀ ਨਾਗਰਿਕ ਹਨ ਜੋ ਆਪਣੇ ਵਿਆਹੇ ਬੱਚਿਆਂ ਲਈ ਗ੍ਰੀਨ ਕਾਰਡ ਮੰਗ ਰਹੇ ਹਨ।







MANDEEP SANDHU

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



6930 65TH STREET # 115 SACRAMENTO CA 95823
Sandeep Jony Bagga



RAMESH SUMAN
Broker Realtor
RCS-D ™

MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY



Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.



* Please call us for Professional & reliable services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਭੁੱਲਰ ਦੀ ਰਿਹਾਈ ਬਾਰੇ ਲੋੜੀਂਦੇ ਹੁਕਮ ਨਾ ਆਉਣ ਕਾਰਨ ਪਰਿਵਾਰ ਪ੍ਰੇਸ਼ਾਨ

**ਅੰਮ੍ਰਿਤਸਰ–** ਸਥਾਨਕ ਕੇਂਦਰੀ ਜੇਲ੍ਹ ਵਿੱਚ ਬੰਦ ਸਿੱਖ ਕੈਦੀ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਸਬੰਧੀ ਲੋੜੀਂਦੇ ਆਦੇਸ਼ ਨਾ ਆਉਣ ਕਾਰਨ ਉਸ ਦੀ ਪਤਨੀ ਤੇ ਹੋਰ ਪਰਿਵਾਰਕ ਮੈਂਬਰ ਪ੍ਰੇਸ਼ਾਨ ਹਨ। ਉਂਜ, ਪੈਰੋਲ ਖ਼ਤਮ ਹੋਣ ਮਗਰੋਂ ਪ੍ਰੋ.ਭੁੱਲਰ ਨੂੰ ਮੁੜ ਜੇਲ੍ਹ ਭੇਜ ਦਿੱਤਾ ਗਿਆ ਹੈ। ਚੇਤੇ ਰਹੇ ਕਿ ਸ੍ਰੀ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੂਰਬ ਦੇ ਮੱਦੇਨਜ਼ਰ ਕੇਂਦਰ ਸਰਕਾਰ ਨੇ 9 ਸਿੱਖ ਕੈਦੀਆਂ ਨੂੰ ਰਿਹਾਅ ਕਰਨ ਦਾ ਫੈਸਲਾ ਕੀਤਾ ਸੀ। ਇਨ੍ਹਾਂ ਵਿੱਚ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦਾ ਨਾਂ ਵੀ ਸ਼ਾਮਲ ਸੀ, ਪਰ ਅਜੇ ਤਕ ਜੇਲ੍ਹ ਪ੍ਰਸ਼ਾਸਨ ਨੂੰ ਉਹਦੀ ਰਿਹਾਈ ਸਬੰਧੀ ਕੋਈ ਹੁਕਮ ਨਹੀਂ ਮਿਲੇ। ਪ੍ਰੋ. ਭੁੱਲਰ ਦੀ ਪਤਨੀ ਨਵਨੀਤ ਕੌਰ ਭੁੱਲਰ ਨੇ ਦੱਸਿਆ ਕਿ ਉਹਦਾ ਪਤੀ ਕੁਝ ਦਿਨ ਪਹਿਲਾਂ ਪੈਰੋਲ ’ਤੇ ਘਰ ਆਇਆ ਸੀ। ਘਰ ਦੇ ਮਾਹੌਲ ਕਾਰਨ ਉਹਦੀ ਸਿਹਤ ਵਿੱਚ ਪਹਿਲਾਂ ਨਾਲੋਂ ਸੁਧਾਰ ਸੀ, ਪਰ ਪੈਰੋਲ ਖ਼ਤਮ ਹੋਣ ਮਗਰੋਂ ਉਹਨੂੰ 29 ਨਵੰਬਰ ਨੂੰ ਮੁੜ ਜੇਲ੍ਹ ਭੇਜ ਦਿੱਤਾ ਗਿਆ ਹੈ। ਉਸ ਨੂੰ ਡਰ ਹੈ ਕਿ ਜੇਲ੍ਹ ਵਾਲੇ ਮਾਹੌਲ ਵਿੱਚ ਉਹਦੀ ਹਾਲਤ ਮੁੜ ਪਹਿਲਾਂ ਵਾਂਗ ਨਾ ਹੋ ਜਾਵੇ।



ਉਧਰ ਅੰਮ੍ਰਿਤਸਰ ਕੇਂਦਰੀ ਜੇਲ੍ਹ ਦੇ ਸੁਪਰਡੈਂਟ ਅਰਸ਼ਦੀਪ ਸਿੰਘ ਗਿੱਲ ਨੇ ਪ੍ਰੋ. ਭੁੱਲਰ ਦੇ ਜੇਲ੍ਹ ਵਿੱਚ ਪਰਤਣ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਉਸ ਨੂੰ ਇਲਾਜ ਲਈ ਮੁੜ ਜੇਲ੍ਹ ਦੇ ਮਨੋਰੋਗ ਵਾਰਡ ਵਿੱਚ ਭੇਜਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਉਹਦੀ ਰਿਹਾਈ ਸਬੰਧੀ ਫਿਲਹਾਲ ਸਰਕਾਰ ਵਲੋਂ ਕੋਈ ਆਦੇਸ਼ ਨਹੀਂ ਮਿਲੇ ਹਨ। ਜੇਲ੍ਹ ਵਿਭਾਗ ਨੂੰ ਜਿਵੇਂ ਹੀ ਕੋਈ ਲਿਖਤੀ ਹੁਕਮ ਮਿਲਦੇ ਹਨ ਤਾਂ ਲੋੜੀਂਦੀ ਕਾਰਵਾਈ ਮਗਰੋਂ ਉਹਨੂੰ ਰਿਹਾਅ ਕਰ ਦਿੱਤਾ ਜਾਵੇਗਾ।

# ਡਾ. ਬਲਜੀਤ ਸਿੰਘ ਸਿੱਧੂ ਦਾ ਫਰਿਜ਼ਨੋ ਵਿਖੇ ਸੁਆਗਤ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਪੰਜਾਬੀ ਯੂਨੀਵਰਸਿਟੀ ਪਟਿਆਲ਼ਾ ਦੇ ਰਿਟਾਇਰਡ ਕੰਟ੍ਰੋਲਰ ਡਾ. ਬਲਜੀਤ ਸਿੰਘ ਸਿੱਧੂ ਇਹਨੀਂ ਦਿਨੀਂ ਆਪਣੀ ਅਮਰੀਕਾ ਫੇਰੀ ਤੇ ਹਨ, ਅਤੇ ਆਪਣੇ ਚਾਹੁਣ ਵਾਲ਼ਿਆ ਨੂੰ ਮਿਲ ਰਹੇ ਹਨ। ਇਸੇ ਕੜੀ ਤਹਿਤ ਉਹ ਫਰਿਜ਼ਨੋ ਵਿਖੇ ਅਥਲੀਟ ਗੁਰਬਖਸ਼ ਸਿੰਘ ਸਿੱਧੂ ਤੇ ਸਮਾਜ-ਸੇਵਕ ਹੈਰੀ ਸੰਧੂ ਕੋਲ ਠਹਿਰੇ ਹੋਏ ਹਨ। ਉਹਨਾਂ ਦੇ ਸਨਮਾਨ ਹਿੱਤ ਗੁਰਬਖਸ਼ ਸਿੰਘ ਸਿੱਧੂ ਦੇ ਗ੍ਰਹਿ ਵਿਖੇ ਇੱਕ ਸਾਦੇ ਸਮਾਗਮ ਦਾ ਅਯੋਜਨ ਕੀਤਾ ਗਿਆ। ਇਸ ਸਮਾਗਮ ਦੌਰਾਨ ਉਹਨਾਂ ਦੇ ਪੁਰਾਣੇ ਸਹਿਪਾਠੀ ਸ਼ਾਮਲ ਹੋਏ। ਇਸ ਮੌਕੇ ਗੁਰਬਖਸ਼ ਸਿੰਘ ਸਿੱਧੂ ਨੇ ਦੱਸਿਆ ਕਿ ਡਾ. ਬਲਜੀਤ ਸਿੰਘ ਸਿੱਧੂ ਦਾ ਜਨਮ 1957 ਵਿੱਚ ਪਿੰਡ ਜਾਖੇਪਾਲ ਜ਼ਿਲ੍ਹਾ ਸੰਗਰੂਰ ਵਿੱਚ ਹੋਇਆ। ਉਸ ਪਿੱਛੋਂ ਉਹਨਾਂ ਐਮ ਏ ਫਿਜੀਕਲ ਐਜੂਕੇਸ਼ਨ, ਐਮ-ਫਿਲ, ਪੀ ਐਚ ਡੀ ਅਤੇ ਐਨ ਆਈ ਐਸ ਐਥਲੈਟਿਕਸ ਕੀਤੀ। ਉਹਨਾਂ ਆਪਣੇ ਸਮੇਂ ਦੌਰਾਨ ਪੰਜਾਬੀ ਯੂਨੀਵਰਸਿਟੀ ਦੀ ਖੇਡਾਂ ਦੌਰਾਨ ਪ੍ਰਤਿਨਿਧਤਾ ਕਰਦਿਆਂ ਐਥਲੈਟਿਕਸ ਵਿੱਚ 800 ਮੀਟਰ ਵਿੱਚ ਮੈਡਲ ਵੀ ਜਿੱਤੇਂ। ਉਪਰੰਤ ਉਹ ਬਤੌਰ ਲੈਕਚਰਾਰ ਫਿਜੀਕਲ ਐਜੂਕੇਸ਼ਨ ਪਟਿਆਲ਼ਾ ਵਿੱਚ ਪੜਾਉਂਦੇ ਵੀ ਰਹੇ। ਇਸ ਪਿੱਛੋਂ ਉਹ ਪੰਜਾਬੀ ਯੂਨੀਵਰਸਿਟੀ ਵਿੱਚ ਹੀ ਡਿਪਟੀ ਰਜਿਸਟਰਾਰ ਐਡਮਿਸਟਰੇਸ਼ਨ ਫਾਈਨਿਸ ਅਫੀਸਰ ਦੇ ਅਹੁਦੇ ਤੇ ਵੀ ਰਹੇ। ਅੱਜ ਕੱਲ ਉਹ ਐਸ. ਜੀ. ਪੀ. ਸੀ਼ ਕੁੜੀਆ ਦਾ ਕਾਲਜ ਪਿੰਡ ਅਕੜ ਜ਼ਿਲ੍ਹਾ ਪਟਿਆਲ਼ਾ ਵਿੱਚ ਪ੍ਰੈਸੀਪਲ ਦੀਆਂ ਸੇਵਾਵਾਂ ਨਿਭਾ ਰਹੇ ਹਨ। ਡਾ. ਬਲਜੀਤ ਸਿੰਘ ਸਿੱਧੂ ਬਹੁਤ ਹੀ ਮਿਲਾਪੜੇ ਸੁਭਾ ਦੇ ਨਰਮ ਦਿਲ ਇਨਸਾਨ ਹਨ ਉਹਨਾਂ ਦਾ ਸੰਪਰਕ ਨੰਬਰ 559-217-5486.




# ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮਾਫ਼ ਨਹੀ ਹੋਈ

**ਚੰਡੀਗੜ੍ਹ (ਬਿਊਰੋ)–** ਪਟਿਆਲਾ ਜੇਲ੍ਹ ਵਿਚ ਬੰਦ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮਾਫ਼ ਨਹੀਂ ਹੋਈ। ਇਹ ਦਾਅਵਾ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮੰਗਲਵਾਰ ਨੂੰ ਸੰਸਦ ਵਿਚ ਕੀਤਾ ਹੈ। ਉਨ੍ਹਾਂ ਸੰਸਦ ਨੂੰ ਦੱਸਿਆ ਕਿ ਮੋਦੀ ਸਰਕਾਰ ਨੇ ਰਾਜੋਆਣਾ ਦੀ ਸਜ਼ਾ ਮਾਫ਼ ਨਹੀਂ ਕੀਤੀ।



ਇੱਥੇ ਇਹ ਦੱਸਣਯੋਗ ਹੈ ਕਿ ਰਾਜੋਆਣਾ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਿਹਾ ਹੈ। ਪਿਛਲੇ ਦਿਨੀਂ ਕੇਂਦਰ ਸਰਕਾਰ ਨੇ ਕੁਝ ਸਿੱਖ ਬੰਦੀਆਂ ਦੀਆਂ ਸਜ਼ਾਵਾਂ ਮਾਫ਼ ਕੀਤੀਆਂ ਸਨ ਉਸ ਵੇਲੇ ਚਰਚਾ ਸੀ ਕਿ ਰਾਜੋਆਣਾ ਦੀ ਸਜ਼ਾ ਵੀ ਮਾਫ਼ ਕਰ ਕੇ ਉਮਰ ਕੈਦ ਵਿਚ ਬਦਲ ਦਿੱਤੀ ਗਈ ਹੈ। ਮੰਗਲਵਾਰ ਨੂੰ ਜਦੋਂ ਬੇਅੰਤ ਸਿੰਘ ਦੇ ਪੋਤਰੇ ਤੇ ਲੁਧਿਆਣੇ ਤੋਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਇਹ ਮਾਮਲਾ ਸੰਸਦ ਵਿਚ ਉਠਾਇਆ ਤਾਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਪਸ਼ਟ ਕਰ ਦਿੱਤਾ ਕਿ ਰਾਜੋਆਣਾ ਦੀ ਸਜ਼ਾ ਮਾਫ਼ ਨਹੀਂ ਹੋਈ। ਬਿੱਟੂ ਨੇ ਕਿਹਾ ਹੈ ਕਿ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਸਾਜ਼ਿਸ਼ ਤਹਿਤ ਮਾਫ਼ ਕੀਤੀ ਜਾ ਰਹੀ ਸੀ ਪਰ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਪਸ਼ਟ ਕਰ ਦਿੱਤਾ ਹੈ ਕਿ ਰਾਜੋਆਣਾ ਦੀ ਸਜ਼ਾ ਮਾਫ਼ ਨਹੀਂ ਕੀਤੀ ਗਈ।

ਉਨ੍ਹਾਂ ਕਿਹਾ ਕਿ ਸੰਵਿਧਾਨ ’ਤੇ ਖ਼ਤਰਾ ਮੰਡਰਾ ਰਿਹਾ ਸੀ ਨਾ ਰਾਜੋਆਣਾ ਨੂੰ ਮਾਫ਼ ਕੀਤਾ ਗਿਆ ਹੈ ਤੇ ਨਾ ਹੀ ਅੱਗੇ ਕੀਤਾ ਜਾਵੇਗਾ। ਅਮਿਤ ਸ਼ਾਹ ਦੀ ਤਾਰੀਫ ਕਰਦਿਆਂ ਬਿੱਟੂ ਨੇ ਕਿਹਾ ਕਿ ਅੱਜ ਸਰਕਾਰ ਨੇ ਮੋਹਰ ਲਾ ਦਿੱਤੀ ਹੈ ਕਿ ਸਰਕਾਰ ਦੇਸ਼ ਦੇ ਸੰਵਿਧਾਨ ਨਾਲ ਹੈ ਤੇ ਆਮ ਲੋਕਾਂ ਨਾਲ ਵੀ ਖਿਲਵਾੜ ਨਹੀਂ ਕਰੇਗੀ। ਰਵਨੀਤ ਸਿੰਘ ਬਿੱਟੂ ਨੇ ਅਮਿਤ ਸ਼ਾਹ ਦੀਆਂ ਤਾਰੀਫਾਂ ਦੇ ਪੁ਼ਲ ਬੰਨ੍ਹਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਅਮਿਤ ਸ਼ਾਹ ਨੇ ਪਾਕਿਸਤਾਨ ਨੂੰ ਮੂੰਹਤੋੜ ਜਵਾਬ ਦੇ ਦਿੱਤਾ ਹੈ। ਪੰਜਾਬ ਵਿਚ ਸਾਰੀਆਂ ਪਾਰਟੀਆਂ ਨੇ ਅੱਤਵਾਦ ਖ਼ਿਲਾਫ਼ ਲੜਾਈ ਲੜੀ ਹੈ। ਇਸ ਦੇ ਨਾਲ ਹੀ ਉਨ੍ਹਾਂ ਅਕਾਲੀ ਦਲ ਨੂੰ ਇਸ ਮਾਮਲੇ ’ਤੇ ਸਿਆਸਤ ਨਾ ਕਰਨ ਦੀ ਨਸੀਹਤ ਵੀ ਦਿੱਤੀ।

# ਕੈਪਟਨ ਸਰਕਾਰ ਜਨਵਰੀ ’ਚ ਵੰਡੇਗੀ ਸਮਾਰਟ ਫੋਨ

ਬਠਿੰਡਾ– ਕੈਪਟਨ ਸਰਕਾਰ ਪੰਜਾਬ ਦੇ ਨੌਜਵਾਨਾਂ ਨੂੰ ’ਪੰਜ ਹਜ਼ਾਰੀ’ ਸਮਾਰਟ ਫੋਨ ਵੰਡੇਗੀ ਜੋ ਨਵੇਂ ਵਰ੍ਹੇ ਦੇ ਤੋਹਫੇ ਵਜੋਂ ਦਿੱਤੇ ਜਾਣੇ ਹਨ। ਪੰਜਾਬ ਸਰਕਾਰ ਨੇ ਪੌਣੇ ਤਿੰਨ ਸਾਲ ਲੰਘਣ ਮਗਰੋਂ ਆਪਣੇ ਚੋਣ ਵਾਅਦੇ ਨੂੰ ਅਮਲੀ ਜਾਮਾ ਪਹਿਨਾਉਣ ਲਈ ਇਹ ਕਦਮ ਚੁੱਕਿਆ ਹੈ। ਇਸ ਸਬੰਧੀ ਪੰਜਾਬ ਭਰ ਵਿੱਚ ਜ਼ਿਲ੍ਹਾ ਪੱਧਰ ’ਤੇ ਪ੍ਰੋਗਰਾਮ ਕੀਤੇ ਜਾਣੇ ਹਨ ਜਿਨ੍ਹਾਂ ਵਿੱਚ ਮੰਤਰੀ ਸਮਾਰਟ ਫੋਨ ਵੰਡਣ ਦੀ ਸ਼ੁਰੂਆਤ ਕਰਨਗੇ। ਮੁੱਢਲੇ ਪੜਾਅ ’ਤੇ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ’ਚ ਪੜ੍ਹਦੀਆਂ ਉਨ੍ਹਾਂ ਲੜਕੀਆਂ ਨੂੰ ਸਮਾਰਟ ਫੋਨ ਦਿੱਤੇ ਜਾਣਗੇ ਜਿਨ੍ਹਾਂ ਕੋਲ ਪਹਿਲਾਂ ਸਮਾਰਟ ਫੋਨ ਨਹੀਂ ਹਨ। ਮਿਲੇ ਵੇਰਵਿਆਂ ਅਨੁਸਾਰ ਇਨਫੋਟੈੱਕ ਦੀ ਅੱਜ ਇੱਕ ਉੱਚ-ਪੱਧਰੀ ਮੀਟਿੰਗ ਹੋਈ ਹੈ ਜਿਸ ਵਿਚ ਫੈਸਲਾ ਲਿਆ ਗਿਆ ਹੈ ਕਿ ਜ਼ਿਲ੍ਹਾ ਪੱਧਰੀ ਸਮਾਗਮਾਂ ’ਚ ਇਹ ਸਮਾਰਟ ਫੋਨ ਵੰਡੇ ਜਾਣਗੇ। ਪਤਾ ਲੱਗਾ ਹੈ ਕਿ ਕੁੱਲ 1.60 ਲੱਖ ਸਮਾਰਟ ਫੋਨ ਵੰਡੇ ਜਾਣੇ ਹਨ ਜਿਨ੍ਹਾਂ ਵਿੱਚੋਂ ਪਹਿਲੇ ਪੜਾਅ ਦੌਰਾਨ 40 ਹਜ਼ਾਰ ਸਮਾਰਟ ਫੋਨ ਦਿੱਤੇ ਜਾ ਰਹੇ ਹਨ। ਸੂਤਰ ਦੱਸਦੇ ਹਨ ਕਿ ਜਨਵਰੀ ਮਹੀਨੇ ਦੇ ਅੱਧ ਮਗਰੋਂ ਸਮਾਰਟ ਫੋਨ ਵੰਡਣੇ ਸ਼ੁਰੂ ਕੀਤੇ ਜਾਣੇ ਹਨ। ਪਹਿਲਾਂ ਦੀਵਾਲੀ ਮੌਕੇ ਇਹ ਸਮਾਰਟ ਫੋਨ ਦੇਣ ਦੀ ਯੋਜਨਾ ਸੀ ਪ੍ਰੰਤੂ ਟੈਂਡਰਾਂ ਦਾ ਕੰਮ ਪੱਛੜ ਗਿਆ ਸੀ। ਹੁਣ ਐੱਲਜੀ, ਓਪੋ ਤੇ ਲਾਵਾ ਕੰਪਨੀ ਨੇ ਟੈਂਡਰ ਭਰੇ ਸਨ ਜਿਨ੍ਹਾਂ ’ਚੋਂ ਸਭ ਤੋਂ ਘੱਟ ਰੇਟ ’ਲਾਵਾ ਕੰਪਨੀ’ ਨੇ ਭਰਿਆ ਸੀ, ਜਿਸ ਨੂੰ ਟੈਂਡਰ ਮਿਲ ਗਿਆ ਹੈ।



# ਐਂਡਰਸਨ ‘ਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਗੁਰਪੂਰਬ ਦਿਹਾੜਾ ਅਤੇ ਨਗਰ ਕੀਰਤਨ ਮਨਾਇਆ

**(ਸਫਾ 1 ਦੀ ਬਾਕੀ)**

ਸਾਹਿਬ 22 ਨਵੰਬਰ ਨੂੰ ਆਰੰਭ ਹੋਏ ਅਤੇ 24 ਨਵੰਬਰ ਦਿਨ ਐਤਵਾਰ ਨੂੰ ਭੋਗ ਪਾਏ ਗਏ। ਕੀਰਤਨ ਦੀਵਾਨ ਸਜਾਏ ਗਏ, ਸ਼ਬਦ ਗਾਇਨ ਹੋਏ, ਰਾਗੀ ਢਾਡੀ ਜਥਿਆਂ ਨੇ ਸ਼ਬਦ ਗਾਹਿਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

23 ਨਵੰਬਰ ਦਿਨ ਸ਼ਨਿਚਰਵਾਰ ਨੂੰ ਨਿਸ਼ਾਨ ਸਾਹਿਬ ਜੀ ਦੇ ਨਵੇਂ ਬਸਤਰਾਂ ਦੀ ਸੇਵਾ ਕਰਨ ਉਪਰੰਤ ਗੁਰੂ ਘਰ ਦੇ ਮੁੱਖ ਗ੍ਰੰਥੀ ਸਿਘ ਸਾਹਿਬ ਭਾਈ ਅਮਰਜੀਤ ਸਿੰਘ ਨੇ ਅਰਦਾਸ ਕੀਤੀ ਅਤੇ ਸਿਟੀ ਮੇਅਰ ਨੇ ਸੰਗਤ ਨੂੰ ਗੁਰਪੂਰਬ ਮਨਾਏ ਜਾਣ ਦੀ ਵਧਾਈ ਦਿੰਦਿਆਂ ਕਿਹਾ ਕਿ ਅਮਰੀਕਾ ਅੰਦਰ ਬਹੁਤ ਘੱਟ ਸਥਾਨ ਹੋਣਗੇ, ਜਿੱਥੇ ਅਜਿਹੇ ਸਮਾਗਮ ਨਾ ਹੋਏ ਹੋਣ। ਇਸ ਤੋਂ ਇਕ ਦਿਨ ਪਹਿਲਾਂ 23 ਨਵੰਬਰ 2019 ਦਿਨ ਸ਼ਨਿਚਰਵਾਰ ਨੂੰ 13ਵਾਂ ਵਿਸ਼ਾਲ ਨਗਰ ਕੀਰਤਨ ਕੱਢਿਆ ਗਿਆ। ਜਿਸ ਵਿਚ ਮੁੱਖ ਫਲੋਟ ਉਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਬਹੁਤ ਸ਼ਰਧਾ ਪੂਰਵਕ ਸਜਾਈ ਗਈ ਅਤੇ ਪੰਜ ਪਿਆਰਿਆਂ ਦੀ ਅਗਵਾਈ ’ਚ ਸਮੂਹ ਸੰਗਤ ਸ਼ਬਦ ਗਾਇਨ ਕਰਦੀ ਹੋਈ ਐਡਰਸਨ ਨਿਵਾਸੀਆਂ ਲਈ ਖਿੱਚ ਦਾ ਕੇਂਦਰ ਬਣੀ ਹੋਈ ਸੀ। ਇਸ ਮੌਕੇ ਪੁਲਿਸ ਦਾ ਵਿਸ਼ੇਸ਼ ਅਤੇ ਸਲਾਹੁਣਯਗ ਪ੍ਰਬੰਧ ਕੀਤਾ ਗਿਆ ਸੀ। ਇਸ ਮੌਕੇ ਮੋਟਰ ਸਾਈਕਲ ਰਾਈਡਰਜ ਵੀ ਸ਼ਾਮਲ ਹੋਏ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਗੁਰਮੇਲ ਸਿੰਘ ਅਨੁਸਾਰ ਸੰਗਤਾਂ ਪਿਛਲੇ ਸਾਲਾਂ ਨਾਲੋਂ ਵਧੇਰੇ ਸਨ। ਕੀਰਤਨ ਦੌਰਾਨ ਢਾਡੀ ਜਥਾ ਢਾਡੀ ਵਾਰਾਂ ਨਾਲ ਅਤੇ ਰਾਗੀ ਜਥਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਾਨਕ ਨਾਮ ਦੀ ਮਹਿਮਾ ਨਾਲ ਨਿਹਾਲ ਕਰ ਰਿਹਾ ਸੀ।

ਨਗਰ ਕੀਰਤਨ ਦੌਰਾਨ ਸੋਡਾ, ਪਾਣੀ ਤੋਂ ਇਲਾਵਾ ਤਰ੍ਹਾਂ ਤਰ੍ਹਾਂ ਦੇ ਫਰੂਟ ਨਾਲ ਨਗਰ ਕੀਰਤਨ ਮਾਰਗ ‘ਤੇ ਐਂਡਰਸਨ ਨਿਵਾਸੀਆਂ/ ਸੰਗਤਾਂ ਨੂੰ ਵਰਤਾਇਆ ਜਾ ਰਿਹਾ ਸੀ। ਸੰਗਤਾਂ ਸਤਿਨਾਮ ਵਾਹਿਗੁਰੂ ਦੀ ਧੁੰਨ ’ਚ ਲੀਨ ਸਨ। ਇਸ ਦੌਰਾਨ ਛੋਟੇ-ਛੋਟੇ ਬੱਚਿਆਂ ਤੋਂ ਇਲਾਵਾ ਨੌਜਵਾਨ ਬੱਚੇ ਬੱਚੀਆਂ ਅਤੇ ਬੀਬੀਆਂ-ਮਰਦਾਂ ਦੇ ਨਾਲ ਬਜ਼ੁਰਗਾਂ ਨੇ ਵੀ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸਫਲਾ ਬਣਾ ਰਹੇ ਸਨ।

4 ਵਜੇ ਦੇ ਕਰੀਬ ਨਗਰ ਕੀਰਤਨ ਮੁੜ ਗੁਰਦੁਆਰਾ ਸਾਹਿਬ ਪਰਤਣ ਉਪਰੰਤ ਢਾਡੀ ਜਥੇ ਨੇ ਧਾਰਮਿਕ ਸਿੱਖੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਭਾਈ ਅਮਰਜੀਤ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਅਤੇ ਪ੍ਰਧਾਨ ਗੁਰਮੇਲ ਸਿੰਘ ਜੀ ਨੇ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਦਾ ਕੋਟਿਨ ਕੋਟਿ ਧੰਨਵਾਦ ਕੀਤਾ, ਜਿਹਨਾਂ ਹਾਜ਼ਰੀਆਂ ਭਰ ਕੇ ਸਿੱਖ ਸੰਗਠਨ ਦੀ ਏਕਤਾ ਅਤੇ ਪ੍ਰੇਮ ਸਤਿਕਾਰ ਦਾ ਸਬੂਤ ਦਿੱਤਾ, ਉਹਨਾਂ ਪਰਿਵਾਰਾਂ ਅਤੇ ਵਿਉਪਾਰਕ ਸੰਸਥਾਵਾਂ ਦਾ ਵੀ ਧੰਨਵਾਦ ਕੀਤਾ, ਜਿਹਨਾਂ ਇਸ ਮੌਕੇ ਮਾਇਆ, ਚਾਹ, ਪਾਣੀ, ਲੰਗਰ ਆਦਿ ਰਾਹੀਂ ਸੇਵਾ ਕੀਤੀ, ਉਹਨਾਂ ਸੰਗਤਾਂ ਦਾ ਵੀ ਕੋਟਿਨ ਕੋਟਿ ਧੰਨਵਾਦ ਕੀਤਾ, ਜਿਹਨਾਂ ਸੰਗਤਾਂ ਨੇ ਹੱਥੀ ਸੇਵਾ ਕਮਾਈ। ਵਾਹਿਗੁਰੂ ਸਭਨਾਂ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ ਲਈ ਉਹਨਾਂ ਦਾ ਜੀਵਨ ਸਫਲਾ ਕਰੇ, ਘਰ ਪਰਿਵਾਰ, ਵਿਉਪਾਰ ਵਿਚ ਸਫਲਤਾ ਬਖਸ਼ੇ ਤੇ ਪਿਆਰ ਸਤਿਕਾਰ, ਇਤਫਾਕ ਦਾ ਮਾਹੌਲ ਬਣਾਏ। ਇਸ ਮੌਕੇ ਅਦਾਰਾ ਦੇਸ਼ ਦੁਆਬਾ ਵੱਲੋਂ ਸਾਰੇ ਸੁਨਹਿਰੀ ਪਲਾਂ ਨੂੰ ਕੈਮਰਿਆਂ ਵਿਚ ਕੈਦ ਕਰਕੇ ਸੰਗਤਾਂ ਤੱਕ ਪਹੁੰਚਾਇਆ।

ਨਿਸ਼ਾਨ ਸਾਹਿਬ ਅਤੇ ਚੰਦੋਆ ਸਾਹਿਬ ਦੀ ਸੇਵਾ ਕਾਰਨਿੰਗ ਦੀ ਸੰਗਤ ਵੱਲੋਂ ਕੀਤੀ ਗਈ।

ਲੰਗਰ ਦੀ ਸੇਵਾ ਸ. ਕਰਤਾਰ ਸਿੰਘ ਕੌਰਨਿੰਗ ਵਾਲਿਆਂ ਤੇ ਉਹਨਾਂ ਦੇ ਪਰਿਵਾਰ ਵੱਲੋਂ ਕੀਤੀ ਗਈ।

ਗੁਰਦੁਆਰਾ ਸਾਹਿਬ ਰਿਵਰਸਾਈਡ (ਕੈਲੇਫਰਨੀਆ) ਦੀ ਪ੍ਰਬੰਧਕ ਕਮੇਟੀ ਵੱਲੋਂ ਜਸਪਾਲ ਸਿੰਘ ਗਿੱਲ, ਜਗਤਾਰ ਸਿੰਘ ਢੀਂਡਸਾ, ਗੁਰਭੇਜ ਸਿੰਘ, ਜਸਕਰਨ ਸਿੰਘ, ਲਖਵੀਰ ਸਿੰਘ ਅਤੇ ਅਮਰਜੀਤ ਸਿੰਘ ਆਦਿ ਨੇ ਹਾਜ਼ਰੀਆਂ ਭਰੀਆਂ।

ਕਾਰਨਿੰਗ ਦੀ ਸੰਗਤ ਵੱਲੋਂ ਸ. ਤੀਰਥ ਸਿੰਘ ਸੋਹਲ (ਟ੍ਰਿਪਲ ਏ ਟਰੱਕ ਵਾਸ਼, ਟਾਇਰ ਅਤੇ ਲਿਊਬ ਵਾਲੇ), ਹਰਦੀਪ ਸਿੰਘ ਸਾਬਕਾ ਮੇਅਰ, ਬਲਬੀਰ ਸਿੰਘ ਚੱਠਾ, ਜਰਨੈਲ ਸਿੰਘ, ਅਮਰਜੀਤ ਸਿੰਘ ਬੋਪਾਰਾਏ, ਪਾਲੀ ਸਿੰਘ, ਗੁਰਦੀਪ ਸਿੰਘ ਸ਼ਾਹੀ, ਜੈਵੀਰ ਸਿੰਘ ਸੋਹਲ, ਜਸ਼ਨ ਸਿੰਘ, ਗੁਰਨੂਰ ਸਿੰਘ, ਮੇਜਰ ਸਿੰਘ ਸੰਘਾ, ਸੁਤੰਤਰ ਸਿੰਘ ਰੰਧਾਵਾ, ਲਖਵੀਰ ਸਿੰਘ, ਮੇਜਰ ਸਿੰਘ ਅਤੇ ਹੋਰ ਜਿਹਨਾਂ ਦੇ ਨਾਂ ਵਾਹਿਗੁਰੂ ਆਪ ਜਾਣਦਾ ਹੈ, ਗੁਰਸਿੱਖ ਪਰਿਵਾਰਾਂ ਨੇ ਸੇਵਾ ਕਮਾਈ।

ਡਾ. ਵਿਰਕ ਜਿਹਨਾਂ ਦੀ ਗੁਰੂ ਘਰ ਬਣਾਉਣ ’ਚ ਵਾਹਿਗੁਰੂ ਜੀ ਦੀ ਅਪਾਰ ਕਿਰਪਾ ਸਦਕੇ ਪ੍ਰਮੁੱਖ ਦੇਣ ਹੈ, ਸਿਹਤ ਨਾ ਠੀਕ ਹੋਣ ਕਾਰਨ, ਇਸ ਸਾਲ ਨਗਰ ਕੀਰਤਨ ਵਿਚ ਹਾਜ਼ਰੀਆਂ ਨਹੀਂ ਭਰ ਸਕੇ। ਪ੍ਰਬੰਧਕ ਕਮੇਟੀ ਡਾ. ਵਿਰਕ ਦੀ ਤੰਦਰੁਸਤੀ ਲਈ ਅਰਦਾਸ ਕਰਦੀ ਹੈ ਤੇ ਜਲਦੀ ਹੀ ਸਾਡੇ ਵਿਚ ਹਾਜ਼ਰ ਹੋਣਗੇ।

# ਬੰਗਾ ਪਰਿਵਾਰ ਨੂੰ ਸਦਮਾ- ਸੰਤੋਖ ਬੰਗਾ ਦਾ ਦੇਹਾਂਤ

ਨਿਊਯਾਰਕ– ਪੰਜਾਬੀ ਭਾਈਚਾਰੇ ਵਿਚ ਇਹ ਖਬਰ ਬੜੇ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਬਹੁਤ ਹੀ ਸਤਿਕਾਰਯੋਗ ਸਮਾਜਿਕ ਆਗੂ ਸੰਤੋਖ ਬੰਗਾ ਅਚਾਨਕ ਅਕਾਲ ਚਲਾਣਾ ਕਰ ਗਏ। ਉਹ ਆਪਣੇ ਪਿੱਛੇ ਆਪਣੀ ਪਤਨੀ ਰਾਣੀ ਬੰਗੇ ਅਤੇ ਪੁੱਤਰਾਂ ਅਜੇ ਬੰਗੇ ਅਤੇ ਵਿਸ਼ਾਲ ਬੰਗੇ ਨੂੰ ਰੋਂਦੇ ਵਿਲਕਦਿਆਂ ਛੱਡ ਗਏ। ਉਹ ਪੰਜਾਬ ਦੇ ਜ਼ਿਲ੍ਹਾ ਜਲੰਧਰ ਦੇ ਸ਼ਹਿਰ ਗੁਰਾਇਆ ਦੇ ਨੇੜੇ ਪਿੰਡ ਰੁੜਕਾ ਖੁਰਦ ਦੇ ਨਾਲ ਸਬੰਤਤ ਸਨ। ਸੰਤੋਖ ਬੰਗੇ ਨੇ ਬਾਬਾ ਸਾਹਿਬ ਅੰਬੇਡਕਰ ਜੀ ਦੇ ਮਿਸ਼ਨ ਦਾ ਪ੍ਰਚਾਰ ਕਰਨ ਲਈ ਸਾਰੀ ਉਮਰ ਕੰਮ ਕੀਤਾ ਅਤੇ ਇਸੇ ਮਕਸਦ ਨਾਲ ਉਹਨਾਂ ਲੰਮਾ ਸਮਾਂ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਨਾਲ ਗੁਜ਼ਾਰਿਆ। ਉਹ ਕੌਮ ਦੇ ਹਰ ਮਸਲੇ ਲਈ ਅੱਗੇ ਹੋ ਕੇ ਕੰਮ ਕਰਦੇ ਸਨ ਅਤੇ ਪੰਜਾਬ ਵਿਚ ਗਰੀਬ ਪਰਿਵਾਰਾਂ ਦੀ ਮਦਦ ਲਈ ਵੀ ਤਤਪਰ ਰਹਿੰਦੇ ਸਨ। ਉਹਨਾਂ ਦੀ ਸੋਚ ਸੀ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਲਗਭਗ ਸਾਰੀ ਕੌਮ ਦੇ ਹੀ ਬੱਚੇ ਪੜ੍ਹਦੇ ਹਨ ਅਤੇ ਇਸ ਲਈ ਜੇਕਰ ਅਸੀਂ ਅਮਰੀਕਾ ਵਰਗੇ ਦੁਨੀਆਂ ਦੇ ਬਿਹਤਰੀਨ ਮੁਲਕ ਵਿਚ ਰਹਿੰਦੇ ਹਾਂ ਤਾਂ ਸਾਨੂੰ ਚਾਹੀਦਾ ਹੇ ਕਿ ਅਸੀਂ ਉਹਨਾਂ ਦੀ ਬਾਂਹ ਫੜੀਏ। ਉਹ ਹਮੇਸ਼ਾ ਹੀ ਪੜ੍ਹਾਈ ਵਿਚ ਅੱਵਲ ਆਉਣ ਵਾਲੇ ਵਿਦਿਆਰਥੀਆਂ ਦੀ ਮਾਲੀ ਮਦਦ ਕਰਕੇ ਹੌਸਲਾ ਅਫਜ਼ਾਈ ਵੀ ਕਰਦੇ ਰਹਿੰਦੇ ਸਨ।




ਸੰਤੋਖ ਬੰਗੇ ਵੱਲੋਂ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਆਫ ਨਿਊਯਾਰਕ ਦੀ ਕਮੇਟੀ ਵਿਚ ਮੁੱਖ ਸਲਾਹਕਾਰ ਵਜੋਂ ਵੀ ਲੰਮੇ ਸਮੇਂ ਤੋਂ ਸੇਵਾਵਾਂ ਨਿਭਾਈਆਂ ਜਾ ਰਹੀਆਂ ਸਨ, ਜਿਸ ਕਾਰਨ ਸੰਗਤਾਂ ਵਿਚ ਉਹਨਾਂ ਪ੍ਰਤੀ ਬਹੁਤ ਜ਼ਿਆਦਾ ਸਤਿਕਾਰ ਸੀ। ਜਿੱਥੇ ਇਸ ਦੁੱਖ ਦੀ ਘੜੀ ਵਿਚ ਸਕੇ ਸਬੰਧੀਆਂ ਅਤੇ ਮਿੱਤਰਾਂ ਸੱਜਣਾਂ ਵੱਲੋਂ ਦੁੱਖ ਦਾ ਪ੍ਰਗਟ-ਾਵਾ ਕੀਤਾ ਜਾ ਰਿਹਾ ਹੈ, ਉਥੇ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਆਫ ਨਿਊਯਾਰਕ ਦੀ ਸਮੁੱਚੀ ਕਮੇਟੀ ਪ੍ਰਧਾਨ ਗੁਰਨਾਮ ਸਿੰਘ ਵਿਰਦੀ, ਸਕੱਤਰ ਪਰਮਜੀਤ ਲਾਲ ਫਿਲੌਰ, ਖਜਾਨਚੀ ਬੂਟਾ ਸਿੰਘ, ਵਾਈਸ ਪ੍ਰਧਾਨ ਮਨੋਹਰ ਲਾਲ ਕਲੇਰ, ਸੀਨੀਅਰ ਵਾਈਸ ਪ੍ਰਧਾਨ ਸੁੱਖ ਬਸਰਾ, ਨਿਰਮਲ ਸਿੰਘ ਸਾਬਕਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ, ਅਸ਼ਵਨੀ ਕੁਮਾਰ ਜੱਸਲ, ਰਵੀ ਕੁਮਾਰ, ਅਸ਼ੋਕ ਕੁਮਾਰ, ਸੁਰਜੀਤ ਚੰਦੜ, ਭੋਲਾ ਕਲੇਰ, ਕੇਵਲ ਸਿੰਘ, ਦੇਸ ਰਾਜ, ਸੁਰਿੰਦਰ ਕੁਮਾਰ, ਚਰਨਜੀਤ ਸਿੰਘ ਝੱਲੀ ਵੱਲੋਂ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ 347-837-7727, 917-337-5045, 917-497-4451 ਆਦਿ ਨੰਬਰਾਂ ’ਤੇ ਕਾਲ ਕੀਤੀ ਜਾ ਸਕਦੀ ਹੈ।ਅਦਾਰਾ ’ਦੇਸ਼ ਦੁਆਬਾ’ ਵੱਲੋਂ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿਚ ਦੁੱਖ ਸਾਂਝਾ ਕੀਤਾ ਜਾਂਦਾ ਹੈ।




ਕੁਝ ਸਮਾਂ ਪਹਿਲਾਂ ਯੂ. ਐਨ. ਓ. ਦੇ ਸਾਹਮਣੇ ਪ੍ਰੋਟੈਸਟ ਕਰਦੇ ਹੋਏ ਸੰਤੋਖ ਬੰਗਾ ਅਤੇ ਸਾਥੀ।

# ਹਿਊਸਟਨ ਪੁਲਿਸ ਵਿਭਾਗ ਵਿਚ ਸਿੱਖ ਆਪਣੇ ਧਾਰਮਿਕ ਚਿੰਨ ਸਮੇਤ ਕਰ ਸਕਣਗੇ ਨੌਕਰੀ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਹਿਊਸਟਨ, ਟੈਕਸਾਸ ਅਧਿਕਾਰੀਆਂ ਨੇ ਭਾਰਤੀ ਮੂਲ ਦੇ ਅਮਰੀਕੀ ਸਿੱਖਾਂ ਲਈ ਇਕ ਨਵੀਂ ਲਚਕਦਾਰ ਨੀਤੀ ਅਪਣਾਈ ਹੈ ਜਿਸ ਤਹਿਤ ਸਾਬਤ ਸੂਰਤ ਸਿੱਖ ਆਪਣੇ ਧਾਰਮਿਕ ਚਿੰਨ ਨਾਲ ਹੋਸਟਨ ਪੁਲਿਸ ਵਿਭਾਗ ਵਿਚ ਨੌਕਰੀ ਕਰ ਸਕਣਗੇ। ਇਹ ਜਾਣਕਾਰੀ ਸਿੱਖ ਅਮਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ (ਸਾਲਡੈਫ) ਨੇ ਦਿੱਤੀ ਹੈ। ਪ੍ਰੈਸ ਰਲੀਜ਼ ਅਨੁਸਾਰ ਟੈਕਸਾਸ ਵਿਚ ਹਿਊਸਟਨ ਪੁਲਿਸ ਵਿਭਾਗ ਸਭ ਤੋਂ ਵੱਡੀ ਲਾਅ ਇਨਫੋਰਸਮੈਂਟ ਏਜੰਸੀ ਹੈ। ਸਾਲਡੈਫ ਨੇ ਕਿਹਾ ਹੈ ਕਿ ਹੋਸਟਨ ਪੁਲਿਸ ਵਿਭਾਗ ਨੇ ਸਿੱਖਾਂ ਲਈ ਆਪਣੇ ਦਰਵਾਜ਼ੇ ਖੋਲ ਦਿੱਤੇ ਹਨ ਤੇ ਇਸ ਫੈਸਲੇ ਦਾ ਅਅਸਰ ਬਾਕੀ ਸ਼ਹਿਰਾਂ ਵਿਚ ਵੀ ਪਵੇਗਾ। ਇਸ



ਮੌਕੇ ਮੇਅਰ ਸਿਲਵੈਸਟਰ ਟਰਨਰ ਨੇ ਇਕ ਸਿਰਫਿਰੇ ਗੋਰੇ ਵੱਲੋਂ ਚਲਾਈਆਂ ਗੋਲੀਆਂ ਦਾ ਸ਼ਿਕਾਰ ਬਣੇ ਡਿਪਟੀ ਸੰਦੀਪ ਸਿੰਘ ਧਾਲੀਵਾਲ ਦੀਆਂ ਵਿਲਖਣ ਸੇਵਾਵਾਂ ਦੀ ਸ਼ਲਾਘਾ ਕੀਤੀ। ਉਨਾਂ ਇਕ ਪ੍ਰੈਸ ਕਾਨਫਰੰਸ ਵਿਚ ਸ਼ਾਨਦਾਰ ਸੇਵਾਵਾਂ ਲਈ ਧਾਲੀਵਾਲ ਦਾ ਧੰਨਵਾਦ ਕੀਤਾ। ਟਰਨਰ ਨੇ ਕਿਹਾ ਕਿ ਪੁਲਿਸ ਵਿਭਾਗ ਵਿਚ ਸਾਬਤ ਸੂਰਤ ਸਿੱਖਾਂ ਦੀ ਭਰਤੀ ਦਾ ਫੈਸਲਾ ਅਚਨਚੇਤ ਜਾਂ ਖੁਦ ਬਖੁਦ ਨਹੀਂ ਹੋਇਆ, ਇਸ ਦੀ ਨੀਂਹ ਸੰਦੀਪ ਸਿੰਘ ਧਾਲੀਵਾਲ ਵੱਲੋਂ ਕੀਤੇ ਗਏ ਕੰਮ ਨੇ ਰਖੀ ਸੀ। ਉਨਾਂ ਕਿਹਾ ਕਿ ਪਬਲਿਕ ਸੇਵਾਵਾਂ ਵਿਚ ਵੱਖ ਵੱਖ ਭਾਈਚਾਰਿਆਂ ਦੀ ਸ਼ਮੂਲੀਅਤ ਹੋਸਟਨ ਸ਼ਹਿਰ ਦੀ ਖਾਸੀਅਤ ਹੈ। ਸਾਲਡੈਫ ਦੀ ਐਗਜੈਕਟਿਵ ਡਾਇਰੈਕਟਰ ਕਿਰਨ ਕੌਰ ਗਿੱਲ ਨੇ ਕਿਹਾ ਕਿ ਭਿੰਨਤਾ ਤੇ ਆਪਣੇ ਆਪ ਵਿਚ ਸਮਾ ਲੈਣਾ ਬੁਨਿਆਦੀ ਅਮਰੀਕੀ ਆਦਰਸ਼ ਹਨ। ਹੋਸਟਨ ਪੁਲਿਸ ਵਿਭਾਗ ਨੇ ਇਨਾਂ ਆਦਰਸ਼ਾਂ ਨੂੰ ਕਾਇਮ ਰਖਿਆ ਹੈ ਤੇ ਮਜਬੂਤ ਕੀਤਾ ਹੈ। ਉਨਾਂ ਨੇ ਮੇਅਰ ਟਰਨਰ ਤੇ ਪੁਲਿਸ ਮੁੱਖੀ ਆਰਟ ਏਸਵੀਡੋ ਦਾ ਇਸ ਅਹਿਮ ਨੀਤੀ ਤਬਦੀਲੀ ਲਈ ਧੰਨਵਾਦ ਕੀਤਾ ਹੈ।

# 'ਛਣਕਾਟਾ ਵੰਗਾਂ ਦਾ 2020' 'ਤੇ ਹੋਵੇਗਾ ਜਗਦੇਵ ਭੰਡਾਲ, ਨੀਟਾ ਮਾਛੀਕੇ ਤੇ ਕੁਲਵੰਤ ਧਾਲੀਆਂ ਦਾ ਵਿਸ਼ੇਸ਼ ਸਨਮਾਨ

**ਫਰੀਮਾਂਟ (ਬਿਓਰੋ)–** 5 ਜਨਵਰੀ 2020, ਦਿਨ ਐਤਵਾਰ ਨੂੰ ਪੈਰਾਡਾਈਜ਼ ਬਾਲਰੂਮ, ਫਰੀਮਾਂਟ ਕੈਲੀਫੋਰਨੀਆਂ ਵਿਖੇ ਸ. ਅਮੋਲਕ ਸਿੰਘ ਗਾਖਲ, ਰਾਮ ਮੂਰਤੀ ਸਰੋਏ, ਐੱਸ.ਅਸ਼ੋਕ.ਭੌਰਾ ਤੇ ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਵਲੋਂ ਕਰਵਾਏ ਜਾਣ ਵਾਲੇ ਨਵੇਂ ਵਰ੍ਹੇ ਨੂੰ ਜੀ ਆਇਆਂ ਆਖਦੇ ਪ੍ਰੋਗਰਾਮ 'ਛਣਕਾਟਾ ਵੰਗਾਂ ਦਾ 2020' ਦੌਰਾਨ ਮੀਡੀਏ ਦੇ ਖੇਤਰ ਵਿਚ ਪੰਜਾਬੀ ਭਾਈਚਾਰੇ ਲਈ ਬਿਹਤਰੀਨ ਸੇਵਾਵਾਂ ਨਿਭਾਉਣ ਵਾਲੇ ਜਗਦੇਵ ਸਿੰਘ ਭੰਡਾਲ, ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ ਅਤੇ ਕੁਲਵੰਤ ਉੱਭੀ ਧਾਲੀਆਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਜਾਵੇਗਾ। ਪ੍ਰੋਗਰਾਮ ਦੇ ਮੁੱਖ ਅਯੋਜਕ ਐੱਸ.ਅਸ਼ੋਕ ਭੌਰਾ ਨੇ ਕਿਹਾ ਕਿ ਇਸੇ ਪ੍ਰੋਗਰਾਮ ਦਾ ਇਹ ਵੀ ਮਾਣ ਹੋਵੇਗਾ ਸੈਨੇਟ ਡਿਸਟ੍ਰਿਕ 5 ਤੋਂ ਉਮੀਦਵਾਰ ਤੇ ਕੈਲੀਫੋਰਨੀਆਂ 'ਚ ਪੰਜਾਬੀ ਭਾਈਚਾਰੇ ਦਾ ਮਾਣ ਮੈਨੀ ਗਰੇਵਾਲ ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਹੋਣਗੇ।









ਸਵੇਰੇ 11 ਵਜੇ ਤੋਂ ਦੇਰ ਸ਼ਾਮ ਤੱਕ ਚੱਲਣ ਵਾਲੇ ਇਸ ਸੰਗੀਤਕ ਅਤੇ ਲੋਕ ਨਾਚਾਂ ਦੀ ਪੇਸ਼ਕਾਰੀ ਵਾਲੇ ਪ੍ਰੋਗਰਾਮ ਵਿਚ ਸਭ ਨੂੰ ਸ਼ਾਮਿਲ ਹੋਣ ਦਾ ਨਿੱਘਾ ਸੱਦਾ ਦਿੰਦਿਆਂ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਇਹ ਪ੍ਰੋਗਰਾਮ ਪਰਿਵਾਰਾਂ ਲਈ, ਬੱਚਿਆਂ ਲਈ ਆਪਣੀ ਜ਼ੁਬਾਨ, ਸਾਹਿਤ ਅਤੇ ਸੱਭਿਆਚਾਰ ਨਾਲ ਜੁੜਨ ਦਾ ਇਕ ਸਿਹਤਮੰਦ ਮੰਚ ਹੈ।


ਵਧੇਰੇ ਜਾਣਕਾਰੀ ਲਈ ਫੋਨ ਨੰਬਰ ਮਨਵੀਰ ਭੌਰਾ 510 695 4836 ਅਤੇ ਅਨਮੋਲ ਭੌਰਾ ਨਾਲ 510 512 3401 'ਤੇ ਕਾਲ ਕੀਤੀ ਜਾ ਸਕਦੀ ਹੈ।

## ਨਾਟੋ ਦਾ ਖ਼ਰਚ ਸਹਿਯੋਗੀਆਂ 'ਤੇ ਪਾਉਣ ਦੀ ਤਿਆਰੀ 'ਚ ਅਮਰੀਕਾ

ਵਾਸ਼ਿੰਗਟਨ– ਅਮਰੀਕਾ ਅੰਤਰ ਸਰਕਾਰੀ ਫ਼ੌਜੀ ਗਠਜੋੜ ਉੱਤਰੀ ਅਟਲਾਂਟਿਕ ਸੰਧੀ ਸੰਗਠਨ (ਨਾਟੋ) ਦਾ ਖ਼ਰਚ ਮੈਂਬਰ ਦੇਸ਼ਾਂ 'ਤੇ ਪਾਉਣ ਦੀ ਤਿਆਰੀ 'ਚ ਲੱਗ ਗਿਆ ਹੈ। ਉਹ ਅਗਲੇ ਮਹੀਨੇ ਹੋਣ ਵਾਲੇ ਨਾਟੋ ਸਿਖਰ ਸੰਮੇਲਨ 'ਚ ਇਸ ਸੰਗਠਨ ਦੇ ਖਰਚ ਨੂੰ ਸਾਂਝਾ ਕਰਨ ਲਈ ਦਬਾਅ ਬਣਾਉਣਗੇ। ਨਾਲ ਹੀ ਨਾਟੋ ਦੇ ਵਿਕਾਸ ਦਾ ਵੀ ਜ਼ਿਕਰ ਕਰੇਗਾ। ਅਮਰੀਕੀ ਵਿਦੇਸ਼ ਮੰਤਰਾਲੇ ਨੇ ਮੰਗਲਵਾਰ ਨੂੰ ਕਿਹਾ ਕਿ ਨਾਟੋ ਦੀ 70ਵੀਂ ਵਰ੍ਹੇਗੰਢ ਦੇ ਮੌਕੇ 'ਤੇ ਤਿੰਨ ਤੋਂ ਚਾਰ ਦਸੰਬਰ ਤਕ ਲੰਡਨ 'ਚ ਹੋਣ ਵਾਲੇ ਸਿਖਰ ਸੰਮੇਲਨ 'ਚ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਵਿਦੇਸ਼ ਮੰਤਰੀ ਮਾਈਕ ਪੌਂਪੀਓ ਸ਼ਿਰਕਤ ਕਰਨਗੇ। ਇਸ ਸੰਮੇਲਨ 'ਚ ਨਾਟੋ ਦੇ ਸਾਰੇ ਮੈਂਬਰ ਦੇਸ਼ਾਂ ਦੇ ਨੇਤਾ ਵੀ ਹਿੱਸਾ ਲੈਣਗੇ। ਇਹ ਸੰਮੇਲਨ ਅਜਿਹੇ ਸਮੇਂ ਹੋਣ ਜਾ ਰਿਹਾ ਹੈ, ਜਦੋਂ ਇਸ ਗੁੱਟ ਦੀ ਏਕਤਾ ਸਵਾਲਾਂ ਦੇ ਘੇਰੇ 'ਚ ਹਨ। ਟਰੰਪ ਪ੍ਰਸ਼ਾਸਨ ਇਸ ਗੱਲ ਦੀ ਕਈ ਵਾਰੀ ਸ਼ਿਕਾਇਤ ਕਰ ਚੁੱਕਾ ਹੈ ਕਿ ਨਾਟੋ ਦੇ ਸਹਿਯੋਗੀ ਦੇਸ਼ ਅਮਰੀਕੀ ਫ਼ੌਜ ਦੀ ਸੇਵਾ ਮੁਫ਼ਤ ਲੈ ਰਹੇ ਹਨ।

## ਜਾਅਲੀ ਯੂਨੀਵਰਸਿਟੀ 'ਚ ਪੜ੍ਹ ਰਹੇ 90 ਵਿਦੇਸ਼ੀ ਵਿਦਿਆਰਥੀ ਗ੍ਰਿਫ਼ਤਾਰ

ਵਾਸ਼ਿੰਗਟਨ– ਅਮਰੀਕਾ ਦੀ ਇਕ ਜਾਅਲੀ ਯੂਨੀਵਰਸਿਟੀ 'ਚ ਦਾਖ਼ਲਾ ਲੈਣ 'ਤੇ 90 ਵਿਦੇਸ਼ੀ ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਨ੍ਹਾਂ ਵਿਦਿਆਰਥੀਆਂ 'ਚ ਸਭ ਤੋਂ ਜ਼ਿਆਦਾ ਗਿਣਤੀ ਭਾਰਤੀ ਵਿਦਿਆਰਥੀਆਂ ਦੀ ਸੀ। ਯੂਐੱਸ ਇਮੀਗ੍ਰੇਸ਼ਨ ਐਂਡ ਕਸਟਮਸ ਇਨਫੋਰਸਮੈਂਟ ਨੇ ਹੁਣ 250 ਤੋਂ ਜ਼ਿਆਦਾ ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ,




ਜਿੰਨਾਂ ਨੂੰ ਹੋਮਲੈਂਡ ਸੁਰੱਖਿਆ ਵਿਭਾਗ ਦੁਆਰਾ ਡੀਟਰੋਇਟ ਮੈਟਰੋਪੋਲੀਟਨ ਖੇਤਰ 'ਚ ਹੁਣ ਬੰਦ ਯੂਨੀਵਰਸਿਟੀ ਆਫ਼ ਫਾਰਮਿੰਗਟਨ 'ਚ ਦਾਖ਼ਲਾ ਲੈਣ ਲਈ ਪ੍ਰੇਰਿਆ। ICE ਨੇ ਮਾਰਚ 'ਚ 161 ਵਿਦਿਆਰਥੀਆਂ ਨੂੰ ਇਸ ਦੇ ਦੁਆਰਾ ਸਥਾਪਤ ਇਕ ਜਾਅਲੀ ਯੂਨੀਵਰਸਿਟੀ ਤੋਂ ਗ੍ਰਿਫ਼ਤਾਰ ਕੀਤਾ ਸੀ। ਜਦੋਂ ਇਸ ਨੂੰ ਮਾਰਚ 'ਚ ਬੰਦ ਕੀਤਾ ਗਿਆ ਸੀ, ਤਾਂ ਇਸ 'ਚ 600 ਭਾਰਤੀ ਸਨ।

A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

Law Office of
NIRWAN & ASSOCIATES
www.nirwanlaw.com



Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

# ਬਲਾਤਕਾਰੀ ਦੇ ਪਿਤਾ ਨੇ ਕਿਹਾ, 'ਜੇ ਮੇਰੇ ਪੁੱਤਰ ਨੇ ਅਜਿਹਾ ਕੀਤਾ ਤਾਂ ਉਸਨੂੰ ਫਾਂਸੀ ਹੋਵੇ'



ਹੈਦਰਾਬਾਦ ਡਾਕਟਰ ਕਤਲ ਕੇਸ ਵਿੱਚ ਚਾਰ ਮੁਲਜ਼ਮਾਂ ਵਿੱਚੋਂ ਤਿੰਨ ਮੁਲਜ਼ਮ ਇੱਕ ਹੀ ਪਿੰਡ ਦੇ ਰਹਿਣ ਵਾਲੇ ਹਨ। ਇਹਨਾਂ ਦਾ ਪਿੰਡ ਰਾਜਧਾਨੀ ਹੈਦਰਾਬਾਦ ਤੋਂ ਕਰੀਬ 160 ਕਿਲੋਮੀਟਰ ਦੂਰ ਹੈ। ਚੌਥਾ ਮੁਲਜ਼ਮ ਉਨ੍ਹਾਂ ਦੇ ਗੁਆਂਢ 'ਚ ਮੌਜੂਦ ਇੱਕ ਪਿੰਡ ਨਾਲ ਸਬੰਧਤ ਹੈ। ਹਾਲਾਂਕਿ ਇਹਨਾਂ ਪਰਿਵਾਰਾਂ ਦੀ ਪਛਾਣ ਅਸੀ ਅਜੇ ਜ਼ਾਹਿਰ ਨਹੀਂ ਕਰ ਸਕਦੇ ਕਿਉਂਕਿ ਮੁਲਜ਼ਮਾਂ ਦਾ ਮਾਮਲਾ ਅਦਾਲਤ ਵਿੱਚ ਹੈ ਅਤੇ ਉਹਨਾਂ ਨੂੰ ਅਜੇ ਦੋਸ਼ੀ ਨਹੀਂ ਠਹਿਰਾਇਆ ਗਿਆ ਹੈ।

ਪਿਛਲੇ ਕੁਝ ਦਿਨਾਂ ਤੋਂ ਇਸ ਘਟਨਾ ਦੇ ਸੁਰਖ਼ੀਆਂ 'ਚ ਆਉਣ ਤੋਂ ਬਾਅਦ ਅਤੇ ਉਸ ਤੋਂ ਬਾਅਦ ਮੁਲਜ਼ਮਾਂ ਨੂੰ ਉਹਨਾਂ ਦੇ ਪਿੰਡਾਂ ਤੋਂ ਪੁਲਿਸ ਦੀ ਹਿਰਾਸਤ 'ਚ ਲੈਣ ਦੇ ਬਾਅਦ ਤੋਂ ਮੀਡਿਆ ਨਾਲ ਜੁੜੇ ਲੋਕ ਇੱਥੇ ਆ ਰਹੇ ਹਨ। ਜਦੋਂ ਮੈਂ ਇਸ ਪਿੰਡ ਵਿੱਚ ਪਹੁੰਚੀ ਜਿਥੋਂ ਤਿੰਨੋਂ ਮੁਲਾਜ਼ਮਾਂ ਨੂੰ ਹਿਰਾਸਤ 'ਚ ਲਿਆ ਗਿਆ ਸੀ ਤਾਂ ਪਿੰਡ ਵਾਲਿਆਂ ਨੇ ਹੀ ਮੈਨੂੰ ਉਹਨਾਂ ਦੇ ਘਰ ਦਾ ਰਾਹ ਵਿਖਾਇਆ। ਪਰ ਪਿੰਡ ਵਾਸੀਆਂ ਨੇ ਕਿਹਾ ਕਿ ਉਨ੍ਹਾਂ ਨੂੰ ਅਜੇ ਵੀ ਇਸ ਗੱਲ ਦਾ ਯਕੀਨ ਨਹੀਂ ਹੋ ਰਿਹਾ ਕਿ ਉਨ੍ਹਾਂ ਦੇ ਪਿੰਡ ਦਾ ਕੋਈ ਵਿਅਕਤੀ ਇਸ ਤਰ੍ਹਾਂ ਦਾ ਘਿਨਾਉਣਾ ਅਪਰਾਧ ਕਰ ਸਕਦਾ ਹੈ। ਪਿੰਡ ਦੇ ਇੱਕ ਵਿਅਕਤੀ ਨੇ ਕਿਹਾ, "ਅਸੀਂ ਖੇਤੀਬਾੜੀ ਮਜ਼ਦੂਰ ਹਾਂ। ਗੁਜ਼ਾਰਾ ਕਰਨ ਲਈ ਸਾਨੂੰ ਹਰ ਕਿਸਮ ਦੀ ਮਜ਼ਦੂਰੀ ਕਰਨੀ ਪੈਂਦੀ ਹੈ।"





ਅਸੀਂ ਖੁੱਲੀ ਹੋਈ ਨਾਲੀਆਂ ਵਾਲੀ ਗਲੀ ਰਾਹੀਂ ਇੱਕ ਮੁਲਜ਼ਮ ਦੇ ਘਰ ਪਹੁੰਚੇ। ਮੁਲਜ਼ਮ ਦੀ ਮਾਂ ਫੂਸ ਦੀ ਛੱਤ ਨਾਲ ਬਣੀ ਇਸ ਦੋ ਕਮਰਿਆਂ ਵਾਲੀ ਝੌਂਪੜੀ ਦੇ ਇੱਕ ਕਮਰੇ ਵਿੱਚ ਅਰਾਮ ਕਰ ਰਹੀ ਹੈ। ਉਹ ਖੁਦ ਨੂੰ ਬੈਠ ਸਕਣ ਵਿੱਚ ਬੇਵੱਸ ਦੱਸਦੀ ਹੋਈ ਆਪਣੇ ਪਤੀ ਵੱਲ ਇਸ਼ਾਰਾ ਕਰਦੀ ਹੈ। ਮੁਲਜ਼ਮ ਦਾ ਪਿਤਾ ਦਿਹਾੜੀ ਮਜ਼ਦੂਰ ਹੈ, ਉਹ ਕਹਿੰਦਾ ਹੈ ਕਿ ਉਸਨੂੰ ਨਹੀਂ ਪਤਾ ਕਿ ਕੀ ਹੋਇਆ।

ਉਸਨੇ ਆਪਣੇ ਹੱਥ ਜੋੜਦਿਆਂ ਕਿਹਾ, "ਮੇਰੇ ਦੋ ਪੁੱਤਰ ਅਤੇ ਇੱਕ ਧੀ ਹੈ। ਜੇ ਕੱਲ੍ਹ ਮੇਰੀ ਧੀ ਨਾਲ ਅਜਿਹਾ ਹੁੰਦਾ ਹੈ, ਤਾਂ ਮੈਂ ਚੁੱਪ ਨਹੀਂ ਬੈਠਾਂਗਾ। ਇਸੇ ਲਈ ਮੈਂ ਚਾਹੁੰਦਾ ਹਾਂ ਕਿ ਜੇਕਰ ਮੇਰਾ ਪੁੱਤਰ ਨੇ ਅਜਿਹਾ ਕੀਤਾ ਹੈ ਜਿਵੇਂ ਦੱਸਿਆ ਜਾ ਰਿਹਾ ਹੈ ਤਾਂ ਉਸਨੂੰ ਫਾਂਸੀ ਦਿੱਤੀ ਜਾਵੇ।" ਉਸਨੇ ਸਾਨੂੰ ਦੱਸਿਆ ਕਿ ਆਖ਼ਰੀ ਵਾਰ ਆਪਣੇ ਪੁੱਤਰ ਨਾਲ ਉਹਨਾਂ ਦੀ ਗੱਲ 28 ਨਵੰਬਰ ਦੀ ਰਾਤ ਨੂੰ ਹੋਈ ਸੀ, ਜਦੋਂ ਉਹ ਕੰਮ ਤੋਂ ਘਰ ਪਰਤਿਆ ਸੀ।

ਉਹ ਕਹਿੰਦੇ ਹਨ, "ਮੇਰਾ ਬੇਟਾ ਮੈਨੂੰ ਸਭ ਕੁਝ ਨਹੀਂ ਦੱਸਦਾ। ਉਹ ਸੌਂ ਰਿਹਾ ਸੀ। ਪੁਲਿਸ ਆਈ ਅਤੇ ਅੱਧੀ ਰਾਤ ਨੂੰ ਮੇਰੇ ਪੁੱਤਰ ਨੂੰ ਲੈ ਗਈ। ਉਦੋਂ ਵੀ ਮੈਨੂੰ ਨਹੀਂ ਪਤਾ ਸੀ ਕਿ ਅਜਿਹਾ ਕੁਝ ਹੋਇਆ ਹੈ।" "ਜਦੋਂ ਪੁਲਿਸ ਨੇ ਮੈਨੂੰ ਥਾਣੇ ਬੁਲਾਇਆ ਤਾਂ ਮੈਨੂੰ ਕੇਸ ਬਾਰੇ ਸਭ ਕੁਝ ਪਤਾ ਲੱਗਿਆ। ਮੇਰੇ ਕੋਲ ਆਪਣੇ ਪੁੱਤਰ ਲਈ ਵਕੀਲ ਕਰਨ ਦੀ ਵੀ ਸਮਰੱਥਾ ਨਹੀਂ ਹੈ। ਮੈਂ ਇਹ ਕਰਨਾ ਵੀ ਨਹੀਂ ਚਾਹੁੰਦਾ। ਜੇਕਰ ਮੇਰੇ ਬੇਟੇ ਨੇ ਅਜਿਹਾ ਕੁਝ ਕੀਤਾ ਹੈ ਤਾਂ ਮੈਂ ਉਸ ਨੂੰ ਬਚਾਉਣ ਲਈ ਆਪਣੇ ਪੈਸੇ ਅਤੇ ਊਰਜਾ ਨਹੀਂ ਲਗਾਉਣਾ ਚਾਹੁੰਦਾ।"

## 'ਮੇਰੇ ਬੇਟੇ ਨੂੰ ਫ਼ਸਾਇਆ ਗਿਆ'

ਉਸੇ ਗਲੀ 'ਚ ਅੱਗੇ ਚੱਲ ਕੇ ਇੱਕ ਹੋਰ ਮੁਲਜ਼ਮ ਦਾ ਘਰ ਹੈ, ਜਿੱਥੇ ਉਹ ਆਪਣੇ ਪਰਿਵਾਰ ਨਾਲ ਰਹਿੰਦਾ ਸੀ। ਪੱਕੀ ਛੱਤ ਵਾਲਾ ਇਹ ਘਰ ਤਿੰਨ ਕਮਰਿਆਂ ਦਾ ਹੈ। ਮੁਲਜ਼ਮ ਦੀ ਮਾਂ ਅਤੇ ਉਸ ਦੀ ਪਤਨੀ ਘਰ ਦੇ ਸਾਹਮਣੇ ਖੁੱਲ੍ਹੇ ਹਿੱਸੇ ਵਿੱਚ ਬੈਠੇ ਹੋਏ ਸਨ। ਮੁਲਜ਼ਮ ਦੀ ਪਤਨੀ ਨੇ ਦੱਸਿਆ ਕਿ ਉਹ ਸੱਤ ਮਹੀਨੇ ਦੀ ਗਰਭਵਤੀ ਹੈ। ਉਸਨੇ ਕਿਹਾ, "ਸਾਡਾ ਪ੍ਰੇਮ ਵਿਆਹ ਹੋਇਆ ਸੀ। ਮੈਂ ਉਸ ਨੂੰ ਡੇਢ ਸਾਲ ਤੋਂ ਜਾਣਦੀ ਸੀ। ਅੱਠ ਮਹੀਨੇ ਪਹਿਲਾਂ ਸਾਡਾ ਵਿਆਹ ਹੋਇਆ। ਪਹਿਲਾਂ ਤਾਂ ਉਸ ਦੇ ਮਾਪੇ ਇਸ ਵਿਆਹ ਲਈ ਤਿਆਰ ਨਹੀਂ ਸਨ ਪਰ ਬਾਅਦ ਵਿੱਚ ਉਹ ਤਿਆਰ ਹੋ ਗਏ ਸਨ।"

ਮੁਲਜ਼ਮ ਦੀ ਮਾਂ ਨੇ ਨਾਲ ਹੀ ਕਿਹਾ ਕਿ ਉਸ ਦੇ ਬੇਟੇ ਨੂੰ ਕਿਡਨੀ ਦੀ ਬਿਮਾਰੀ ਹੈ ਅਤੇ ਪਿਛਲੇ ਦੋ ਸਾਲਾਂ ਤੋਂ ਉਸ ਦਾ ਇਲਾਜ ਚੱਲ ਰਿਹਾ ਸੀ। ਉਹਨਾਂ ਦੱਸਿਆ, "ਮੈਂ ਵਿਸ਼ਵਾਸ ਨਹੀਂ ਕਰ ਸਕਦੀ ਕਿ ਮੇਰਾ ਪੁੱਤਰ ਅਜਿਹਾ ਕਰ ਸਕਦਾ ਹੈ। ਮੇਰਾ ਮੰਨਣਾ ਹੈ ਕਿ ਕਿਸੇ ਨੇ ਉਸ ਨੂੰ ਜ਼ਬਰਦਸਤੀ ਸ਼ਰਾਬ ਪਿਆਈ ਅਤੇ ਫਿਰ ਉਸਨੂੰ ਇਸ ਕੇਸ ਵਿੱਚ ਫਸਾਇਆ।"

ਹਾਲਾਂਕਿ ਮੁਲਜ਼ਮ ਦੀ ਪਤਨੀ ਨੇ ਕਿਹਾ ਕਿ ਜਦੋਂ ਉਸਨੇ ਇਹ ਖ਼ਬਰ ਵੇਖੀ ਤਾਂ ਉਹ ਬਹੁਤ ਦੁਖੀ ਹੋਈ। ਉਸਨੇ ਕਿਹਾ, "ਪੀੜਤਾ ਵੀ ਮੇਰੇ ਵਰਗੀ ਔਰਤ ਸੀ। ਮੈਨੂੰ ਬਹੁਤ ਦੁਖ ਹੈ। ਮੈਂ ਇਸ ਬਾਰੇ ਗੱਲ ਨਹੀਂ ਕਰਨਾ ਚਾਹੁੰਦੀ ਕਿ ਮੇਰੇ ਪਤੀ ਨੇ ਅਜਿਹਾ ਕੀਤਾ ਜਾਂ ਨਹੀਂ। ਪਰ ਜੋ ਹੋਇਆ ਉਹ ਸਹੀ ਨਹੀਂ ਸੀ। ਮੈਨੂੰ ਨਹੀਂ ਪਤਾ ਕਿ ਅੱਗੇ ਕੀ ਹੋਵੇਗਾ।"

ਉਸੇ ਪਿੰਡ ਵਿੱਚ ਤੀਜੇ ਮੁਲਜ਼ਮ ਦਾ ਘਰ ਵੀ ਹੈ ਪਰ ਜਦੋਂ ਅਸੀਂ ਉੱਥੇ ਪਹੁੰਚੇ ਤਾਂ ਘਰ ਵਿੱਚ ਕੋਈ ਨਹੀਂ ਸੀ। ਮਾਪਿਆਂ ਨੇ ਕਿਹਾ, ਉਹ ਇਸ ਘਟਨਾ ਤੋਂ ਜਾਣੂ ਨਹੀਂ ਹਨ ਚੌਥੇ ਮੁਲਜ਼ਮ ਦਾ ਪਿੰਡ ਇਨ੍ਹਾਂ ਤਿੰਨਾਂ ਮੁਲਜ਼ਮਾਂ ਦੇ ਪਿੰਡ ਤੋਂ ਕੁਝ ਕਿਲੋਮੀਟਰ ਦੀ ਦੂਰੀ 'ਤੇ ਹੈ। ਉੱਥੇ ਪਹੁੰਚ ਕੇ ਅਸੀਂ ਉਨ੍ਹਾਂ ਦੇ ਘਰ ਵੱਲ ਚਲੇ ਗਏ।

ਮੁਲਜ਼ਮ ਦੇ ਮਾਪੇ ਇਸ ਇੱਕ ਕਮਰੇ ਵਾਲੇ ਘਰ ਦੇ ਬਾਹਰ ਬੈਠੇ ਸਨ। ਦੋਵੇਂ ਕਾਫ਼ੀ ਕਮਜ਼ੋਰ ਲੱਗ ਰਹੇ ਸਨ। ਨਾ ਹੀ ਉਸ ਦੇ ਪਿਤਾ ਕੁਝ ਬੋਲਣ ਲਈ ਰਾਜ਼ੀ ਹੋਏ ਅਤੇ ਨਾ ਹੀ ਉਸਦੀ ਮਾਂ। ਉਹ ਇਹ ਹੀ ਕਹਿੰਦੇ ਰਹੇ ਕਿ ਉਨ੍ਹਾਂ ਨੂੰ ਪੁੱਤਰ ਦੇ ਜੁਰਮ ਬਾਰੇ ਕੋਈ ਜਾਣਕਾਰੀ ਨਹੀਂ ਹੈ। ਮੁਲਜ਼ਮ ਦੀ ਮਾਂ ਨੇ ਕਿਹਾ, "ਉਹ ਆਮ ਤੌਰ 'ਤੇ ਘਰ ਨਹੀਂ ਰਹਿੰਦਾ ਸੀ। ਉਹ ਬਾਹਰੋਂ ਆ ਕੇ ਨਹਾਉਂਦਾ ਅਤੇ ਫਿਰ ਤੁਰ ਪੈਂਦਾ ਸੀ। ਅਸੀਂ ਉਸ ਤੋਂ ਹੋਰ ਕੁਝ ਜ਼ਿਆਦਾ ਨਹੀਂ ਪੁੱਛਦੇ ਸੀ ਕਿਉਂਕਿ ਘਰ ਵਿੱਚ ਕਮਾਉਣ ਵਾਲਾ ਉਹ ਹੀ ਸੀ।"

ਘਰ ਦੇ ਬਾਹਰ ਇਕੱਠੇ ਹੋਏ ਲੋਕਾਂ ਨੇ ਦੱਸਿਆ ਕਿ ਮਾਪਿਆਂ ਨੂੰ ਆਪਣੇ ਪੁੱਤਰ ਦੇ ਕੰਮ ਬਾਰੇ ਜ਼ਿਆਦਾ ਜਾਣਕਾਰੀ ਨਹੀਂ ਹੈ। ਮੁਲਜ਼ਮ ਦੇ ਪਿਤਾ ਨੇ ਦੱਸਿਆ ਕਿ ਉਨ੍ਹਾਂ ਦਾ ਪੁੱਤਰ 28 ਤਰੀਕ ਦੀ ਸ਼ਾਮ ਨੂੰ ਘਰ ਆਇਆ ਸੀ। ਉਹ ਦੱਸਦੇ ਹਨ, "ਉਸਨੇ ਸਾਨੂੰ ਦੱਸਿਆ ਕਿ ਉਹ ਜਿਸ ਟਰੱਕ ਨੂੰ ਚਲਾ ਰਿਹਾ ਸੀ ਉਸਦਾ ਐਕਸੀਡੈਂਟ ਹੋ ਗਿਆ। ਉਸਨੇ ਦੱਸਿਆ ਕਿ ਉਸਦੇ ਟਰੱਕ ਨੇ ਸਕੂਟਰ ਚਲਾ ਰਹੀ ਇੱਕ ਔਰਤ ਨੂੰ ਧੱਕਾ ਦਿੱਤਾ ਅਤੇ ਉਸ ਔਰਤ ਦੀ ਮੌਤ ਹੋ ਗਈ।"

"ਮੈਂ ਉਸ ਨੂੰ ਡਾਂਟਿਆ ਵੀ ਸੀ ਕਿ ਸਾਨੂੰ ਜ਼ਿੰਮੇਵਾਰੀ ਨਾਲ ਗੱਡੀ ਚਲਾਉਣੀ ਚਾਹੀਦੀ ਹੈ। ਇਹ ਪਹਿਲੀ ਵਾਰ ਸੀ ਜਦੋਂ ਉਸਨੇ ਸਾਨੂੰ ਆਪਣੇ ਬਾਰੇ ਕੁਝ ਦੱਸਿਆ ਸੀ। ਉਸੇ ਰਾਤ ਜਦੋਂ ਪੁਲਿਸ ਉਸ ਨੂੰ ਗ੍ਰਿਫ਼ਤਾਰ ਕਰਨ ਆਈ ਤਾਂ ਸਾਨੂੰ ਪਤਾ ਚੱਲਿਆ ਕਿ ਉਸਨੇ ਕੀ ਕੀਤਾ ਸੀ।" ਹਾਲਾਂਕਿ ਗੁਆਂਢੀਆ ਦਾ ਕਹਿਣਾ ਹੈ ਕਿ ਇਹ ਘਟਨਾ ਉਨ੍ਹਾਂ ਲਈ ਸਦਮੇ ਵਰਗੀ ਹੈ। ਇੱਕ ਗੁਆਂਢੀ ਨੇ ਕਿਹਾ, "ਮੈਨੂੰ ਹੈਰਾਨੀ ਨਹੀਂ ਹੈ ਕਿ ਮੇਰੇ ਗੁਆਂਢੀ ਨੇ ਅਜਿਹਾ ਕੀਤਾ ਕਿਉਂਕਿ ਉਹ ਸ਼ਰਾਬ ਦਾ ਆਦੀ ਸੀ। ਮੈਂ ਉਸ ਨੂੰ ਬਿਹਤਰ ਤਰੀਕੇ ਨਾਲ ਰਹਿਣ ਦੀ ਸਲਾਹ ਦਿੰਦਾ ਸੀ। ਮੈਂ ਉਸ ਨੂੰ ਦਸ ਸਾਲਾਂ ਤੋਂ ਜਾਣਦਾ ਸੀ। ਪਰ ਉਹ ਕਦੇ ਘਰ ਨਹੀਂ ਰਹਿੰਦਾ ਸੀ।"

ਮੁਲਜ਼ਮਾਂ ਨੂੰ ਫਿਲਹਾਲ 14 ਦਿਨਾਂ ਦੀ ਨਿਆਂਇਕ ਹਿਰਾਸਤ ਵਿੱਚ ਭੇਜਿਆ ਗਿਆ ਹੈ, ਜਿਸ ਤੋਂ ਬਾਅਦ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਜਾਵੇਗਾ। ਪੁਲਿਸ ਨੇ ਇਸ ਮਾਮਲੇ ਦੀ ਜਾਂਚ ਲਈ ਮੁਲਜ਼ਮਾਂ ਨੂੰ ਪੁਲਿਸ ਹਿਰਾਸਤ ਵਿੱਚ ਲੈਣ ਲਈ ਪਟੀਸ਼ਨ ਦਾਇਰ ਕੀਤੀ ਹੈ। ਪੁਲਿਸ ਮੁਲਜ਼ਮਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਇਸ ਮਾਮਲੇ ਵਿੱਚ ਕੁਝ ਨਹੀਂ ਕਹਿ ਰਹੀ।




# ਦੇਸ਼ ਦੁਆਬਾ

### 6 ਦਸੰਬਰ ਨੂੰ ਯਾਦ ਕਰਦਿਆਂ

## ਵੋਟ ਦਾ ਅਧਿਕਾਰ ਅਤੇ ਭਾਰਤੀ ਵੋਟਰ

6 ਦਸੰਬਰ ਨੂੰ ਹਰ ਸਾਲ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦੇ ਪ੍ਰੀਨਿਰਵਾਣ ਦਿਵਸ ਵਜੋਂ ਦੁਨੀਆਂ ਭਰ ਵਿਚ ਵੱਸੇ ਉਹਨਾਂ ਦੇ ਪ੍ਰਸੰਸਕ ਮਨਾਉਂਦੇ ਹਨ। ਇਸ ਦਿਨ ਨੂੰ ਇਸ ਕਰਕੇ ਵੀ ਵਿਸ਼ੇਸ਼ ਤੌਰ ਤੇ ਯਾਦ ਕੀਤਾ ਜਾਂਦਾ ਹੈ ਕਿਉਂਕਿ ਇਸ ਦਿਨ ਸਾਡੇ ਕੋਲੋਂ ਦੁਨੀਆਂ ਦੇ ਮਹਾਨ ਵਿਦਵਾਨ, ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰੀ ਮੁਲਕ ਦੇ ਸੰਵਿਧਾਨ ਦੇ ਰਚੇਤਾ ਅਤੇ ਸਮਾਜਿਕ ਕ੍ਰਾਂਤੀ ਲਿਆਉਣ ਵਾਲੇ ਡਾ. ਅੰਬੇਡਕਰ ਸਾਡੇ ਕੋਲੋਂ ਵਿੱਛੜ ਗਏ। ਭਾਰਤੀ ਸੰਵਿਧਾਨ ਦੇ ਨਿਰਮਾਣ ਤੋਂ ਪਹਿਲਾਂ ਬਾਬਾ ਸਾਹਿਬ ਡਾ. ਅੰਬੇਡਕਰ ਨੇ ਇਕ ਵੱਡਾ ਸਮਾਜਿਕ ਸੰਘਰਸ਼ ਵਿੱਢਿਆ ਅਤੇ ਭਾਰਤ ਵਿਚ ਨਸਲਵਾਦ ਵਾਂਗ ਪਾਈ ਜਾਂਦੀ ਸਦੀਆਂ ਪੁਰਾਣੀ ਜਾਤ-ਪਾਤੀ, ਛੂਤ-ਛਾਤ ਦੀ ਮਾੜੀ ਸਮਾਜਿਕ ਪ੍ਰਵਿਰਤੀ ਦੇ ਖਿਲਾਫ ਇਕ ਲੰਮਾ ਸੰਘਰਸ਼ ਕੀਤਾ, ਦੱਬੇ-ਕੁਚਲੇ ਲੋਕਾਂ ਨੂੰ ਜਾਗਰਿਤ ਕੀਤਾ ਅਤੇ ਉਹਨਾਂ ਨੂੰ ਬਰਾਬਰ ਦੇ ਅਧਿਕਾਰ ਦਿਵਾਏ, ਆਰਥਿਕ ਤੌਰ ਤੇ ਚੁੱਕਣ ਲਈ ਰਿਜ਼ਰਵੇਸ਼ਨ ਦੀ ਵਿਵਸਥਾ ਕਰਵਾਈ ਅਤੇ ਉਹਨਾਂ ਦਾ ਸ਼ਾਸਨ ਪ੍ਰਣਾਲੀ ਨਾਲ ਜੁੜਨ ਦਾ ਰਾਹ ਪੱਧਰਾ ਕੀਤਾ। ਭਾਰਤੀ ਸੰਵਿਧਾਨ ਵਿਚ ਵੋਟ ਦਾ ਅਧਿਕਾਰ ਹਰੇਕ ਨਾਗਰਿਕ ਨੂੰ ਬਰਾਬਰਤਾ ਦੇ ਆਧਾਰ ਤੇ ਦਿੱਤਾ ਗਿਆ ਹੈ। ਇਸ ਅਧਿਕਾਰ ਨੂੰ ਪ੍ਰਾਪਤ ਕਰਨ ਤੋਂ ਪਹਿਲਾਂ ਅੰਗਰੇਜ਼ ਸਰਕਾਰ ਨੇ ਭਾਰਤ ਵਿਚ ਵੋਟ ਪ੍ਰਣਾਲੀ ਆਰੰਭ ਕੀਤੀ ਸੀ ਪਰ ਉਹ ਵੋਟ ਪ੍ਰਣਾਲੀ ਸਮਾਜਿਕ, ਆਰਥਿਕ ਰੁਤਬੇ ਤੇ ਆਧਾਰਿਤ ਸੀ, ਇਸ ਕਰਕੇ ਉਸ ਦਾ ਕੋਈ ਅਰਥ ਨਹੀਂ ਰਹਿ ਗਿਆ ਸੀ। ਜਦੋਂ ਭਾਰਤ ਆਜ਼ਾਦ ਹੋਇਆ ਤਾਂ ਭਾਰਤ ਵਿਚ ਸਭ ਲਈ ਬਰਾਬਰ ਦੇ ਅਧਿਕਾਰ ਅਤੇ ਸਭ ਲਈ ਵੋਟ ਦੇ ਅਧਿਕਾਰ ਦੀ ਵਿਵਸਥਾ ਕੀਤੀ ਗਈ। ਇਹਨਾਂ ਅਧਿਕਾਰਾਂ ਨੇ ਭਾਰਤ ਵਿਚ ਸਭ ਤੋਂ ਵੱਡੀ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਕ੍ਰਾਂਤੀ ਲਿਆਂਦੀ ਕਿ ਹਰ ਨਾਗਰਿਕ ਨੂੰ ਬਰਾਬਰ ਕਰ ਦਿੱਤਾ ਅਤੇ ਸੱਤਾ ਤੱਕ ਹਰੇਕ ਨਾਗਰਿਕ ਦੀ ਪਹੁੰਚ ਲਈ ਬਰਾਬਰ ਦਾ ਰਸਤਾ ਪੱਧਰਾ ਕਰ ਦਿੱਤਾ। ਭਾਰਤ ਵਿਚ ਵੋਟਾਂ ਵਾਲੇ ਦਿਨ ਰਾਜਾ-ਰੰਕ ਇਕ ਬਰਾਬਰ ਹੁੰਦਾ ਹੈ। ਬਾਬਾ ਸਾਹਿਬ ਨੇ ਖੁਦ ਕਿਹਾ ਸੀ ਕਿ ਉਹ ਭਾਰਤ ਵਿਚੋਂ ਸਦੀਆਂ ਪੁਰਾਣੀ ਰਾਜਾਸ਼ਾਹੀ ਵਿਵਸਥਾ ਦਾ ਬੀਜ ਨਾਸ਼ ਕਰ ਦੇਣਗੇ। ਉਹਨਾਂ ਨੇ ਵੋਟ ਦਾ ਅਧਿਕਾਰ ਹਰੇਕ ਨਾਗਰਿਕ ਨੂੰ ਦੇ ਕੇ ਇਹ ਕਰ ਦਿਖਾਇਆ। ਭਾਰਤ ਵਿਚ ਬੇਸ਼ੱਕ ਹਾਲੇ ਵੀ ਸੱਤਾ ਤੇ ਕਾਬਜ ਲੀਡਰਾਂ ਦੇ ਬੱਚੇ ਅੱਗੇ ਸੱਤਾ ਤੇ ਆਪਣਾ ਅਧਿਕਾਰ ਸਮਝਦੇ ਸਨ ਪਰ ਬਾਬਾ ਸਾਹਿਬ ਦੀ ਸੋਚ ਨੇ ਰਾਜਾ ਅਤੇ ਰੰਕ ਵਿਚਲਾ ਫਰਕ ਮਿਟਾਉਂਦਿਆਂ ਇਕ ਆਮ ਆਦਮੀ ਦੇ ਲਈ ਵੀ ਸੱਤਾ ਦੇ ਦਰਵਾਜ਼ੇ ਖੋਲ੍ਹ ਦਿੱਤੇ। ਵੋਟ ਦਾ ਅਧਿਕਾਰ ਮਿਲਣ ਤੋਂ ਬਾਅਦ ਭਾਰਤ ਦੇ ਵੱਖ-ਵੱਖ ਖਿੱਤਿਆਂ ਤੋਂ ਅਜਿਹੇ ਪ੍ਰਤੀਨਿਧੀ ਵੀ ਚੁਣੀਆਂ ਹੋਈਆਂ ਸੰਸਥਾਵਾਂ ਵਿਚ ਪਹੁੰਚਦੇ ਹਨ, ਜਿਹੜੇ ਆਰਥਿਕ ਪੱਖੋਂ ਕਮਜ਼ੋਰ ਹਨ, ਜਿਹੜੇ ਦੱਬੇ-ਕੁਚਲੇ ਲਤਾੜੇ ਵਰਗਾਂ ਨਾਲ ਸਬੰਧਤ ਹਨ ਅਤੇ ਜਿਹੜੇ ਸੱਤਾ ਦੇ ਗਲਿਆਰਿਆਂ ਤੱਕ ਪਹੁੰਚਣ ਦਾ ਸੁਪਨਾ ਵੀ ਨਹੀਂ ਲੈ ਸਕਦੇ।

ਅਣਵੰਡੇ ਪੰਜਾਬ 'ਚ ਦਲਿਤ ਵਰਗ ਦੀ ਰਾਜਨੀਤੀ ਦੇ ਪਿਤਾਮਾ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਅਤੇ ਰਾਸ਼ਟਰੀ ਪੱਧਰ 'ਤੇ ਬਾਬਾ ਸਾਹਿਬ ਦੀ ਸਮਾਜਿਕ ਅਤੇ ਰਾਜਨੀਤਿਕ ਕ੍ਰਾਂਤੀ ਦੀ ਲਹਿਰ ਨੂੰ, ਉਹਨਾਂ ਤੋਂ ਬਾਅਦ ਸਾਹਿਬ ਸ੍ਰੀ ਕਾਂਸ਼ੀ ਰਾਮ ਨੇ ਅੱਗੇ ਵਧਾਇਆ। ਅੱਜ ਬੇਸ਼ੱਕ ਭਾਰਤ ਵਿਚ ਬਹੁਤ ਸਾਰੇ ਵਰਗ ਹਾਲੇ ਵੀ ਵਾਂਝੇ ਹਨ ਪਰ ਭਾਰਤੀ ਸੰਵਿਧਾਨ ਕਿਸੇ ਨਾਲ ਕੋਈ ਵਿਤਕਰਾ ਕਰਨ ਦੀ ਆਗਿਆ ਨਹੀਂ ਦਿੰਦਾ। ਇਸ ਕਰਕੇ ਜ਼ਰੂਰੀ ਹੈ ਕਿ ਬਾਬਾ ਸਾਹਿਬ ਦੇ ਵਿਚਾਰਾਂ ਨੂੰ ਅੱਗੇ ਵਧਾਈਏ, ਇਹਨਾਂ ਦਾ ਪ੍ਰਚਾਰ ਕਰੀਏ ਅਤੇ ਜਨਤਾ ਤੱਕ ਇਹ ਸੰਦੇਸ਼ ਪਹੁੰਚਾਈਏ ਕਿ ਭਾਰਤ ਤੇ ਸ਼ਾਸ਼ਨ ਉਹਨਾਂ ਦੀ ਇੱਛਾ ਅਤੇ ਮਰਜੀ ਨਾਲ ਹੀ ਕਿਸੇ ਦੁਆਰਾ ਕੀਤਾ ਜਾ ਸਕਦਾ ਹੈ। ਵੋਟਾਂ ਵਾਲੇ ਦਿਨ ਛੋਟੇ-ਮੋਟੇ ਲਾਲਚਾਂ ਨੂੰ ਤਿਆਗ ਕੇ ਇਹ ਵਿਚਾਰ ਕਰਕੇ ਵੋਟ ਦਈਏ ਕਿ ਭਾਰਤ ਦੇ ਬਿਹਤਰੀਨ ਭਵਿੱਖ ਲਈ ਕਿਹੜਾ ਉਮੀਦਵਾਰ ਅਤੇ ਕਿਹੜੀ ਪਾਰਟੀ ਵਧੀਆ ਕੰਮ ਕਰ ਸਕਦੀ ਹੈ।

ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਬਾਬਾ ਸਾਹਿਬ ਨੂੰ ਉਹਨਾਂ ਦੇ 63ਵੇਂ ਪ੍ਰੀਨਿਰਵਾਨ ਦਿਵਸ 'ਤੇ ਸ਼ਰਧਾ ਪੂਰਵਕ ਨਿੱਘੀ ਸ਼ਰਧਾਂਜਲੀ ਭੇਟ ਕਰਦਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

*ਲੜੀ ਨੰਬਰ-121*

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

## ਗ੍ਰਿਹਸਤ ਧਰਮ (ਫਰਜ) ਦੀ ਮਹਾਨਤਾ



ਅਵਤਾਰ ਸਿੰਘ ਮਿਸ਼ਨਰੀ
510-432-5827

ਗ੍ਰਿਹਸਤ-ਘਰਬਾਰ, ਪ੍ਰਵਾਰਕ ਜੀਵਨ। ਗ੍ਰਿਹਸਤੀ-ਘਰਬਾਰੀ, ਪ੍ਰਵਾਰਕ ਜੀਵਨ ਜੀਣ ਵਾਲਾ। ਭਾਈ ਕਾਹਨ ਸਿੰਘ ਨਾਭਾ ਗੁਰੂ ਗਿਆਂਨ ਦੁਆਰਾ ਲਿਖਦੇ ਹਨ ਕਿ ਗ੍ਰਿਹਸਤ ਦੀ ਗੁਰਮਤਿ ਵਿੱਚ ਵੱਡੀ ਮਹਿਮਾ ਹੈ, ਜੋ ਕਿਰਤੀ ਤੇ ਪ੍ਰਉਪਕਾਰੀ ਹੋ ਦੂਜਿਆਂ ਨੂੰ ਲਾਭ ਪਚਾਂਦੇ ਤੇ ਸੰਸਾਰ ਦੇ ਵਿਹਾਰਾਂ ਨੂੰ ਚੰਗੀ ਰੀਤ ਨਾਲ ਕਰਦੇ ਹਰ ਵੇਲੇ ਮਾਲਕ ਨੂੰ ਯਾਦ ਰੱਖਦੇ ਨੇ ਉਹ ਉਤਮ ਗ੍ਰਿਹਸਤੀ ਹਨ।

ਸ਼ਬਦ ਗੁਰੂ ਗ੍ਰੰਥ 'ਚ ਗ੍ਰਿਹਸਤ ਦੀ ਮਹਾਨਤਾ-ਨਾਮ ਭਾਵ ਰੱਬੀ ਨਿਯਮਾਂ ਨੂੰ ਧਾਰਨ ਵਾਲੇ ਹੀ ਅਸਲ ਗ੍ਰਿਹਸਤੀ ਹਨ-ਨਾਨਕ ਨਾਮੁ ਵਸਿਆ ਜਿਸੁ ਅੰਤਰਿ ਪਰਵਾਣੁ ਗਿਰਸਤ ਉਦਾਸਾ ਜੀਉ॥(ਮ:੫-੧੦੮) ਘਰ ਬਾਰ ਦਾ ਤਿਆਗ ਕਰ ਜੋਗੀ ਸਾਧੂ ਸੰਤ ਬਣ ਜਤੀ ਸਤੀ ਹੋਣ ਦਾ ਹੰਕਾਰ ਕਰਨਾ ਅਨਮੋਲ ਮਨੁੱਖਾ ਜਨਮ ਦੀ ਖੁਆਰੀ ਹੈ-ਜਤੀ ਸਦਾਵਹਿ ਜੁਗਤਿ ਨ ਜਣਹਿ ਛਡਿ ਬਹਹਿ ਘਰ ਬਾਰੁ॥(ਮ:੧-੪੬੯) ਗੁਰੂ ਗਿਆਨ ਲੈ, ਗ੍ਰਿਹਸਤ ਵਿੱਚ ਹੀ ਹਸਦੇ, ਖੇਡਦੇ, ਖਾਂਦੇ ਸੰਸਾਰਕ ਖੁਸ਼ੀਆਂ ਮਾਣਦੇ ਸਫਲ ਤੇ ਜੀਵਨ ਮੁਕਤਿ ਹੋਇਆ ਜਾ ਸਕਦਾ ਹੈ-ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥(ਮ:੫-੫੨੨) ਭੇਖ ਧਾਰ ਕੇ ਵਿਹਲੜ ਬਣ ਦੂਜਿਆਂ ਤੋਂ ਮੰਗਣ ਨਾਲੋਂ ਕਿਰਤੀ-ਗ੍ਰਿਹਸਤੀ ਹੋਣਾ ਕਿਤੇ ਚੰਗੈ ਜਿਸ ਤੋਂ ਲੋੜਵੰਦ ਵੀ ਵਰਸਾਏ ਜਾਂਦੇ ਤੇ ਇਹ ਸੋਝੀ ਸ਼ਬਦ ਵਿਚਾਰਨ ਵਾਲਿਆਂ ਨੂੰ ਹੀ ਪੈਂਦੀ ਵਰਨਾ ਭਰਮ ਭੁੱਲੇ ਰਹਿੰਦੇ ਹਨ-ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ॥ ਸਬਦਿ ਰਤੇ ਤਿਨਾ ਸੋਝੀ ਪਈ ਦੂਜੈ ਭਰਮਿ ਭੁਲਾਇ॥(ਮ:੩-੫੮੭) ਜੋ ਵਿਸ਼ੇ ਵਿਕਾਰਾਂ ਤੋਂ ਮੁਕਤ ਹੋ, ਗਿਆਨ, ਮਿਹਨਤ ਤੇ ਸੰਜਮ ਦੀ ਭਿਖਿਆ ਮੰਗਦਾ ਸਰੀਰ ਨੂੰ ਪੁੰਨ ਦਾਨ ਸਮਝਦੈ ਉਹ ਗ੍ਰਿਹਸਤੀ ਗੰਗਾ ਜਲ ਵਾਂਗ ਸਾਫ ਹੁੰਦਾ ਹੈ-ਸੋ ਗਿਰਹੀ ਜੋ ਨਿਗ੍ਰਹੁ ਕਰੈ॥ ਜਪੁ ਤਪੁ ਸੰਜਮੁ ਭੀਖਿਆ ਕਰੈ॥ ਪੁੰਨ ਦਾਨ ਕਾ ਕਰੇ ਸਰੀਰੁ॥ ਸੋ ਗਿਰਹੀ ਗੰਗਾ ਕਾ ਨੀਰੁ॥(ਮ:੧-੯੫੩) ਜਿਵੇਂ ਕੰਵਲ ਚਿੱਕੜ 'ਚ ਰਹਿ ਉਸ ਤੋਂ ਅਲਿਪਤ ਰਹਿੰਦੈ ਇਵੇਂ ਹੀ ਸੰਸਾਰੀ ਮੋਹ ਮਾਇਆ ਦੇ ਚਿਕੜ 'ਚ ਰਹਿੰਦਾ ਗ੍ਰਿਹਸਤੀ ਨਿਰਲੇਪ ਰਹਿੰਦੈ-ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ,ਤਿਉ ਵਿਚੇ ਗਿਰਹ ਉਦਾਸੁ॥(ਮ:੩-੯੪੯) ਮਨਮੁਖ ਘਰ ਬਾਰ ਛੱਡ ਹੋਰਨਾਂ ਤੇ ਆਸ ਰੱਖਦਾ, ਸਤਗੁਰੂ ਨੂੰ ਮਿਲੇ ਬਿਨਾ ਜੀਵਨ ਧਰਮ ਗਵਾਂਦਾ, ਦੁਰਮਤਿ ਦੀਆਂ ਘੁੰਮਣ ਘੇਰੀਆਂ 'ਚ ਫਸ, ਗਿਣਤੀ ਦੇ ਮੰਤ੍ਰ ਪਾਠ ਕਰਦਾ ਹੋਰ ਲਾਲਚੀ ਹੋ ਜਾਂਦੈ-ਮਨਮੁਖੁ ਲਹਰਿ ਘਰੁ ਤਜਿ ਵਿਗੁਚੈ ਅਵਰਾਂ ਕੇ ਘਰ ਹੇਰੈ॥ ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂੰਮਣ ਘੇਰੈ॥ ਦਿਸੰਤਰੁ ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ ਵਧੇਰੈ॥(ਮ:੧-੧੦੧੩)

ਬਾਬਾ ਫਰੀਦ ਦਾ ਸ਼ਲੋਕ ਕਿ ਸਨਿਆਸ ਨਾਲ ਰੱਬ ਮਿਲਦੈ-ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ॥ ਜਿੰਨੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ॥੧੦੩॥(੧੩੮੩) ਪਰ ਗੁਰੂ ਅਮਰਦਾਸ ਫੁਰਮਾਂਦੇ ਹਨ ਕਿ ਨੀਤ ਸਾਫ ਹੋਵੇ ਤਾਂ ਘਰ ਗ੍ਰਿਹਸਤ 'ਚ ਹੀ ਰੱਬੀ ਸੋਝੀ ਮਿਲ ਜਾਂਦੀ ਹੈ-ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ॥ ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤ ਰਾਸਿ ਕਰੇਇ॥੧੦੪॥(ਮ:੩-੧੩੮੩) ਗ੍ਰਿਹਸਤ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜਿਵੇਂ ਸਭ ਨਦੀਆਂ ਚੋਂ ਸਮੁੰਦਰ ਵੱਡਾ, ਪਹਾੜਾਂ ਚੋ ਸੁਮੇਰ ਪਰਬਤ, ਰੁੱਖਾਂ ਚੋਂ ਚੰਦਨ ਤੇ ਧਾਤਾਂ ਚੋਂ ਸੋਨਾ, ਪਛੀਆਂ ਚੋਂ ਹੰਸ ਤੇ ਮਿਰਗਾਂ ਚੋਂ ਸ਼ੇਰ, ਰਾਗਾਂ ਚੋਂ ਸਿਰੀ ਰਾਗ, ਗਿਆਨਾ ਧਿਆਨਾਂ ਚੋਂ ਗੁਰੂ ਗਿਆਨ ਧਿਆਨ, ਇਵੇਂ ਹੀ ਜਿੰਦਗੀ ਦੇ ਫਰਜਾਂ ਚੋਂ ਗ੍ਰਿਹਸਤ ਮਹਾਨ ਹੈ-

ਜੈਸੇ ਸਰ ਸਰਿਤਾ ਸਕਲ ਮੇ ਸਮੁੰਦ ਬਡੋ, ਮੇਰ ਮੇ ਸੁਮੇਰੁ ਬਡੋ ਜਗਤ ਬਖਾਨ ਹੈ।
ਤਰਵਰ ਬਿਖੇ ਜੈਸੇ ਚੰਦਨ ਬਿਰਖ ਬਡੋ, ਧਾਤਨ ਮੇ ਕਨਿਕ ਅਤਿ ਊਤਮ ਕੈ ਮਾਨ ਹੈ।
ਪੰਛਨਿ ਮੇ ਹੰਸ ਮ੍ਰਿਗ ਰਾਜਨ ਮੇ ਸ਼ਾਰਦੂਲ, ਰਾਗਨ ਮੇ ਸਿਰੀ ਰਾਗੁ ਪਾਰਸ ਪਖਾਨ ਹੈ।
ਗਯਾਨਨ ਮੇ ਗਯਾਨ ਅਰੁ ਧਯਾਨਨ ਮੇ ਧਯਾਨ ਗੁਰੁ, ਸਕਲ ਧਰਮ ਮੇ ਗ੍ਰਿਹਸਥ ਪ੍ਰਧਾਨ ਹੈ।(ਕਬਿਤ-੩੭੬)

ਜਿਵੇਂ ਸਵੇਰੇ ਰੁੱਖ ਤੋਂ ਪੰਛੀ ਉੱਡ ਜਾਂਦੇ ਤੇ ਰਾਤ ਨੂੰ ਆ ਰੁੱਖ ਤੇ ਹੀ ਬੈਠਦੇ, ਕੀੜੀ ਕੀੜਾ ਖੁੱਡ ਚੋਂ ਨਿਕਲ ਧਰਤੀ ਪਰ ਫਿਰਦੇ ਤੇ ਆਖਰ ਉਸੇ ਖੁੱਡ 'ਚ ਆ ਵੜਦੇ ਹਨ। ਬੱਚਾ ਮਾਂ ਬਾਪ ਨਾਲ ਰੁੱਸ ਬਾਹਰ ਚਲਾ ਜਾਂਦੈ ਪਰ ਭੁੱਖ ਲਗਦੇ ਹੱਠ ਤਿਆਗ ਪਛਤਾਉਂਦਾ ਘਰ ਆਉਂਦੈ, ਇਵੇਂ ਹੀ ਘਰ ਬਾਰ ਔਰਤ ਤਿਆਗ ਜੋ ਜੰਗਲ ਬਾਸੀ ਹੋ ਜਾਂਦੈ ਆਖਰ ਮੁੜ ਘਰ ਪ੍ਰਵਾਰ ਦਾ ਹੀ ਆਸਰਾ ਲੈਂਦਾ ਹੈ-

ਜੈਸੇ ਪ੍ਰਾਤ ਸਮੇ ਖਗ ਜਾਤ ਉਡਿ ਬਿਰਖ ਸੇ, ਬਹੁਰ-ਾਇ ਬੈਠਤ ਬਿਰਖ ਹੀ ਪੈ ਆਇ ਕੈ।
ਚੀਟੀ ਚੀਟਾ ਬਿਲ ਸੇ ਨਿਕਲ ਧਰ ਗਵਨ ਕਰੇ, ਬਹੁਰੋ ਪੈਸਤ ਜੈਸੇ ਬਿਲ ਹੀ ਮੇ ਜਾਇ ਕੈ।
ਲਰਕਾ ਲਰੈ ਕੈ ਰੂਠ ਜਾਤ ਤਾਤ ਮਾਤ ਸੰਗ, ਭੂਖ ਲਾਗੈ ਤਯਾਗੇ ਹਠ ਆਵੈ ਪਛਤਾਇ ਕੈ।
ਤੈਸੇ ਗ੍ਰਿਹ ਤਯਾਗ ਭਾਗ ਜਾਤਿ ਉਦਾਸ ਬਾਸ, ਆਸਰੋ ਤਕਤ ਪੁਨਿ ਗ੍ਰਿਸਤ ਕੋ ਧਾਇ ਕੈ।(ਕਬਿਤ-੫੪੮)

ਜਿਵੇਂ ਛਿਲਕੇ ਸਮੇਤ ਚੌਲ ਬੀਜੇ ਹਜਾਰ ਗੁਣਾਂ ਪੈਦਾ ਹੁੰਦੇ ਤੇ ਖਾਦ ਖੁਰਾਕ ਬਣ ਲੋਕਾਂ ਕਈ ਉਪਕਾਰੀ ਬਣਦੇ ਹਨ। ਛਿਲਕੇ ਸਮੇਤ ਚੌਲਾਂ ਨੂੰ ਕੀੜਾ ਨਹੀਂ ਲਗਦਾ, ਲੰਮੇ ਸਮੇ ਤੱਕ ਖਰਾਬ ਨਹੀਂ ਹੁੰਦੇ। ਛਿਲਕੇ ਚੋਂ ਨਿਕਲ ਟੁੱਟ ਮੈਲੇ ਹੋ ਜਾਂਦੇ ਤੇ ਰਿੱਝ ਕੇ ਖਤਮ ਹੋ ਜਾਂਦੇ ਹਨ। ਇਵੇਂ ਹੀ ਗੁਰੂ ਗਿਆਨ ਲੈ, ਰੱਬੀ ਨਿਯਮਾਂ ਸਮੇਤ ਘਰ ਹੀ ਸੰਜਮ 'ਚ ਰਹਿ ਜੀਵਨ ਸਫਲਾ ਪਰ ਘਰ ਬਾਰ ਛੱਡ, ਬਾਹਰ ਜੰਗਲੀਂ ਡੇਰੀਂ ਜਾਣ ਨਾਲ ਜੀਵਨ ਉਧਾਰ ਨਹੀਂ ਹੁੰਦਾ ਸਗੋਂ ਖਜਲ ਖੁਆਰੀ ਹੀ ਗਲ ਪੈਂਦੀ ਹੈ-

ਤੁਸ ਮੈਂ ਤੰਦੁਲ ਬੋਏ ਨਿਪਜੈ ਸਹੰਸ੍ਰ ਗੁਨੋ, ਦੇਹ ਧਾਰਿ ਕਰਤ ਹੈ ਉਪਕਾਰ ਜੀ।
ਤੁਸ ਮੈਂ ਤੰਦੁਲ ਨਿਰਬਿਘਨ ਨ ਲਾਗੈ ਘੁਨ ਰਾਖੈ ਰਹੈ ਚਿਰੰਕਾਲ ਹੋਤ ਨ ਬਿਕਾਰ ਜੀ।
ਤੁਸ ਮੈਂ ਨਿਕਸਿ ਹੋਇ ਭਗਨ ਮਲੀਨ ਰੂਪ, ਸ੍ਵਾਦ ਕਰਵਾਇ ਰਾਧੇ ਰਹੈਂ ਸੰਸਾਰ ਜੀ।
ਗੁਰ ਉਪਦੇਸ਼ ਗੁਰਸਿੱਖ ਗ੍ਰਿਹ ਮੈ ਬੈਰਾਗੀ, ਗ੍ਰਿਹ ਤਜਿ ਬਨ ਖੰਡ ਹੋਤ ਨ ਉਧਾਰ ਜੀ।
(ਕਬਿਤ-੧੨੧)

ਗ੍ਰਿਹਸਤੀ ਕਿਰਤ ਕਮਾਈ ਕਰਕੇ ਘਰ ਪ੍ਰਵਾਰ ਤੇ ਸੰਸਾਰ ਦਾ ਪੇਟ ਪਾਲਦਾ ਤੇ ਵਿਹਲੜ ਗਿਆਨ ਵਿਹੂਣੇ ਡੇਰੇਦਾਰ ਸਾਧ ਗ੍ਰਿਹਸਤੀਆਂ ਨੂੰ ਨਿੰਦਣ ਵਾਲੇ ਫਿਰ ਉਨ੍ਹਾਂ ਦੇ ਘਰਾਂ ਚੋਂ ਹੀ ਮੰਗਦੇ ਜਰਾ ਜਿੰਨੀ ਸ਼ਰਮ ਨਹੀਂ ਕਰਦੇ-ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੁ ਕੇ ਘਰਿ ਮੰਗਣਿ ਜਾਹੀਂ॥(ਵਾਰ-੧ ਪੌੜੀ-੪੦)

ਗਿਆਨ ਰਤਨਾਵਲੀ ਦੀ ੧੫ਵੀਂ ਪੌੜੀ 'ਚ ਲਿਖਿਆ ਹੈ ਕਿ ਭਾਈ ਜੱਗਾ ਨੇ ਗੁਰੂ ਅੰਗਦ ਦੀ ਸ਼ਰਣ ਆਇ ਅਰਜ਼ ਕੀਤੀ "ਜੇ ਤੁਸੀਂ ਬਚਨ ਕਰੋ ਤਾਂ ਮੈ ਘਰ ਬਾਰ ਛੱਡ ਫਕੀਰ ਹੋ ਜਾਵਾਂ ਕਿਉਂਕਿ ਮੈਨੂੰ ਇੱਕ ਜੋਗੀ ਨੇ ਆਖਿਆ ਹੈ ਕਿ ਘਰ ਬੰਧਨ ਰੂਪ ਹੈ। ਤੂੰ ਪ੍ਰਿਥਮੈ ਘਰ ਬਾਰ ਦਾ ਤਿਆਗ ਕਰ ਆਵੇਂ ਤਾਂ ਬਹੁੜੋਂ ਮੈ ਉਪਦੇਸ਼ ਕਰਸਾਂ" ਤਾਂ ਬਚਨ ਹੋਇਆ ਜੋਗ ਕੀਤਿਆਂ ਤੇ ਘਰ ਛਡਿਆਂ ਜੇ ਉਧਾਰ ਹੁੰਦਾ ਹੋਵੇ ਤਾਂ ਫਕੀਰ ਕਿਉਂ ਡੇਰੇ ਰੂਪੀ ਹੱਟੀਆਂ ਤੇ ਝਗੜਦੇ ਫਿਰਨ। ਗੁਰੂ ਜੀ ਬੋਲੇ ਜਿਵੇਂ ਕੰਵਲ ਜਲ 'ਚ ਰਹਿੰਦਾ, ਸੂਰਜ ਵੱਲ ਧਿਆਨ ਰੱਖਦੈ ਤੈਸੇ ਗੁਰਮੁਖ ਗ੍ਰਿਹਸਤ 'ਚ ਰਹੇ ਗੁਰੂ ਕੇ ਨਮਿਤ ਸੇਵਾ ਟਹਲ ਕਰ, ਜੀਵਨ ਸਫਲਾ ਕਰਦੇ ਹਨ।

ਨੋਟ-ਜਿੱਥੇ ਘਰ ਬਾਰ ਪ੍ਰਵਾਰ 'ਚ ਰਹਿ ਵਿਆਹ ਕਰਵਾ ਕੁਦਰਤੀ ਵਰਤਾਰੇ ਨੂੰ ਚਲਦਾ ਰੱਖਣਾ ਗੁਰਸਿੱਖ ਲਈ ਜਿੰਦਗੀ ਦਾ ਉਤਮ ਫਰਜ ਹੈ ਓਥੇ ਜੇ ਕਿਸੇ ਕਾਰਨ ਕਰਕੇ ਵਿਆਹ ਨਹੀਂ ਵੀ ਹੁੰਦਾ ਪਰ ਘਰ ਪ੍ਰਵਾਰ 'ਚ ਕਿਰਤ ਵਿਰਤ ਕਰਦਿਆਂ ਕੋਈ ਧਰਮ ਪ੍ਰਚਾਰ ਸਮਾਜ ਦੀ ਸੇਵਾ ਕਰਦੈ ਤਾਂ ਉਹ ਵੀ ਗੁਰਮਤਿ 'ਚ ਪ੍ਰਵਾਨ ਹੈ। ਜਿਵੇਂ ਭਾਈ ਗੁਰਦਾਸ, ਭਗਤ ਪੂਰਨ ਸਿੰਘ ਵਰਗੇ ਹੋਰ ਵੀ ਕਈ ਕਿਰਤੀ ਵਿਰਤੀ ਸਮਾਜ ਸੇਵੀ ਹੋਏ ਤੇ ਅਜੋਕੇ ਦੌਰ ਵਿੱਚ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਧਰਮ ਪ੍ਰਚਾਰਕ ਤੇ ਸਮਾਜ ਸੇਵੀ ਹਨ।





ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ

ਦੇਸ਼ ਦੁਆਬਾ ਵੱਲੋਂ

ਪ੍ਰਥਮ ਧੰਨਵਾਦ ਸਮਾਗਮ

21 ਦਸੰਬਰ, 2019 ਦਿਨ ਸ਼ਨਿਚਰਵਾਰ ਸ਼ਾਮੀ 3 ਵਜੇ ਤੋਂ 8 ਵਜੇ ਤੱਕ

Venue:- Raja Indian Cuisine

1275 W. Winton Ave. Hayward, CA 94545

*For more information, please contact:*

Prem K. Chumber, Editor-in-Chief 916-947-8920

E-mail : deshdoaba@yahoo.com www.deshdoaba.com




The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ





ਪਿਛਲੇ ਦਿਨੀਂ 108 ਸੰਤ ਸੁਰਿੰਦਰ ਦਾਸ ਜੀ ਨੇ ਸ੍ਰੀ ਰੇਸ਼ਮ ਚੰਦ ਜੱਖੂ, ਸ੍ਰੀ ਵਿਨੋਦ ਕੁਮਾਰ ਜੱਖੂ ਦੇ ਘਰ ਸਤਿਸੰਗ ਕੀਤਾ।ਇਸ ਮੌਕੇ ਦੀਆਂ ਕੁਝ ਯਾਦਗਾਰੀ ਤਸਵੀਰਾਂ।

## ਡਾ. ਭੀਮ ਰਾਓ ਅੰਬੇਡਕਰ ਦੀ ਚਰਨ ਛੋਹ ਪ੍ਰਾਪਤ ਭੂਮੀ ਅੰਬੇਡਕਰ ਭਵਨ ਵਿਖੇ 6 ਦਸੰਬਰ ਨੂੰ ਸ਼ਮਸ਼ੇਰ ਸਿੰਘ ਦੂਲੋ ਹੋਣਗੇ ਮੁੱਖ ਮਹਿਮਾਨ

**ਜਲੰਧਰ–** ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਦੀ ਚਰਨ ਛੋਹ ਪ੍ਰਾਪਤ ਭੂਮੀ ਅੰਬੇਡਕਰ ਭਵਨ, ਡਾ. ਅੰਬੇਡਕਰ ਰੋਡ, ਜਲੰਧਰ ਵਿਖੇ 6 ਦਿਸੰਬਰ ਨੂੰ ਸਵੇਰੇ 10 .00 ਵਜੇ ਅੰਬੇਡਕਰ ਭਵਨ ਟਰੱਸਟ ਵੱਲੋਂ ਉਨ੍ਹਾਂ ਦੇ 64 ਵੇਂ ਮਹਾਪਰਿਨਿਰਵਾਣ ਦਿਵਸ ’ਤੇ ਉਨ੍ਹਾਂ ਦੇ ਮਹਾਨ ਵਿਅਕਤੀਤਵ, ਦੇਸ਼ ਪ੍ਰਤੀ ਸੇਵਾਵਾਂ, ਸੰਘਰਸ਼ਾਂ, ਉਪਕਾਰਾਂ ਅਤੇ ਹੋਰ ਅਨੇਕਾਂ ਪ੍ਰਾਪਤੀਆਂ ਨੂੰ ਯਾਦ ਕਰਨ ਲਈ ਸਵੇਰੇ 10 .00 ਵਜੇ ਸ਼ਰਧਾਂਜਲੀ ਸਭਾ ਆਯੋਜਿਤ ਕੀਤੀ ਜਾ ਰਹੀ ਹੈ. ਯਾਦ ਰਹੇ ਬਾਬਾਸਾਹਿਬ ਡਾ. ਅੰਬੇਡਕਰ 27 ਅਕਤੂਬਰ, 1951 ਨੂੰ ਇਸ ਸਥਾਨ ’ਤੇ ਆਏ ਸਨ ਅਤੇ ਉਨ੍ਹਾਂ ਨੇ ਇਥੇ ਲੱਖਾਂ ਲੋਕਾਂ ਨੂੰ ਸੰਬੋਧਨ ਕੀਤਾ ਸੀ.



ਮਾਨਯੋਗ ਸ਼ਮਸ਼ੇਰ ਸਿੰਘ ਦੂਲੋ ਮੇਂਬਰ ਪਾਰਲੀਮੈਂਟ (ਰਾਜਸਭਾ) ਇਸ ਸਮਾਗਮ ਦੇ ਮੁਖ ਮਹਿਮਾਨ ਹੋਣਗੇ ਅਤੇ ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਦੇ ਵਿਧਾਇਕ ਮਾਨਯੋਗ ਸੁਸ਼ੀਲ ਰਿੰਕੂ ਸਮਾਗਮ ਦੀ ਪ੍ਰਧਾਨਗੀ ਕਰਨਗੇ। ਇਹ ਜਾਣਕਾਰੀ ਅੰਬੇਡਕਰ ਭਵਨ ਟਰੱਸਟ ਦੇ ਜਨਰਲ ਸਕੱਤਰ ਡਾ. ਜੀ. ਸੀ. ਕੌਲ ਨੇ ਇੱਕ ਪ੍ਰੈਸ ਬਿਆਨ ’ਚ ਦਿੱਤੀ। ਡਾ. ਕੌਲ ਨੇ ਕਿਹਾ ਕਿ ਸ਼ਰਧਾਂਜਲੀ ਸਭਾ ’ਚ ਬਹੁਤ ਸਾਰੀਆਂ ਸਭਾ ਸੋਸਾਇਟੀਆਂ ਦੇ ਆਗੂ ਸ਼ਾਮਲ ਹੋ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ ਸ਼ਰਧਾਂਜਲੀ ਸਮਾਗਮ ਵਿਚ ਅੰਬੇਡਕਰ ਮਿਸ਼ਨ ਸੋਸਾਇਟੀ ਅਤੇ ਆਲ ਇੰਡੀਆ ਸਮਤਾ ਸੈਨਿਕ ਦਲ ਵੀ ਸਹਿਯੋਗ ਕਰ ਰਹੇ ਹਨ ਅਤੇ ਮਿਸ਼ਨਰੀ ਗਾਇਕ ਜਗਤਾਰ ਵਰਿਆਣਵੀ ਗੀਤ ਸੰਗੀਤ ਰਾਹੀਂ ਬਾਬਸਾਹਿਬ ਦੇ ਜੀਵਨ ਤੇ ਚਾਨਣਾ ਪਾਉਣਗੇ। ਬਾਬਾ ਸਾਹਿਬ ਪ੍ਰਤੀ ਆਪਣੀ ਐਹਿਸਾਨਮੰਦੀ ਦਾ ਪ੍ਰਗਟਾਵਾ ਕਰਨ ਲਈ ਸਭ ਨੂੰ ਸ਼ਰਧਾਂਜਲੀ ਸਭਾ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ ਹੈ।

# ਸਮੁੰਦਰ ’ਚ ਤਾਪਮਾਨ ਵਧਿਆ, ਆਈਸਲੈਂਡ ਤੋਂ ਦੂਰ ਹੋਈਆਂ ਮੱਛੀਆਂ

**ਰਿਕਜਵਿਕ–** ਜਲਵਾਯੂ ਪਰਿਵਰਤਨ ਕਾਰਨ ਠੰਢੇ ਮੌਸਮ ਵਾਲੇ ਆਈਸਲੈਂਡ ਦੇ ਸਮੁੰਦਰੀ ਖੇਤਰ ਦਾ ਤਾਪਮਾਨ ਵੱਧਦਾ ਜਾ ਰਿਹਾ ਹੈ। ਨਤੀਜੇ ਵਜੋਂ ਮੱਛੀਆਂ ਦੀਆਂ ਕਈ ਕਿਸਮਾਂ ਇਸ ਟਾਪੂਨੁਮਾ ਦੇਸ਼ ਤੋਂ ਦੂਰ ਜਾ ਰਹੀਆਂ ਹਨ। ਇਸ ਨਾਲ ਇਥੋਂ ਦੇ ਮੱਛੀਆਂ ਦੇ ਕਾਰੋਬਾਰ ’ਤੇ ਵੱਡਾ ਅਸਰ ਦੇਖਣ ਨੂੰ ਮਿਲ ਰਿਹਾ ਹੈ।



ਖੋਜਕਰਤਾਵਾਂ ਅਨੁਸਾਰ ਆਈਸਲੈਂਡ ਚਾਰਾਂ ਪਾਸਿਆਂ ਤੋਂ ਸਮੁੰਦਰ ਨਾਲ ਘਿਰਿਆ ਹੈ। ਜਲਵਾਯੂ ਪਰਿਵਰਤਨ ਕਾਰਨ ਇਸ ਦੇ ਸਮੁੰਦਰ ਦਾ ਪਾਣੀ ਗਰਮ ਹੁੰਦਾ ਜਾ ਰਿਹਾ ਹੈ। ਪਿਛਲੇ 20 ਸਾਲਾਂ ਦੌਰਾਨ ਇਸ ਖੇਤਰ ਦੇ ਸਮੁੰਦਰ ਦੇ ਤਾਪਮਾਨ ਵਿਚ 1.8 ਤੋਂ 3.6 ਡਿਗਰੀ ਫਾਰਨਹੀਟ ਤਕ ਦਾ ਵਾਧਾ ਹੋਇਆ ਹੈ। ਆਈਸਲੈਂਡ ਯੂਨੀਵਰਸਿਟੀ ਵਿਚ ਐਂਥਰੋਪੋਲੋਜੀ ਦੇ ਪ੍ਰੋਫੈਸਰ ਗਿਸਲੀ ਪਲਸਨ ਨੇ ਕਿਹਾ ਕਿ ਮੱਛੀਆਂ ਨੇ ਸਾਨੂੰ ਖ਼ੁਸ਼ਹਾਲ ਬਣਾਇਆ ਪਰ ਜਲਵਾਯੂ ਪਰਿਵਰਤਨ ਕਾਰਨ ਪਾਣੀ ਗਰਮ ਹੋਣ ਨਾਲ ਕੁਝ ਮੱਛੀਆਂ ਠੰਢੇ ਪਾਣੀ ਦੀ ਭਾਲ ਵਿਚ ਦੂਜੇ ਪਾਸੇ ਰੁਖ਼ ਕਰ ਰਹੀਆਂ ਹਨ। ਇਕ ਹੋਰ ਖੋਜਕਰਤਾ ਕੇਰੀ ਥੀਰ ਜੌਨਸਨ ਨੇ ਕਿਹਾ ਕਿ ਮੱਛੀਆਂ ਉੱਤਰ ਵੱਲ ਜਾ ਰਹੀਆਂ ਹਨ ਜਿਥੇ ਸਮੁੰਦਰ ਦਾ ਪਾਣੀ ਠੰਢਾ ਹੈ। ਮੱਛੀਆਂ ਫੜਨ ਦੀ ਇਕ ਕਿਸ਼ਤੀ ਦੇ ਕੈਪਟਨ ਪੀਟਰ ਬਿਰਗਿਸਨ ਨੇ ਦੱਸਿਆ ਕਿ ਅਜਿਹਾ ਪਹਿਲੀ ਵਾਰ ਹੋਇਆ ਕਿ ਪਿਛਲੀ ਸਰਦੀ ਵਿਚ ਇਕ ਵੀ ਮੱਛੀ ਨਹੀਂ ਫੜੀ ਗਈ ਕਿਉਂਕਿ ਉਹ ਇਥੋਂ ਜਾ ਚੁੱਕੀਆਂ ਹਨ।

### ਕੇਪਲਿਨ ਮੱਛੀ ਜ਼ਿਆਦਾ ਪ੍ਰਭਾਵਿਤ

ਤਾਪਮਾਨ ਵਧਣ ਨਾਲ ਆਈਸਲੈਂਡ ਦੇ ਸਮੁੰਦਰ ਵਿਚ ਵੱਡੀ ਗਿਣਤੀ ਵਿਚ ਪਾਈ ਜਾਣ ਵਾਲੀ ਕੇਪਲਿਨ ਕਿਸਮ ਦੀ ਮੱਛੀ ਪ੍ਰਭਾਵਿਤ ਹੋਈ ਹੈ। ਠੰਢੇ ਪਾਣੀ ਵਿਚ ਪਾਈ ਜਾਣ ਵਾਲੀ ਇਹ ਮੱਛੀ ਇਸ ਖੇਤਰ ਤੋਂ ਇਕ ਤਰ੍ਹਾਂ ਨਾਲ ਗ਼ਾਇਬ ਹੁੰਦੀ ਜਾ ਰਹੀ ਹੈ। ਇਸੇ ਕਾਰਨ ਕਰ ਕੇ ਇਸ ਮੱਛੀ ਦੇ ਫੜਨ ’ਤੇ ਰੋਕ ਲਗਾ ਦਿੱਤੀ ਗਈ ਹੈ। ਇਹ ਆਈਸਲੈਂਡ ਤੋਂ ਦੂਜੀ ਸਭ ਤੋਂ ਜ਼ਿਆਦਾ ਬਰਾਮਦ ਹੋਣ ਵਾਲੀ ਮੱਛੀ ਹੈ। ਬਲੂ ਵ੍ਹਾਈਟਿੰਗ ਮੱਛੀ ਵੀ ਗ੍ਰੀਨਲੈਂਡ ਦੇ ਨੇੜਲੇ ਸਮੁੰਦਰ ਵੱਲ ਜਾ ਰਹੀ ਹੈ।

### 2017 ’ਚ ਰਿਹਾ ਇਕ ਹਜ਼ਾਰ ਕਰੋੜ ਦਾ ਕਾਰੋਬਾਰ

ਯੂਰਪੀ ਦੇਸ਼ ਆਈਸਲੈਂਡ ਉੱਤਰੀ ਐਟਲਾਂਟਿਕ ਵਿਚ ਸਥਿਤ ਹੈ। ਇਸ ਨੂੰ 1944 ਵਿਚ ਡੈਨਮਾਰਕ ਤੋਂ ਆਜ਼ਾਦੀ ਮਿਲੀ ਸੀ। ਸਾਢੇ ਤਿੰਨ ਲੱਖ ਤੋਂ ਜ਼ਿਆਦਾ ਆਬਾਦੀ ਵਾਲੇ ਇਸ ਟਾਪੂਨੁਮਾ ਦੇਸ਼ ਦੀ ਉੱਨਤੀ ਵਿਚ ਮੱਛੀਆਂ ਦੇ ਕਾਰੋਬਾਰ ਦਾ ਵੱਡਾ ਯੋਗਦਾਨ ਹੈ ਪ੍ਰੰਤੂ ਇਸ ਠੰਢੇ ਖੇਤਰ ’ਤੇ ਜਲਵਾਯੂ ਪਰਿਵਰਤਨ ਦਾ ਅਸਰ ਪੈ ਰਿਹਾ ਹੈ। 2017 ਵਿਚ ਆਈਸਲੈਂਡ ਦੇ ਸਭ ਤੋਂ ਵੱਡੇ ਤੱਟੀ ਇਲਾਕੇ ਲੈਂਡਸਬੈਂਕਇਨ ਤੋਂ 14.3 ਕਰੋੜ ਡਾਲਰ (ਕਰੀਬ ਇਕ ਹਜ਼ਾਰ ਕਰੋੜ ਰੁਪਏ) ਦੀ ਕੇਪਲਿਨ ਮੱਛੀ ਵੇਚੀ ਗਈ ਸੀ।

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

SPECIAL BIT INSPECTION AND DOT AUDIT COMPLIANCE:
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

# ਕਮਲ ਦੇਵ ਪਾਲ ਦੀ ਪੁਸਤਕ ਦਾ ਅੰਗਰੇਜ਼ੀ ਅਨੁਵਾਦ ਲੋਕ ਅਰਪਣ

ਪੰਜਾਬੀ ਸਾਹਿਤ ਸਭਾ ਯੂਬਾ ਸਿਟੀ ਅਤੇ ਅੰਤਰਰਾਸ਼ਟਰੀ ਗਰੁਪ ਸਾਂਝਾ ਪਿਆਰ ਦੀਆਂ ਨੇ ਬੀਤੇ ਐਤਵਾਰ ਮਿਤੀ 1 ਦਸੰਬਰ 2019 ਨੂੰ ਕਮਲ ਦੇਵ ਪਾਲ ਦੀ 'ਦਿਨ ਪਰਤ ਆਉਣਗੇ' ਪੁਸਤਕ ਦਾ ਅੰਗਰੇਜ਼ੀ ਅਨੁਵਾਦ "DAYS WILL COME BACK" ਨੂੰ ਲੋਕ ਅਰਪਣ ਕੀਤਾ ਗਿਆ। ਇਸ ਪੁਸਤਕ ਨੂੰ ਸਰਵ ਸ੍ਰੀ ਪਿਆਰਾ ਸਿੰਘ ਗੋਸ਼ਲ, ਸਰਦਾਰ ਜਸਪਾਲ ਸੂਸ ਅਤੇ ਹਰਬੰਸ ਸਿੰਘ ਜਿਗਿਆਸੂ ਜੀ ਨੇ ਆਪਣੇ ਕਰ ਕਮਲਾਂ ਨਾਲ ਰਿਲੀਜ ਕੀਤਾ। ਇਸ ਤੋਂ ਬਾਅਦ ਪੰਜਾਬੀ ਜੀ,ਜੋ ਕੀ ਅਜ-ਕਲ ਸਿਹਤ ਖਰਾਬ ਹੋਣ ਕਰਕੇ ਚਲ ਫਿਰ ਨਹੀਂ ਸਕਦੇ ਦਾ, ਉਹਨਾਂ ਦੇ ਘਰ ਜਾ ਕੇ ਹਰਬੰਸ ਸਿੰਘ ਜਗਿਆਸੂ ਜੀ ਤੇ ਸਭਾ ਦੇ ਹੋਰ ਮੈਂਬਰਾਂ ਨੇ, ਉਹਨਾਂ ਦੀਆਂ ਸਹਿਤਕ ਤੇ ਸਭੀਆਚਰਕ ਗਤੀ ਵਿਧੀਆਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਸਨਮਾਨ ਕੀਤਾ।

ਇਸ ਤੋਂ ਉਪਰੰਤ ਕਵੀ ਦਰਬਾਰ ਸ਼ੁਰੂ ਹੋਇਆ ਜਿਸ ਦੀ ਸ਼ੁਰੂਆਤ ਸਰਦਾਰ ਜਸਪਾਲ ਸੂਸ ਨੇ ਖ਼ੂਬਸੂਰਤ ਨਜ਼ਮ ਨਾਲ ਕੀਤੀ। ਰਚਨਾਵਾਂ ਦੇ ਦੌਰ ਵਿੱਚ ਅਨੂਪ ਸਿੰਘ




ਗ਼ਜ਼ਲ ਦੇ ਉਸਤਾਦ ਸ਼ਾਇਰ ਕਮਲ ਦੇਵ ਪਾਲ ਦਾ ਸਨਮਾਨ ਅੰਤਰਰਾਸ਼ਟਰੀ ਗਰੁਪ ਸ਼ਾਂਝਾ ਪਿਆਰ ਦੀਆਂ ਨੇ ਬਹੁਤ ਹੀ ਚਰਚਿਤ ਪੁਸਤਕ DAYS WILL COME BACK ਵਾਸਤੇ ਕੀਤਾ ਨਾਲ ਹੀ ਪੰਜਾਬੀ ਸਾਹਿਤ ਸਭਾ ਯੂਬਾ ਸਿਟੀ ਵੱਲੋਂ ਵੀ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੀ ਸੇਵਾ ਵਾਸਤੇ ਕਮਲ ਦੇਵ ਪਾਲ ਦਾ ਸਨਮਾਨ ਕੀਤਾ।

ਇਸ ਉਪਰੰਤ ਪੰਜਾਬੀ ਭਾਈਚਾਰੇ ਦੀਆਂ ਉੱਘੀਆਂ ਹਸਤੀਆਂ ਹਰਭਜਨ ਸਿੰਘ ਗਿੱਲ ਅਤੇ ਰਣਜੀਤ ਸਿੰਘ ਜੋਹਲ ਦਾ ਵੀ ਸਨਮਾਨ ਕੀਤਾ ਗਿਆ। ਇਨ੍ਹਾਂ ਦੋਹਾਂ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਨੌਜਵਾਨਾ ਨੂੰ ਖੇਡਾਂ ਨਾਲ ਜੋੜਿਆ। ਸਿਰਫ ਪੰਜਾਬੀ ਹੀ ਨਹੀਂ ਇਨ੍ਹਾਂ ਨੇ ਗੋਰਿਆਂ ਅਤੇ ਮੈਕਸੀਕਣ ਮੂਲ ਦੇ ਨੌਜਵਾਨਾਂ ਨੂੰ ਵੀ ਸਾਕਰ (ਫੁੱਟਬਾਲ) ਅਤੇ ਹੋਰ ਖੇਡਾਂ ਦੀ ਸਿਖਲਾਈ ਦਿੱਤੀ । ਇਹ ਦੋਵੇਂ ਰੇਡੀਓ ਅਤੇ ਟੈਲੀਵੀਜ਼ਨ ਉੱਪਰ ਵੀ ਲਗਾਤਾਰ ਆਪਣੇ ਵਿਚਾਰ ਰੱਖ ਰਹੇ ਹਨ।

ਉੱਘੇ ਗੀਤਕਾਰ ਤੇ ਸਿੰਗਰ ਜੁਗਿੰਦਰ ਪਰਦੇਸੀ ਚੀਮਾ, ਹਰਬੰਸ ਸਿੰਘ ਜਿਗਿਆਸੂ, ਨਰ ਦਿਆਲ ਸਰਪੰਚ, ਪਿਆਰਾ ਸਿੰਘ ਗੋਸ਼ਲ, ਜਗਤਾਰ ਸੰਧੂ, ਜਤਿੰਦਰ ਢਿੱਲੋਂ, ਰਜਿੰਦਰ ਸਹੋਤਾ, ਸੁਖਦੇਵ ਢਿੱਲੋਂ , ਅਮਰਜੀਤ ਔਜਲਾ ਜੀ ਨੇ ਆਪਣੀ ਆਪਣੀ ਹਾਜ਼ਰੀ ਲਗਵਾਈ। ਅੰਤ ਵਿੱਚ ਮਹਿਮਾਨ ਸ਼ਾਇਰ ਕਮਲ ਦੇਵ ਪਾਲ ਨੇ ਆਪਣੀਆਂ ਨਜ਼ਮਾਂ ਅਤੇ ਗ਼ਜ਼ਲਾਂ ਨਾਲ ਸ੍ਰੋਤਿਆਂ ਦਾ ਦਿਲ ਜਿੱਤ ਲਿਆ।

ਸ੍ਰੋਤਿਆਂ ਦੀ ਭਰਵੀਂ ਹਾਜ਼ਰੀ ਨੇ ਇਸ ਸਮਾਗਮ ਨੂੰ ਚਾਰ ਚੰਦ ਲਾਏ। ਪਰਬੰਧਕਾਂ ਨੇ ਇਸ ਤਰਾਂ ਦੇ ਹੋਰ ਵੀ ਸਮਾਗਮ ਆਉਣ ਵਾਲੇ ਸਮੇਂ ਵਿੱਚ ਕਰਵਾਉਣ ਦਾ ਵਾਧਾ ਵਾਅਦਾ ਕੀਤਾ। ਮੰਚ ਦਾ ਸੰਚਾਲਕ ਸਰਦਾਰ ਜਸਪਾਲ ਸੂਸ ਨੇ ਬਹੁਤ ਆਲ੍ਹਾ ਨਿਭਾਇਆ।

ਅਖੀਰ ਵਿੱਚ ਹਰਬੰਸ ਸਿੰਘ ਜਿਗਿਆਸੂ ਜੀ ਨੇ ਹਾਜ਼ਰ ਲੇਖਕਾਂ ਅਤੇ ਸ੍ਰੋਤਿਆਂ ਦਾ ਧੰਨਵਾਦ ਕੀਤਾ ਅਤੇ ਵਾਅਦਾ ਕੀਤਾ ਕਿ ਆਉਣ ਵਾਲੇ ਸਮਿਆਂ ਵਿੱਚ ਵੀ ਉਹ ਇਹੋ ਜਿਹੇ ਪਰੋਗਰਾਮ ਅਯੋਜਤ ਕਰਦੇ ਰਹਿਣਗੇ।

# ਜਲ ਸੈਨਾ ਦੀ ਪਹਿਲੀ ਮਹਿਲਾ ਪਾਇਲਟ ਬਣੀ ਸ਼ਿਵਾਂਗੀ

ਨਵੀਂ ਦਿੱਲੀ- ਭਾਰਤੀ ਜਲ ਸੈਨਾ ਨੂੰ ਅੱਜ ਸਬ ਲੈਫ਼ਟੀਨੈਂਟ ਸ਼ਿਵਾਂਗੀ ਦੇ ਰੂਪ 'ਚ ਆਪਣੀ ਪਹਿਲੀ ਮਹਿਲਾ ਪਾਇਲਟ ਮਿਲ ਗਈ ਹੈ। ਟਵਿੱਟਰ 'ਤੇ ਅੱਜ ਸ਼ਿਵਾਂਗੀ ਨੂੰ ਵੱਡੀ ਗਿਣਤੀ ਲੋਕਾਂ ਨੇ ਵਧਾਈਆਂ ਦਿੱਤੀਆਂ। ਉਸ ਨੇ ਕੋਚੀ ਵਿਚ ਡਿਊਟੀ ਸੰਭਾਲੀ ਹੈ। ਸਬ



ਲੈਫ਼ਟੀਨੈਂਟ ਸ਼ਿਵਾਂਗੀ ਨਿਗਰਾਨੀ ਰੱਖਣ ਵਾਲਾ ਡੋਰਨੀਅਰ ਏਅਰਕ੍ਰਾਫਟ ਉਡਾਏਗੀ। ਮੂਲ ਰੂਪ ਵਿਚ ਉਹ ਬਿਹਾਰ ਦੇ ਮੁਜ਼ੱਫ਼ਰਪੁਰ ਦੀ ਰਹਿਣ ਵਾਲੀ ਹੈ। ਉਸ ਨੂੰ ਜਲ ਸੈਨਾ ਦੇ ਕੋਚੀ ਬੇਸ ਵਿਚ ਸ਼ਾਮਲ ਕਰਨ ਮੌਕੇ ਵਿਸ਼ੇਸ਼ ਸਮਾਗਮ ਕੀਤਾ ਗਿਆ।


## 'ਦੇਸ਼ ਦੁਆਬਾ'

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com


# ਵਿਪਸਾਅ ਵਲੋਂ ਸਾਹਿਤਕ ਮਿਲਣੀ

ਬੀਤੇ ਐਤਵਾਰ, ਵਿਪਸਾ ਇੰਕ ਦੀ ਮਹੀਨੇਵਾਰ ਸਾਹਿਤਕ ਬੈਠਕ, ਮੌਨਟੇਨ ਮਾਇਕ ਪੀਜ਼ਾ ਰੈਸਟੋਰੈਂਟ, ਹਰਕੁਲੀਜ਼ ਕੈਲੀਫੋਰਨੀਆ ਵਿਖੇ ਹੋਈ। ਵਾਰਸ਼ਿਕ ਗਲੋਬਲ ਵਿਪਸਾ ਕਾਨਫਰੰਸ ਸੰਬੰਧਿਤ ਏਜੰਡੇ ਅਨੁਸਾਰ, ਤਿੱਖੇ ਵਾਰਤਾਲਾਪ ਵਿਚ ਨੇਪਰੇ ਚੜ੍ਹੀ। ਮੁੱਖ ਤੌਰ ਤੇ ਇਸ ਵਿਸ਼ੇ ਬਾਰੇ ਜਿੱਥੇ ਇਹ ਚਰਚਾ ਹੋਈ ਕਿ ਇਸ ਵਿਚ ਹੋਏ ਪੰਜ ਸੈਸ਼ਨਾਂ ਨੂੰ ਵੱਖ ਵੱਖ ਸੰਚਾਲਕਾਂ ਰਾਹੀਂ ਤੋੜ ਚਾੜ੍ਹਨ ਪ੍ਰਤੀ ਪਰਬੰਧਕਾਂ ਵਲੋਂ ਅਣਗਹਿਲੀ ਹੋਈ ਹੈ ਉੱਥੇ ਹੀ ਲਾਜ ਨੀਲਮ ਸੈਣੀ ਦੁਆਰਾ ਸਮੁੱਚੇ ਸੰਚਾਲਨ ਨੂੰ ਤੋੜ ਤੀਕ ਨੇਪਰੇ ਚਾੜ੍ਹਨ ਦੀ ਪ੍ਰਤਿਭਾ ਅਤੇ ਸ਼ਮਤਾ ਦੀ ਵੀ ਪੁਰਜ਼ੋਰ ਸ਼ਲਾਘਾ ਕੀਤੀ ਗਈ। ਇਸ ਕਾਨਫਰੰਸ ਨੂੰ ਇਸ ਖੇਤਰ ਵਿਚ ਪਿਛਲੇ ਨੌਂ ਸਾਲਾਂ ਮਗਰੋਂ ਇਕ ਸਫਲ, ਬਾਮਕਸਦ, ਪ੍ਰਯੋਗਜਨਕ ਅਤੇ ਲੋਕਪ੍ਰੀਆ ਬਣਾਉਣ ਲਈ ਇਸ ਦੇ ਸੰਚਾਲਕਾਂ ਨੂੰ ਮੁਬਾਰਕਬਾਦ ਦਿੱਤੀ ਗਈ। ਸਵੇਰ ਦੇ 11 ਵਜੇ ਤੋਂ ਸ਼ਾਮ ਦੇ 10 ਵਜੇ ਤੀਕ ਹੋਈ ਇਸ ਕਾਨਫਰੰਸ ਵਿਚ ਸ਼ਾਮਲ ਹੋਏ ਸਾਹਿਤਕਾਰਾਂ, ਬੁਧੀਜੀਵੀਆਂ, ਸਾਹਿਤ ਰਸੀਆਂ, ਪੰਜਾਬੀ ਭਾਸ਼ਾ, ਸਾਹਿਤ ਅਤੇ ਪੰਜਾਬੀ ਸੰਗੀਤ ਦੇ ਸ਼ੈਦਾਈਆਂ ਦਾ ਧੰਨਵਾਦ ਕੀਤਾ ਗਿਆ। ਗੁਰੂ ਨਾਨਕ ਦੇਵ ਜੀ ਦੇ 550ਵੇਂ ਸ਼ੁਭ ਆਗਮਨ ਨੂੰ ਸਮਰਪਿਤ ਹੋਇਆ ਪਹਿਲਾ ਸੈਸ਼ਨ ਹਾਸਿਲ-ਏ-ਕਾਨਫਰੰਸ ਸੀ। ਅਕੈਡਮੀ ਵਲੋਂ ਪ੍ਰਕਾਸ਼ਿਤ ਪੁਸਤਕ, 'ਅਮਰੀਕੀ ਪੰਜਾਬੀ ਕਵਿਤਾ-ਭਾਗ ਦੂਜਾ' ਇਕ ਪ੍ਰਾਪਤੀ ਸਿੱਧ ਹੋਈ ਜਿਸ ਵਿਚ ਅਮਰੀਕਾ ਦੇ 59 ਪ੍ਰਤੀਨਿੱਧ ਕਵੀਜਨ ਆਪੋ ਆਪਣੇ ਕਲਾਮ ਨਾਲ ਸੁਰਜੀਤ ਹਨ। ਬੈਠਕ ਵਿਚ ਉਹਨਾਂ ਚੇਤੰਨ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ ਗਿਆ ਜਿੰਨ੍ਹਾਂ ਨੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਇਸ ਦੁਨੀਆਂ ਵਿਚ ਪ੍ਰਫੁੱਲਤ ਰੱਖਣ ਹਿਤ ਫੰਡਰੇਜ਼ਿੰਗ ਦੌਰਾਨ, ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੀ ਮਾਲੀ ਸਹਾਇਤਾ ਨਾਲ ਹੌਸਲਾ ਅਫ਼ਓਮਪ;ਜ਼ਾਈ ਕੀਤੀ ਜਿੰਨ੍ਹਾਂ ਵਿਚ ਵਿਸ਼ੇਸ਼ ਤੌਰ ਤੇ ਸੁਰਿੰਦਰ ਧਨੋਆ, ਗੁਰਦੀਪ ਸਿੰਘ ਸੇਖੋਂ, ਲਾਲੀ ਧਨੋਆ, ਡਾ. ਬਲਵਿੰਦਰ ਸਿੰਘ, ਡਾ.ਅਜੀਤਪਾਲ ਸੰਧੂ, ਹੋਠੀ ਫਰਾਈਟਸ, ਹਰਿੰਦਰਜੀਤ ਸਿੰਘ ਆਹਲੂਵਾਲੀਆ, ਮਹਿੰਗਾ ਸਿੰਘ ਅਤੇ ਬਲਜਿੰਦਰ ਸਿੰਘ ਆਦਿ ਸ਼ਾਮਿਲ ਹਨ। ਅਦਾਰਾ ਵਿਪਸਾ ਵਲੋਂ ਪੰਜਾਬ ਟਾਇਮਜ਼, ਸਾਡੇ ਲੋਕ, ਦੇਸ਼ ਦੁਆਬਾ ਅਤੇ ਸਾਂਝੀ ਸੋਚ ਜਿਹੇ ਸੁਚੇਤ ਮੀਡੀਏ ਦਾ ਇਸ ਵਿਦੇਸ਼ ਵਿਚ ਸਾਡੇ ਵਲੋਂ ਆਯੋਜਿਤ ਕੀਤੀ ਗਈ ਵਾਰਸ਼ਿਕ ਗਲੋਬਲ ਕਾਨਫਰੰਸ ਵਿਚ ਨੇਪਰੇ ਚਾੜ੍ਹੇ ਗਏ ਵੱਖ ਵੱਖ ਸੈਸ਼ਨਾਂ ਦੀ ਕਾਰਵਾਈ ਨੂੰ ਲਗਾਤਾਰ ਤਿੰਨ ਹਫਤਿਆਂ ਤੱਕ ਲੋਕ ਅਰਪਣ ਕਰਨ ਪ੍ਰਤੀ ਧੰਨਵਾਦ ਕੀਤਾ ਗਿਆ। ਇਹ ਆਸ ਵੀ ਕੀਤੀ ਗਈ ਕਿ ਇੱਥੋਂ ਦੀਆਂ ਹੋਰ ਸਾਰੀਆਂ ਪੱਤਰਕਾਵਾਂ ਵੀ ਸਾਡੇ ਇਸ ਯਤਨ ਨੂੰ ਆਪੋ ਆਪਣੀਆਂ ਪੱਤਰਕਾਵਾਂ ਵਿਚ ਯੋਗ ਥਾਂ ਦੇ ਜਿੱਥੇ ਆਪਣੀ ਮਾਤ ਭਾਸ਼ਾ ਪ੍ਰਤੀ ਇੱਧਰਲੀ ਦੁਨੀਆਂ ਵਿਚ ਹੋ ਰਹੀ ਚੇਤਨਤਾ ਨੂੰ ਜਾਗਰੂਕ ਰੱਖਣ ਵਿਚ ਸਹਾਈ ਹੁੰਦੇ ਹੋਏ ਸਾਨੂੰ ਧੰਨਵਾਦ ਦਾ ਪਾਤਰ ਬਣਾਉਣਗੀਆਂ।



ਬੈਠਕ ਦੇ ਸਾਹਿਤਕ ਸੈਸ਼ਨ ਵਿਚ ਚਰਨਜੀਤ ਸਿੰਘ ਪੰਨੂ ਨੇ ਦੋ ਵਿਅੰਗਆਤਮਿਕ ਕਵਿਤਾਵਾਂ ਦਾ ਪਾਠ ਕੀਤਾ। ਗੁਰਦੇਵ ਸਿੰਘ ਘਣਗਸ ਜੀ ਨੇ ਤਨਜ਼ੀਆ ਸ਼ੈਲੀ ਵਿਚ ਇਕ ਮੁੱਲਵਾਨ ਰਚਨਾ ਕਹੀ ਜਿਸ ਦਾ ਮਤਲਾ, 'ਗੁੰਮ ਨੇ ਗੁੰਮ ਨੇ ਗੁੰਮ ਨੇ ਸਜਣੋਂ ਮੇਰੀਆਂ ਕੁਝ ਕਵਿਤਾਵਾਂ/ਲੋਕਾਂ ਤੀਕ ਨਾ ਪੁੰਹਚਣ ਦੇਵਣ, ਸਾਡੀਆਂ ਸਹਿਤ ਸਭਾਵਾਂ' ।ਮਹਿੰਦਰ ਸਿੰਘ ਸੰਘੇੜਾ ਜੀ ਨੇ ਵੀ ਆਪਣੀ ਰਚਨਾ ਦਾ ਮੁੱਲ ਪਵਾਇਆ। ਕਮਲਪਾਲ ਦੇਵ ਨੇ ਭਾਰਤੀ-ਸੰਸਕ੍ਰਿਤੀ ਉੱਪਰ ਆਪਣੀ ਸੱਜਰੀ ਸੋਚ ਦਾ ਪ੍ਰਗਟਾਅ ਕੀਤਾ।ਤਾਰਾ ਸਾਗਰ ਨੇ ਦੋ ਕਵਿਤਾਵਾਂ ਸੁਣਾਈਆਂ ਅਤੇ ਅਮਰਜੀਤ ਪੰਨੂ ਨੇ ਇਕ ਅਰਸਾ ਪਹਿਲੇ ਲਿਖੀ ਕਵਿਤਾ, 'ਰੂਹ ਦੀ ਆਵਾਜ਼' ਨਾਲ ਹਾਜ਼ਰੀ ਭਰੀ।ਲਾਜ ਨੀਲਮ ਸੈਣੀ ਨੇ ਆਪਣੀ ਸੱਜਰੀ ਕਾਵਿ ਪੁਸਤਕ, 'ਅਕਸ' ਚੋਂ ਦੋ ਮਨਭਾਂਉਦੀਆਂ ਕਵਿਤਾਵਾਂ ਦਾ ਪਾਠ ਕੀਤਾ। ਕੁਲਵਿੰਦਰ ਨੇ ਕੁਝ ਸੱਜਰੇ ਸ਼ਿਅਰਾਂ ਨਾਲ ਸਮਾਂ ਬੰਨਿਆ ਅਤੇ ਹਰਭਜਨ ਢਿੱਲੋਂ ਨੇ ਵੀ ਆਪਣੀ ਸੱਜਰੀ ਕਾਵਿ ਪੁਸਤਕ, 'ਸੁਲਘਦੀ ਅੱਗ ' ਵਿਚੋਂ ਇਕ ਗ਼ਜ਼ਲ ਰਾਹੀਂ ਸ਼ਰਸ਼ਾਰ ਕੀਤਾ। ਇਸ ਮਹੀਨੇਵਾਰ ਬੈਠਕ ਦੀ ਸੰਚਾਲਨਾ ਜਿੱਥੇ ਲਾਜ ਨੀਲਮ ਸੈਣੀ ਨੇ ਪੂਰੇ ਜਲ-ਓ-ਜਲਾਲ ਨਾਲ ਕੀਤੀ ਉੱਥੇ ਹੀ ਹਰਭਜਨ ਸਿੰਘ ਢਿੱਲੋਂ ਨੇ ਇਸ ਸਮਾਗਮ ਦੀ ਪ੍ਰਧਾਨਗੀ ਕਰਨ ਦੇ ਨਾਲ ਨਾਲ ਜਿਸ ਆਸ਼ੇ ਨਾਲ ਮੇਜ਼ਵਾਨੀ ਕੀਤੀ ਉਹ ਵਿਪਸਾ ਦੇ ਇਤਿਹਾਸ ਵਿਚ ਇਕ ਮੀਲ ਪੱਥਰ ਵਜੋਂ ਕਾਇਮ ਰਹੇਗਾ।


AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Trans-mission, Body and Paint Work We Sell Used Cars at a Good Price



Free Estimates
Free Towing

510- 733- 2222

1421 Industrial PKWY West#F Hayward, CA 94544



Prop: Jasbir Singh Takhar
510-755-2132

Harmandeep Singh

# ਨਵੋਦਿਆ ਵਿਦਿਆਲਿਆ ਤਲਵੰਡੀ ਮਾਧੋ ਵਿੱਚ ਕਰਵਾਈ ਅਲੂਮਨੀ ਮੀਟ








ਜਵਾਹਰ ਨਵੋਦਿਆ ਵਿਦਿਆਲਿਆ ਤਲਵੰਡੀ ਮਾਧੋ ਵਿੱਚ ਪੁਰਾਣੇ ਵਿਦਿਆਰਥੀਆਂ ਦੀ ਮਿਲਣੀ ਆਯੋਜਿਤ ਕੀਤੀ ਜਿਸ ਵਿੱਚ ਵੱਡੀ ਗਿਣਤੀ ਵਿਚ ਵਿਦਿਆਰਥੀ ਸ਼ਾਮਿਲ ਹੋਏ ਜਿਨ੍ਹਾਂ ਦਾ ਸਵਾਗਤ ਸੀਤਾ ਰਾਮ ਬਾਂਸਲ ਨੇ ਕੀਤਾ। ਸਕੂਲ ਦੇ ਵਿਦਿਆਰਥੀਆਂ ਨੇ ਸਵਾਗਤੀ ਗੀਤ ਪੇਸ਼ ਕੀਤਾ। ਖਚਾਖਚ ਭਰੇ ਪੰਡਾਲ ਵਿੱਚ ਕਰਵਾਏ ਇਸ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੇ ਹਰਿਆਣਵੀ ਡਾਂਸ, ਗਿੱਧਾ, ਭੰਗੜਾ, ਗਗਨ, ਹਰਨੂਰ ਤੇ ਤੁਸ਼ਾਰ ਨੇ ਡਾਂਸ ਪੇਸ਼ ਕਰਕੇ ਦਰਸ਼ਕਾਂ ਨੂੰ ਕੀਲੀ ਰੱਖਿਆ। ਪੁਰਾਣੇ ਵਿਦਿਆਰਥੀਆਂ ਵਿੱਚੋਂ ਸਿਮਰਜੀਤ ਸਿੰਘ, ਕੇਸਰ, ਰਜਿੰਦਰ, ਪ੍ਰਿੰਸ, ਅਨੀਤਾ ਤੇ ਐਡਵੋਕੇਟ ਸਤਨਾਮ ਸੁਮਨ ਨੇ ਇਸ ਸਕੂਲ ਵਿੱਚ ਬਿਤਾਏ ਦਿਨਾਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਤੇ ਅਧਿਆਪਕਾਂ ਦਾ ਕਹਿਣਾ ਮੰਨਣ, ਸਾਰੇ ਕੰਮ ਸਮੇਂ ਸਿਰ ਕਰਨ ਤੇ ਸਮੇਂ ਦੀ ਸੁਚੱਜੀ ਵਰਤੋਂ ਕਰਨ ਲਈ ਕਿਹਾ।

ਪ੍ਰਿੰਸੀਪਲ ਅਸ਼ੋਕ ਕੁਮਾਰ ਲੱਧੜ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਾਰੇ ਪੁਰਾਣੇ ਵਿਦਿਆਰਥੀਆਂ ਦਾ ਡਾਟਾ ਤਿਆਰ ਕੀਤਾ ਜਾਵੇਗਾ ਤਾਂ ਜ਼ੋ ਉਨ੍ਹਾਂ ਦੇ ਤਜਰਬਿਆਂ ਤੋਂ ਵਿਦਿਆਰਥੀਆਂ ਨੂੰ ਜਾਣੂੰ ਕਰਵਾਇਆ ਜਾ ਸਕੇ। ਹਰ ਇੱਕ ਮਨੁੱਖ ਲਾਵੇ ਇੱਕ ਰੁੱਖ ਮੁਹਿੰਮ ਤਹਿਤ ਆਏ ਹੋਏ ਵਿਦਿਆਰਥੀਆਂ ਨੇ ਬੂਟੇ ਲਾਏ ਜਿਸ ਵਿੱਚ ਪ੍ਰਿੰਸੀਪਲ ਲੱਧੜ, ਮਲਕੀਤ ਸਿੰਘ ਐਸ ਡੀ ਓ, ਵਿਨੇ ਕੁਮਾਰ, ਜਸਪ੍ਰੀਤ ਸਿੰਘ,ਨਰੰਜਣ ਕੌਰ, ਸ੍ਰੀ ਬਾਂਸਲ, ਪ੍ਰਦੀਪ ਕੁਮਾਰ, ਪਰਵਿੰਦਰ ਸਿੰਘ, ਪ੍ਰੇਮ ਸਾਗਰ, ਮਧੂ ਬਾਲਾ, ਲਵਨੀਸ਼ ਲਾਂਬਾ, ਸਰੋਜ ਕੁਮਾਰੀ, ਰਜਿੰਦਰ ਕੌਰ, ਸਤਿੰਦਰ ਕੁਮਾਰ, ਅਮਿਤ ਕੁਮਾਰ, ਵਿਮਲ ਕੁਮਾਰ, ਜਸਵੀਰ ਸਿੰਘ, ਜਸਵਿੰਦਰ ਕੌਰ, ਰੀਤੂ ਆਦਿ ਸ਼ਾਮਲ ਸਨ।

## ਪੰਜਾਬ ਬੁਧਿਸਟ ਸੁਸਾਇਟੀ ਵੱਲੋਂ ਬਾਬਾ ਸਾਹਿਬ ਡਾ.ਅੰਬੇਡਕਰ ਦਾ ਪ੍ਰੀਨਿਰਵਾਣ ਦਿਵਸ 6 ਦਸੰਬਰ ਨੂੰ



**ਲੁਧਿਆਣਾ–** ਪੰਜਾਬ ਬੁਧਿਸਟ ਸੁਸਾਇਟੀ (ਰਜਿ.) ਪੰਜਾਬ ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆਂ ਲੁਧਿਆਣਾ ਵੱਲੋਂ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ 64ਵਾਂ ਪ੍ਰੀਨਿਰਵਾਣ 6 ਦਸੰਬਰ 2019 ਨੂੰ ਸਵੇਰੇ 11 ਵਜੇ ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆ ਵਿਖੇ ਬਹੁਤ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਸ਼ਰਧਾਂਜਲੀ ਭੇਂਟ ਕਰਨ ਲਈ ਮੁੱਖ ਮਹਿਮਾਨ ਸ੍ਰੀ ਬਨਾਰਸੀ ਦਾਸ ਗਿੰਡਾ ਗਲਾਸਗੋ ਇੰਗਲੈਂਡ ਪਹੁੰਚਣਗੇ। ਸ੍ਰੀ ਧੰਨਪਤ ਰੱਤੂ ਬੈਡਫੋਰਡ ਇੰਗਲੈਂਡ ਵਿਸ਼ੇਸ਼ ਮਹਿਮਾਨ ਹੋਣਗੇ ਭਿਖਸ਼ੂ ਪ੍ਰਗਿਆ ਬੋਧੀ ਇੰਚਾਰਜ ਤਕਸ਼ਿਲਾ ਮਹਾਂ ਬੁੱਧ ਵਿਹਾਰ ਪ੍ਰਵਚਨ ਕਰਨਗੇ। ਐਡਵੋਕੇਟ ਹਰਭਜਨ ਸਾਂਪਲਾ ਪ੍ਰਧਾਨ ਪੰਜਾਬ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ ਅਤੇ ਹੋਰ ਅਹੁਦੇਦਾਰਾਂ ਨੇ ਸਭ ਨੂੰ ਅਪੀਲ ਕੀਤੀ ਕਿ ਇਸ ਮੌਕੇ ਹੁੰਮ ਹੁੰਮਾ ਕੇ ਪਹੁੰਚੋ।

## ਡੀ.ਏ.ਵੀ. ਕਾਲਜ ਵਿਚ ਮਨਾਇਆ ਸੰਵਿਧਾਨ ਦਿਵਸ

## ਕਾਲਜ ਵਿਦਿਆਰਥੀਆਂ ਨੂੰ ਭਾਰਤੀ ਸੰਵਿਧਾਨ ਦਾ ਸਨਮਾਨ ਕਰਨ ਲਈ ਕੀਤਾ ਪ੍ਰੇਰਿਤ




ਆਜ਼ਾਦੀ ਤੋਂ ਪਹਿਲਾਂ ਭਾਰਤ 'ਚ ਰਿਆਸਤਾਂ ਦੇ ਆਪਣੇ ਵੱਖ-ਵੱਖ ਨਿਯਮ ਤੇ ਕਾਨੂੰਨ ਸਨ, ਜਿਨ੍ਹਾਂ ਨੂੰ ਦੇਸ਼ ਦੇ ਸਿਆਸੀ ਨਿਯਮ, ਕਾਨੂੰਨ ਤੇ ਪ੍ਰਕਿਰਿਆ ਅਨੁਸਾਰ ਲਿਆਉਣ ਦੀ ਲੋੜ ਸੀ, ਸੰਵਿਧਾਨ ਵਿਚ ਦੇਸ਼ ਵਾਸੀਆਂ ਦੇ ਮੂਲ ਅਧਿਕਾਰ ਤੇ ਕਰਤੱਵ ਨਿਰਧਾਰਿਤ ਕੀਤੇ ਗਏ ਤਾਂ ਕਿ ਸਾਡਾ ਦੇਸ਼ ਤੇਜ਼ੀ ਨਾਲ ਤਰੱਕੀ ਕਰ ਸਕੇ ਤੇ ਨਵੀਆਂ ਉਚਾਈਆਂ ਨੂੰ ਪ੍ਰਾਪਤ ਕਰ ਸਕੇ।' ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡਾ. ਜੀ.ਸੀ. ਕੌਲ ਨੇ ਡੀ.ਏ.ਵੀ. ਕਾਲਜ 'ਚ 70ਵੇਂ ਸੰਵਿਧਾਨ ਦਿਵਸ 'ਤੇ ਐਨ.ਐਸ.ਐਸ. ਯੂਨਿਟ ਤੇ ਰੈਡ ਰਿਬਨ ਕਲੱਬ ਵਲੋਂ ਕਰਵਾਏ ਗਏ ਭਾਸ਼ਣ ਦੌਰਾਨ ਸੰਬੋਧਨ ਕਰਦਿਆਂ ਕੀਤਾ। ਸਮਾਗਮ ਦੇ ਮੁੱਖ ਮਹਿਮਾਨ ਵਜੋਂ ਪੁਜੇ ਇਸੇ ਕਾਲਜ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਸਾਬਕਾ ਮੁੱਖੀ ਡਾ. ਕੌਲ ਨੇ ਵਿਦਿਆਰਥੀਆਂ ਨੂੰ ਭਾਰਤੀ ਸੰਵਿਧਾਨ ਸੰਬੰਧੀ ਵਿਸਤ੍ਰਿਤ ਜਾਣਕਾਰੀ ਦਿੱਤੀ। ਡਾ. ਜੀ.ਸੀ. ਕੌਲ ਦਾ ਸਵਾਗਤ ਕਾਲਜ ਦੇ ਪ੍ਰਿੰਸੀਪਲ ਡਾ. ਐਸ.ਕੇ. ਅਰੋੜਾ ਤੇ ਐਨ.ਐਸ.ਐਸ. ਦੇ ਕੋਆਰਡੀਨੇਟਰ ਪ੍ਰੋ. ਐਸ.ਕੇ. ਮਿੱਢਾ ਵਲੋਂ ਕੀਤਾ ਗਿਆ। ਡਾ.ਕੌਲ ਨੇ ਕਿਹਾ ਕਿ ਭਾਰਤ ਦੀ ਸੰਵਿਧਾਨ ਸਭਾ ਨੇ 26 ਜਨਵਰੀ, 1949 ਨੂੰ ਸੰਵਿਧਾਨ ਨੂੰ ਅਪਣਾਇਆ ਤੇ ਇਸਦੇ ਪ੍ਰਭਾਵੀਕਰਨ ਦੀ ਸ਼ੁਰੂਆਤ 26 ਜਨਵਰੀ, 1950 ਤੋਂ ਹੋਈ। ਦੁਨੀਆ ਭਰ ਦੇ ਤਮਾਮ ਸੰਵਿਧਾਨਾਂ ਨੂੰ ਬਾਰੀਕੀ ਤੋਂ ਪਰਖਣ ਬਾਅਦ ਬਾਬਾ ਸਾਹਿਬ ਡਾ.ਅੰਬੇਡਕਰ ਨੇ ਭਾਰਤੀ ਸੰਵਿਧਾਨ ਦਾ ਮਸੌਦਾ ਤਿਆਰ ਕੀਤਾ ਸੀ। 26 ਨਵੰਬਰ, 1949 ਨੂੰ ਇਸ ਨੂੰ ਭਾਰਤੀ ਸੰਵਿਧਾਨ ਸਭਾ ਨੇ ਪ੍ਰਵਾਨ ਕੀਤਾ। ਇਹੀ ਵਜਾ ਹੈ ਕਿ ਦੇਸ਼ ਵਿਚ ਹਰ ਸਾਲ 26 ਨਵੰਬਰ ਨੂੰ ਸੰਵਿਧਾਨ ਦਿਨ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੰਵਿਧਾਨ ਦਾ ਸਨਮਾਨ ਕਰਨ ਲਈ ਵੀ ਪ੍ਰੇਰਿਤ ਕੀਤਾ। ਡਾ. ਕੌਲ ਨੇ ਕਿਹਾ ਕਿ ਡੀ.ਏ.ਵੀ. ਲਈ ਇਹ ਹੋਰ ਵੀ ਮਾਣ ਵਾਲੀ ਗੱਲ ਹੈ ਕਿ ਬਾਬਾ ਸਾਹਿਬ ਨੇ ਆਪਣੇ ਪੰਜਾਬ ਦੌਰੇ ਦੌਰਾਨ 28 ਅਕਤੂਬਰ, 1951 ਨੂੰ ਕਾਲਜ ਵਿਚ 'ਲੋਕਤੰਤਰ ਦਾ ਭਵਿੱਖ' ਵਿਸ਼ੇ ਤੇ ਆਪਣਾ ਵਿਦਵਤਾ ਭਰਪੂਰ ਲੈਕਚਰ ਵੀ ਦਿੱਤਾ ਸੀ। ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਪ੍ਰਿੰਸੀਪਲ ਡਾ. ਐਸ.ਕੇ. ਅਰੋੜਾ ਨੇ ਕਿਹਾ ਕਿ ਸੰਵਿਧਾਨ ਦਿਵਸ 'ਤੇ ਸਾਨੂੰ ਆਪਣੇ ਅੰਦਰ ਗਿਆਨ ਦਾ ਦੀਪਕ ਜਗਾਉਣ ਦੀ ਲੋੜ ਹੈ ਤਾਂ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸੰਵਿਧਾਨ ਦੇ ਮਹੱਤਵ ਨੂੰ ਸਮਝ ਸਕਣ। ਐਨ.ਐਸ.ਐਸ. ਕੋਆਰਡੀਨੇਟਰ ਪ੍ਰੋ. ਮਿੱਢਾ ਨੇ ਦੱਸਿਆ ਕਿ ਭਾਰਤ ਦੇ ਸੰਵਿਧਾਨ ਦੇ ਮਹੱਤਵ ਨੂੰ ਸਮਝਾਉਣ ਲਈ ਹਰ ਸਾਲ 26 ਨਵੰਬਰ ਨੂੰ ਸੰਵਿਧਾਨ ਦਿਨ ਮਨਾਇਆ ਜਾਂਦਾ ਹੈ, ਜਿਸ 'ਚ ਜਨ-ਸਾਧਾਰਣ ਨੂੰ ਇਹ ਸਮਝਾਇਆ ਜਾਂਦਾ ਹੈ ਕਿ ਆਖਿਰ ਕਿਵੇਂ ਸਾਡਾ ਸੰਵਿਧਾਨ ਸਾਡੇ ਦੇਸ਼ ਦੀ ਤਰੱਕੀ ਲਈ ਮਹੱਤਵਪੂਰਨ ਹੈ ਅਤੇ ਡਾ. ਅੰਬੇਡਕਰ ਨੂੰ ਸਾਡੇ ਦੇਸ਼ ਦੇ ਸੰਵਿਧਾਨ ਦੀ ਉਸਾਰੀ 'ਚ ਕਿਸ-ਕਿਸ ਔਖੀਆਂ ਪ੍ਰਸਥਿਤੀਆਂ ਦਾ ਸਾਹਮਣਾ ਕਰਨਾ ਪਿਆ। ਇਸ ਮੌਕੇ ਡਾ. ਕੋਮਲ ਅਰੋੜਾ, ਪ੍ਰੋਗਰਾਮ ਅਫ਼ਸਰ ਪ੍ਰੋ. ਰਿਸ਼ੀ ਕੁਮਾਰ, ਪ੍ਰੋ. ਸਾਹਿਬ ਸਿੰਘ, ਪ੍ਰੋ. ਨਿਧੀ ਅਗਰਵਾਲ, ਪ੍ਰੋ. ਪਰਮਜੀਤ ਤੇ ਵਿਦਿਆਰਥੀਆਂ ਸ਼ਾਮਲ ਰਹੇ।

**– ਜਤਿੰਦਰ ਪੰਮੀ, ਜਲੰਧਰ**

L.A. MERCHANDISE
Whole Sale +Retail
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
Loose Fabrics, Groceries, Blankets, Vegetables


New folding bed verities
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ

ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।



Baksho Kaur Bisla Hardev Singh Bisla
ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
530-671-0439, Fax 530-822-0439 Cell- 530-844-3250

BERKSHIRE HATHAWAY
Home Services

Shangara Ram
ELITE REAL ESTATE
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ। ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ
7412 Elsie Ave., Sacramento, CA 95828

# ਸਤਿਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਰਾਜ ਪੱਧਰੀ ਸਮਾਗਮ ਚੱਕ ਹਕੀਮ 'ਚ ਕਰਵਾਇਆ ਜਾਵੇ

## ਕੈਪਟਨ ਅਮਰਿੰਦਰ ਸਿੰਘ ਦੇ ਨਾਮ ਦਿੱਤਾ ਵਿਧਾਇਕ ਧਾਲੀਵਾਲ ਨੂੰ ਮੰਗ ਪੱਤਰ

**ਫਗਵਾੜਾ–** ਨੇੜਲੇ ਪਿੰਡ ਚੱਕ ਹਕੀਮ ਦੀ ਸੰਗਤ ਵਲੋਂ ਅੱਜ ਦੇਹਰਾ ਸ੍ਰੀ ਗੁਰੂ ਰਵਿਦਾਸ ਮੰਦਰ ਦੇ ਗੱਦੀ ਨਸ਼ੀਨ ਮਹੰਤ ਪੁਰਸ਼ੋਤਮ ਲਾਲ ਦੀ ਅਗਵਾਈ ਹੇਠ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨਾਲ ਮੁਲਾਕਾਤ ਕਰਕੇ ਉਹਨਾਂ ਨੂੰ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਦੇ ਨਾਮ ਇਕ ਮੰਗ ਪੱਤਰ ਦਿੱਤਾ ਗਿਆ ਜਿਸ ਵਿਚ ਫਰਵਰੀ 2020 ਵਿਚ ਪੰਜਾਬ ਸਰਕਾਰ ਵਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਪੁਰਬ ਮੌਕੇ ਕਰਵਾਏ ਜਾਣ ਵਾਲੇ ਰਾਜ ਪੱਧਰੀ ਸਮਾਗਮ ਨੂੰ ਗੁਰੂ ਰਵਿਦਾਸ ਮਹਾਰਾਜ ਦੀ ਚਰਨ ਛੋਹ ਪ੍ਰਾਪਤ ਧਰਤੀ ਪਿੰਡ ਚੱਕ ਹਕੀਮ ਵਿਖੇ ਕਰਵਾਉਣ ਦੀ ਮੰਗ ਕੀਤੀ ਗਈ। ਇਸ ਮੌਕੇ ਮਹੰਤ ਪੁਰਸ਼ੋਤਮ ਲਾਲ ਨੇ ਦੱਸਿਆ ਕਿ ਸਤਿਗੁਰੂ ਰਵਿਦਾਸ ਜੀ ਮਹਾਰਾਜ ਨੇ ਸਤਿਗੁਰੂ ਕਬੀਰ ਜੀ ਮਹਾਰਾਜ ਦੇ



ਨਾਲ ਈਸਵੀ 1485 ਵਿੱਚ ਚੂਹੜਕਾਣਾ (ਪਾਕਿਸਤਾਨ) ਦੀ ਯਾਤਰਾ ਦੌਰਾਨ 70 ਦਿਨ ਪਿੰਡ ਚੱਕ ਹਕੀਮ ਦੀ ਧਰਤੀ ਤੇ ਨਿਵਾਸ ਕੀਤਾ ਸੀ। ਇਸ ਦੌਰਾਨ ਉਹਨਾਂ ਇੱਥੇ ਪਵਿੱਤਰ ਖੂਹੀ ਦੀ ਉਸਾਰੀ ਕਰਵਾਈ ਅਤੇ ਪਰਮਾਤਮਾ ਨਾਲ ਜੁੜਨ ਦਾ ਸੰਦੇਸ਼ ਦਿੱਤਾ। ਕਰੀਬ 200 ਸਾਲ ਪਹਿਲਾਂ ਮਹੰਤ ਹੀਰਾ ਦਾਸ ਜੀ ਨੇ ਇਸ ਪਵਿੱਤਰ ਅਸਥਾਨ 'ਤੇ ਤਪੱਸਿਆ ਕੀਤੀ ਅਤੇ ਮੰਦਰ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ ਜੋ ਸਾਲ 1888 ਵਿਚ ਪੂਰਾ ਹੋਇਆ। ਉਹਨਾਂ ਕਿਹਾ ਕਿ ਸੰਗਤਾਂ ਦੀ ਦਿਲੀ ਇੱਛਾ ਹੈ ਕਿ ਪੰਜਾਬ ਸਰਕਾਰ ਵਲੋਂ ਗੁਰੂ ਮਹਾਰਾਜ ਦੇ ਪ੍ਰਕਾਸ਼ ਪੁਰਬ ਮੌਕੇ ਕਰਵਾਇਆ ਜਾਣ ਵਾਲਾ ਰਾਜ ਪੱਧਰੀ ਸਮਾਗਮ ਇਸ ਵਾਰ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਚੱਕ ਹਕੀਮ ਦੀ ਧਰਤੀ ਤੇ ਕਰਵਾਇਆ ਜਾਵੇ। ਵਿਧਾਇਕ ਧਾਲੀਵਾਲ ਨੂੰ ਮਿਲੇ ਵਫਦ ਵਿਚ ਰਵੀ ਕੁਮਾਰ ਮੰਤਰੀ, ਜੀਵਨ ਸਿੰਘ, ਤੋਂ ਇਲਾਵਾ ਯੂਥ ਆਗੂ ਵਰੁਣ ਬੰਗੜ, ਪ੍ਰੇਮਪਾਲ ਡੁਮੇਲੀ, ਸਰਪੰਚ ਕੁਲਵਿੰਦਰ ਕੁਮਾਰ, ਲਖਵੀਰ ਕੁਮਾਰ ਪੰਚ, ਜਗਦੀਸ਼ ਕੁਮਾਰ, ਪਿਆਰਾ ਲਾਲ ਆਦਿ ਸ਼ਾਮਲ ਸਨ।

# ਅੰਬੇਡਕਰਾਇਟ ਲੀਗਲ ਫੋਰਮ ਨੇ ਭਾਰਤੀ ਸੰਵਿਧਾਨ ਦਿਵਸ ਮਨਾਇਆ










**ਜਲੰਧਰ–** ਅੰਬੇਡਕਰਾਇਟ ਲੀਗਲ ਫੋਰਮ ਜਲੰਧਰ ਵੱਲੋਂ ਭਾਰਤੀ ਸੰਵਿਧਾਨ ਦਿਵਸ ਡਾ. ਅੰਬੇਡਕਰ ਭਵਨ ਤਹਿਸੀਲ ਕੰਪਲੈਕਸ ਜਲੰਧਰ ਵਿਖੇ ਬੜੀ ਧੂੰਮ ਧਾਮ ਅਤੇ ਸ਼ਰਧਾ ਨਾਲ ਮਨਾਇਆ ਗਿਆ। ਸਮਾਗਮ ਦੇ ਮੁੱਖ ਮਹਿਮਾਨ ਡਾ. ਬੀ. ਆਰ. ਭੱਟੀ ਸਾਬਕਾ ਡੀ. ਜੀ. ਪੀ. ਪੰਜਾਬ ਨੇ ਕਿਹਾ ਕਿ ਭਾਰਤ ਦਾ ਸੰਵਿਧਾਨ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਬਣਾਈ ਰੱਖਣ ਦਾ ਮੁੱਖ ਸੋਮਾ ਹੈ ਅਤੇ ਹਰ ਵਰਗ ਦੇ ਲੋਕਾਂ ਨੂੰ ਬਰਾਬਰੀ ਦੇ ਹੱਕ ਮਿਲੇ ਹਨ। ਬਾਬਾ ਸਾਹਿਬ ਡਾ. ਅੰਬੇਡਕਰ ਨੇ ਭਾਰਤ ਦਾ ਸੰਵਿਧਾਨ ਲਿਖ ਕੇ ਸਾਨੂੰ ਇਕ ਪਵਿੱਤਰ ਗ੍ਰੰਥ ਦਿੱਤਾ ਹੈ, ਜਿਸ ਉਪਰ ਸਭ ਨੂੰ ਚੱਲਣਾ ਚਾਹੀਦਾ ਹੈ। ਸਮਾਗਮ ਦੇ ਮੁੱਖ ਬੁਲਾਰੇ ਡਾ. ਅਜੀਤ ਚਾਹਲ, ਪ੍ਰੋਫੈਸਰ ਕਾਨੂੰਨ ਵਿਭਾਗ ਕੁਰੂਕਸ਼ੇਤਰਾ ਯੂਨੀਵਰਸਿਟੀ ਨੇ ਆਪਣੇ ਕੁੰਜੀਵਤ ਭਾਸ਼ਣ ਵਿਚ ਕਿਹਾ ਕਿ ਸਾਰੀ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦਾ ਸਭ ਤੋਂ ਵੱਡਾ ਸੰਵਿਧਾਨ ਲਿਖਣ ਵਾਲੇ ਬਾਬਾ ਸਾਹਿਬ ਡਾ. ਅੰਬੇਡਕਰ ਦਾ ਸਾਨੂੰ ਧੰਨਵਾਦ ਕਰਨਾ ਚਾਹੀਦਾ ਹੈ, ਜਿਹਨਾਂ ਨੇ ਸਾਰਿਆਂ ਲਈ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਖੇਤਰ ਵਿਚ ਨਿਆਂ ਦੀ ਵਿਵਸਥਾ ਦੇ ਨਾਲ ਨਾਲ ਸਮਾਨਤਾ, ਸੁਤੰਤਰਤਾ ਅਤੇ ਭਾਈਚਾਰਕ ਸਾਂਝ ਦੀ ਵਿਵਸਥਾ ਕੀਤੀ ਅਤੇ ਭਾਰਤ ਨੂੰ ਇਕ ਧਰਮ ਨਿਰਪੱਖ ਦੇਸ਼ ਬਣਾਇਆ। ਸਾਰਿਆਂ ਦੇ ਨਾਲ ਅੱਗੇ ਵਧਣ ਲਈ ਅਨੁਸੂਚਿਤ ਜਾਤੀ ਅਤੇ ਘੱਟ ਗਿਣਤੀ ਲੋਕਾਂ ਲਈ ਵਿਸ਼ੇਸ਼ ਮੌਕੇ ਪ੍ਰਦਾਨ ਕੀਤੇ। ਇਹਨਾਂ ਤੋਂ ਇਲਾਵਾ ਜ਼ਿਲ੍ਹਾ ਬਾਰ ਐਸੋਸੀਏਸ਼ਨ ਜਲੰਧਰ ਦੇ ਪ੍ਰਧਾਨ ਸ੍ਰੀ ਨਰਿੰਦਰ ਸਿੰਘ ਅਤੇ ਸ੍ਰੀ ਬਲਦੇਵ ਪ੍ਰਕਾਸ਼ ਰੱਲ੍ਹ, ਸਾਬਕਾ ਪ੍ਰਧਾਨ ਡੀਬੀਏ ਨੇ ਵੀ ਸੰਵਿਧਾਨ ਦਿਵਸ ਮਨਾਉਂਦਿਆਂ ਆਪਣੇ ਵਿਚਾਰ ਪੇਸ਼ ਕੀਤੇ। ਹੋਰਾਂ ਤੋਂ ਇਲਾਵਾ ਐਡਵੋਕੇਟ ਹਰਭਜਨ ਦਾਸ ਸਾਂਪਲਾ Dr. G. C. Kaul, Sudesh kalyan Jaswant Rai and Dr Ram Lal Jassi ਨੇ ਵੀ ਵਿਚਾਰ ਵਿਅਕਤ ਕੀਤੇ। ਸਮਾਗਮ ਦੇ ਸ਼ੁਰੂਆਤ ਵਿਚ ਐਡਵੋਕੇਟ ਦਰਸ਼ਨ ਸਿੰਘ ਨੇ ਸਭ ਦਾ ਸਵਾਗਤ ਕੀਤਾ ਅਤੇ ਸਭ ਨੂੰ ਜੀ ਆਇਆਂ ਕਿਹਾ। ਇਸ ਮੌਕੇ ਬਹੁਤ ਸਾਰੀਆਂ ਸ਼ਖਸੀਅਤਾਂ ਹਾਜ਼ਰ ਸਨ।

# ਭਾਰਤੀ ਮੂਲ ਦੇ ਅਮਰੀਕੀ ਨਾਗਰਿਕ ਨੂੰ ਕਤਲ

ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–ਇਕ ਅਦਾਲਤ ਨੇ 2017 ਵਿਚ ਇਕ ਗੈਸ ਸਟੇਸ਼ਨ ਉਪਰ ਭਾਰਤੀ ਮੂਲ ਦੇ ਅਮਰੀਕੀ ਨਾਗਰਿਕ ਅਦਿਤਿਆ ਸਨੀ ਆਨੰਦ



ਦੀ ਹੋਈ ਹੱਤਿਆ ਦੇ ਮਾਮਲੇ ਵਿਚ ਬਾਲਟੀਮੋਰ ਦੇ ਵਸਨੀਕ ਮਾਰਕ ਐਨਥਨੀ ਐਲਿਸ (31) ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਯਾਰਕ ਕਾਊਂਟੀ ਦੀ ਪੈਨਸਿਲਵੇਨੀਆ ਅਦਾਲਤ ਦੇ ਜੱਜ ਹੈਰੀ ਨੈਸ ਨੇ ਐਲਿਸ ਨੂੰ ਦੋਸ਼ੀ ਠਹਿਰਾਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ। ਦੋਸ਼ੀ ਦੀ ਪੈਰੋਲ ਦੀ ਕੋਈ ਸੰਭਾਵਨਾ ਨਹੀਂ ਹੈ। ਇਸ ਤਰਾਂ ਸਾਰੀ ਉਮਰ ਉਸ ਨੂੰ ਜੇਲ ਵਿਚ ਬਿਤਾਉਣੀ ਪਵੇਗੀ। ਜੱਜ ਨੇ ਐਲਿਸ ਨੂੰ ਫਸਟ ਡਿਗਰੀ ਕਤਲ ਤੇ ਲੁੱਟਖੋਹ ਦੀ ਕੋਸ਼ਿਸ਼ ਦਾ ਦੋਸ਼ੀ ਪਾਇਆ। ਇਥੇ ਵਰਣਨਯੋਗ ਹੈ ਕਿ 17 ਅਕਤੂਬਰ 2017 ਨੂੰ ਐਲਿਸ ਐਕਸਨ ਮਾਰਟ ਵਿਚ ਦਾਖਲ ਹੋਇਆ ਜਿਥੇ ਉਸ ਨੇ ਲੁੱਟਖੋਹ ਦੇ ਇਰਾਦੇ ਨਾਲ ਆਨੰਦ (44) ਉਪਰ ਗੋਲੀਆਂ ਚਲਾਈਆਂ। ਜਦੋਂ ਪੁਲਿਸ ਘਟਨਾ ਸਥਾਨ ਉਪਰ ਪੁੱਜੀ ਤਾਂ ਆਨੰਦ ਦੀ ਮੌਤ ਹੋ ਚੁੱਕੀ ਸੀ। ਸੀ ਸੀ ਟੀ ਵੀ ਵੀਡੀਓ ਵਿਚ ਕੈਦ ਹੋਏ ਐਲਿਸ ਦੀ ਪਛਾਣ ਉਸ ਦੀ ਸਾਬਕਾ ਮਿੱਤਰ ਕੁੜੀ ਨੇ ਕੀਤੀ ਸੀ।

# ਪੰਜਾਬ ਸਰਕਾਰ ਦਾ ਐਫ ਐਮ ਚੱਲਣ ਤੇ ਸਰਕਾਰ ਦਾ ਖਾਲੀ ਭਾਂਡਾ ਫੁਟਿਆ- ਬਸਪਾ ਸੂਬਾ ਪ੍ਰਧਾਨ

ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਪੰਜਾਬ ਦੇ ਵਿੱਤ ਮੰਤਰੀ ਸ਼੍ਰੀ ਮਨਪ੍ਰੀਤ ਸਿੰਘ ਬਾਦਲ ਵਲੋਂ ਮੁੱਖਮੰਤਰੀ ਨੂੰ ਲਿਖੀ ਚਿੱਠੀ ਤੇ ਤੰਨਜ ਕਰਦਿਆਂ ਆਖਿਆ ਕਿ ਕਾਂਗਰਸ ਸਰਕਾਰ ਦਾ ਐਫ.ਐਮ ਪਿਛਲੇ ਅਢਾਈ ਸਾਲਾਂ ਤੋਂ ਖਰਾਬ ਪਿਆ ਸੀ ਜੋ ਕਿ ਹੁਣ ਚੱਲ ਕੇ ਹੁਣ ਚਰੜ ਚਰੜ ਕਰਨ ਲੱਗ ਪਿਆ ਹੈ। ਬਲਾਚੌਰ ਵਿੱਚ ਹੋਈ ਵਿਧਾਨ ਸਭਾ ਪੱਧਰੀ ਮੀਟਿੰਗ ਨੂੰ ਸੰਬੋਧਨ ਕਰਦਿਆ ਸ. ਗੜ੍ਹੀ ਨੇ ਆਖਿਆ ਕਿ 1995 ਚ' ਪੰਜਾਬ ਦਾ ਮੌਜੂਦਾ ਵਿੱਤ ਮੰਤਰੀ ਬਹੁਜਨ ਸਮਾਜ ਪਾਰਟੀ ਦੀ ਘਨੇੜੀ ਚੜ੍ਹਕੇ ਗਿੱਦੜਬਾਹਾ ਉਪਚੋਣ ਜਿੱਤਿਆ ਸੀ ਜਿੱਥੇ ਚੋਣ ਪ੍ਰਚਾਰ ਲਈ ਉਸ ਵੇਲੇ ਸਾਹਿਬ ਕਾਂਸ਼ੀ ਰਾਮ ਜੀ ਅਤੇ ਮੌਜੂਦਾ ਬਸਪਾ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਵੀ ਪ੍ਰਚਾਰ ਲਈ ਆਏ ਸਨ। ਐਫ.ਐਮ ਦੇ ਤਾਇਆ ਜੀ ਸ਼੍ਰੀ ਪ੍ਰਕਾਸ਼ ਸਿੰਘ ਬਾਦਲ ਪੰਜਾਬ, ਪੰਚ ਤੇ ਪੰਜਾਬੀਅਤ ਨੂੰ ਧੋਖਾ ਦੇ ਕੇ ਭਾਜਪਾ ਦੇ ਚਰਨੀ ਲੱਗ ਗਏ ਅਤੇ 2007-2017 ਦੇ ਅਕਾਲੀ ਦਲ ਦੇ ਕਾਰਜਕਾਲ ਦੌਰਾਨ ਪੰਜਾਬ ਦੀ ਵਿੱਤੀ ਸਥਿਤੀ ਉਜਾੜ ਵਰਗੀ ਹੋ ਗਈ। ਕਾਂਗਰਸ ਨੇ 2002-07 ਦੇ ਕਾਰਜਕਾਲ ਦੌਰਾਨ ਪੰਜਾਬ ਸਿਰ ਪੰਜਾਹ ਹਜਾਰ ਕਰੋੜ ਰੁਪਏ ਦੇ ਲਗਭਗ ਕਰਜਾ ਛੱਡਿਆ ਸੀ ਜੋ ਕਿ ਮੌਜੂਦਾ ਐਫ.ਐਮ ਦੇ ਤਾਇਆ ਜੀ ਦੇ ਕਾਰਜਕਾਲ ਵਿੱਚ 2007-2017 ਤੱਕ ਲੱਗਭਗ ਪੌਣੇ ਦੋ ਲੱਖ ਕਰੋੜ ਤੱਕ ਪੁੱਜ ਗਿਆ ਸੀ। ਮਾਨਯੋਗ ਵਿੱਤ ਮੰਤਰੀ ਮਨਪ੍ਰੀਤ ਬਾਦਲ ਆਪਣੇ ਤਾਇਆ ਜੀ ਦੇ ਕਾਰਜਕਾਲ ਵਿੱਚ ਪੰਜਾਬ ਤੇ ਪੰਜਾਬੀਅਤ ਦਾ ਝੂਠਾ ਰੌਲਾ ਸ਼ਹੀਦਾਂ ਦੀ ਮਿੱਟੀ ਨੂੰ ਮੱਥੇ ਨੂੰ ਲਾ ਕੇ ਝੂਠੀਆਂ ਕਸਮਾਂ ਖਾਕੇ ਪਾਉਂਦਾ ਰਿਹਾ। ਫਿਰ ਤਾਇਆ ਜੀ ਦਾ ਵੀ ਸਕਾ ਨਾ ਰਿਹਾ ਤੇ ਕਾਂਗਰਸ ਦਾ ਐਫ.ਐਮ ਬਣ ਗਿਆ। ਹੁਣ ਢਾਈ ਸਾਲਾਂ ਦੇ ਕਾਰਜਕਾਲ ਤੋਂ ਬਾਅਦ ਐਫ.ਐਮ ਵੱਜਣ ਦਾ ਝੂਠਾ ਰੌਲਾ ਪਾ ਕੇ ਪੰਜਾਬ ਨੂੰ ਚਿੱਠੀ ਰਾਹੀਂ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਜਦੋਂ ਅੱਜ ਪੰਜਾਬ ਸਿਰ ਕਰਜਾ ਸਵਾ ਦੋ ਲੱਖ ਕਰੋੜ ਤੋ ਉਪਰ ਪੁੱਜ ਚੁੱਕਾ ਹੈ। ਬਹੁਜਨ ਸਮਾਜ ਪਾਰਟੀ ਪੰਜਾਬ ਦੇ ਖਰਾਬ ਤੇ ਚਰੜ ਚਰੜ ਕਰਦੇ ਐਫ.ਐਮ ਦੀ ਘੋਰ ਨਿੰਦਾ ਕਰਦੀ ਹੈ। ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਜੋਰਦਾਰ ਹਮਲਾ ਕਾਂਗਰਸ ਸਰਕਾਰ ਤੇ ਕਰਦਿਆ ਕਿਹਾ ਕਿ ਕਾਂਗਰਸ ਤੇ ਮੌਜੂਦਾ ਐਫ.ਐਮ ਮਨਪ੍ਰੀਤ ਤੋਂ ਵਧੀਆ ਤਾਂ ਘਰਾਂ ਤੇ ਗੱਡੀਆਂ ਵਿੱਚ ਲੱਗੇ ਐਫ. ਐਮ ਹਨ ਜੋਕਿ ਪੰਜਾਬੀਆਂ ਦਾ ਮਨੋਰੰਜਨ ਤਾਂ ਕਰਦੇ ਹਨ। ਬਸਪਾ ਪੰਜਾਬ ਨੇ ਪੰਜਾਬੀਅਤ ਨੂੰ ਭਰੋਸਾ ਦਿੱਤਾ ਕਿ ਬਸਪਾ ਜੇਕਰ ਸੱਤਾ ਵਿੱਚ ਆਈ ਤਾਂ ਆਪਣੀਆ ਆਰਥਿਕ ਨੀਤੀਆ ਦੀ ਯੋਜਨਾ ਨਾਲ ਪੰਜਾਬ ਨੂੰ ਕਰਜਾ ਮੁਕਤ ਵੀ ਕਰੇਗੀ ਸਗੋਂ ਨਾਲ ਹੀ ਪੰਜਾਬੀਆ ਦੀ ਸਿਹਤ, ਸਿੱਖਿਆ, ਰੁਜਗਾਰ ਅਤੇ ਪੰਜਾਬੀਆ ਲਈ ਸਾਫ ਹਵਾ, ਸਾਫ ਪਾਣੀ ਤੇ ਸਾਫ ਧਰਤੀ ਦਾ ਵੀ ਪ੍ਰਬੰਧ ਕਰੇਗੀ।

ਇਸ ਮੌਕੇ ਮੌਜੂਦਾ ਸੂਬਾ ਇੰਚਾਰਜ ਸ਼੍ਰੀ ਰਣਧੀਰ ਸਿੰਘ ਬੈਣੀਵਾਲ ਜੀ ਦੀ ਰਾਏ ਨਲ ਬਲਾਚੌਰ ਵਿਧਾਨ ਸਭਾ ਦਾ ਪ੍ਰਧਾਨ ਸ਼੍ਰੀ ਪਰਮਿੰਦਰ ਪੰਮਾ ਕੌਂਸਲਰ ਜੀ , ਹਲਕਾ ਉਪ ਪ੍ਰਦਾਨ ਡਾਕਟਰ ਮੰਗਤ ਰਾਇ, ਜਿਲ੍ਹਾ ਸਕੱਤਰ ਸ਼੍ਰੀ ਮਨਜੀਤ ਸੂਦ ਸਰਪੰਚ ਜੀ ਅਤੇ ਜਿਲ੍ਹਾ ਇੰਚਾਰਜ ਦੇ ਤੌਰ ਤੇ ਸ਼੍ਰੀ ਦਵਿੰਦਰ ਸੀਹਮਾਰ ਜੀ ਦੀਆ ਨਵੀਆਂ ਨਿਜੁਕਤੀਆ ਕੀਤੀਆ। ਇਸ ਮੌਕੇ ਮੀਟਿੰਗ ਵਿਚ ਵਿਸ਼ਾਲ ਵਰਕਰਾ ਦੇ ਇਕੱਠ ਨਾਲ ਸੂਬਾ ਸਕੱਤਰ ਸ ਬਲਜੀਤ ਸਿੰਘ ਭਾਰਾਪੁਰ, ਜ਼ੌਨ ਇੰਚਾਰਜ ਸ਼੍ਰੀ ਹਰਬੰਸ ਲਾਲ ਚਣਕੋਆ, ਜਿਲ੍ਹਾ ਉਪ ਪ੍ਰਧਾਨ ਸ਼੍ਰੀ ਭੁਪਿੰਦਰ ਬੇਗਮਪੁਰੀ, ਜਿਲ੍ਹਾ ਖਜਾਨਚੀ ਸ਼੍ਰੀ ਜਸਵੀਰ ਸਿੰਘ ਔਲੀਅਪੁਰ ਸਰਪੰਚ, ਸ਼੍ਰੀ ਚਮਨ ਲਾਲ ਚਣਕੋਆ, ਸ਼੍ਰੀ ਰੌਸ਼ਨ ਲਾਲ ਬਲਾਚੌਰ, ਸ਼੍ਰੀ ਬਲਦੇਵ ਮੋਹਰ, ਸ਼੍ਰੀ ਜਸਵਿੰਦਰ ਢਾਹਾ, ਸ਼੍ਰੀ ਜਸਵੀਰ ਸਿੰਘ ਸਿਆਣਾ, ਸ਼੍ਰੀ ਮਨਦੀਪ ਉਧਨੋਵਾਲ ਆਦਿ ਹਾਜ਼ਰ ਸਨ।

# ਜ਼ਿਲਾ ਜਲੰਧਰ (ਸਾਊਥ) ਭਾਜਪਾ ਦੇ 3 ਮੰਡਲ ਪ੍ਰਧਾਨਾਂ ਦੀ ਨਿਯੁਕਤੀ

**ਜਲੰਧਰ–** ਭਾਰਤੀ ਜਨਤਾ ਪਾਰਟੀ ਦੀ ਜ਼ਿਲਾ ਜਲੰਧਰ (ਸਾਊਥ) ਇਕਾਈ ਦੀ ਮੀਟਿੰਗ ਰਾਜੇਸ਼ ਬਾਘਾ ਸੂਬਾ ਮੀਤ ਪ੍ਰਧਾਨ ਭਾਰਤੀ ਜਨਤਾ ਪਾਰਟੀ ਪੰਜਾਬ ਦੀ ਪ੍ਰਧਾਨਗੀ ਹੇਠ ਹੋਈ। ਇਸ ਦੇ ਦੌਰਾਨ ਜ਼ਿਲਾ ਜਲੰਧਰ ਸਾਊਥ ਮੰਡਲ ਬਿਲਗਾ ਵਿੱਚ ਸਰਬਸੰਮਤੀ ਨਾਲ ਸ਼੍ਰੀ ਬਾਲ ਕਿਸ਼ਨ ਅੱਗਰਵਲ ਨੂੰ ਮੰਡਲ ਬਿਲਗਾ ਦਾ ਪ੍ਰਧਾਨ ਨਿਉਕਤ ਕੀਤਾ ਗਿਆ ਜ਼ਿਲਾ ਜਲੰਧਰ ਸਾਊਥ ਮੰਡਲ ਸ਼ਾਹਕੋਟ ਵਿੱਚ ਸਰਬਸੰਮਤੀ ਨਾਲ ਸ਼੍ਰੀ ਸੰਜੀਵ ਸੋਬਤੀ ਨੂੰ ਮੰਡਲ ਸ਼ਾਹਕੋਟ ਦਾ ਪ੍ਰਧਾਨ ਨਿਉਕਤ ਕੀਤਾ ਗਿਆ ਜ਼ਿਲਾ ਜਲੰਧਰ ਸਾਊਥ ਮੰਡਲ ਮਹਿਤਪੁਰ ਵਿੱਚ ਸਰਬਸੰਮਤੀ ਨਾਲ ਸ਼੍ਰੀ ਸੁਖਵਿੰਦਰ ਸਿੰਘ ਚੀਮਾ ਨੂੰ ਮੰਡਲ ਮਹਿਤਪੁਰ ਦਾ ਪ੍ਰਧਾਨ ਨਿਉਕਤ ਕੀਤਾ ਗਿਆ।


'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com, www.ambedkartimes.com


# ਦਿੱਲੀ 'ਚ ਹੋਏ ਨੈਸ਼ਨਲ ਪਾਵਰਲਿਫਟਿੰਗ ਦੇ ਮੁਕਾਬਲਿਆਂ ਚ'ਭੁਲੱਥ ਦੇ ਅਜੇ ਗੋਗਨਾ ਨੇ ਜਿੱਤਿਆ ਗੋਲਡ

**ਭੁਲੱਥ/ ਨਡਾਲਾ—** ਬੀਤੇਂ ਦਿਨ ਜ਼ਿਲਾ ਕਪੂਰਥਲਾ ਦੇ ਕਸਬਾ ਭੁਲੱਥ ਦੇ ਜੰਮਪਲ ਕੌਮਾਂਤਰੀ ਪਾਵਰਲਿਫਟਰ 29 ਸਾਲਾ ਅਜੇ ਗੋਗਨਾ ਸਪੁੱਤਰ ਸੀਨੀਅਰ ਪਰਵਾਸੀ ਪੱਤਰਕਾਰ ਰਾਜ ਗੋਗਨਾ ਦੇ ਸਪੁੱਤਰ ਨੇ ਦਿੱਲੀ ਵਿਖੇਂ ਹੋਈ ਨੈਸ਼ਨਲ ਬੈਂਚ ਪ੍ਰੈਸ ਪਾਵਰਲਿਫਟਿੰਗ ਚੈਂਪੀਅਨਸ਼ਿਪ- 2019 ਵਿੱਚ ਆਪਣੇ 120 ਕਿਲੋਗ੍ਰਾਮ ਤੋਂ ਵੱਧ ਭਾਰ ਵਰਗ ਵਿਚ ਸਭ ਤੋਂ ਵੱਧ ਬੈਂਚ ਪ੍ਰੈਸ ਲਾ ਕੇ ਪਹਿਲਾ ਸਥਾਨ ਹਾਸਲ ਕਰਕੇ ਗੋਲਡ ਮੈਡਲ ਜਿੱਤਿਆ ਹੈ । ਜਦ ਕਿ ਪੰਜਾਬ ਦੇ ਗੁਰਕੀਰਤ ਸਿੰਘ ਨੇ ਸਿਲਵਰ ਅਤੇ ਜੰਮੂ ਦੇ ਵਿਕਰਮਜੀਤ ਸਿੰਘ ਨੇ ਕਾਂਸ਼ੇ ਦਾ ਤਗਮਾ ਜਿੱਤ ਕੇ ਕ੍ਰਮਵਾਰ ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ ਹੈ। ਪਾਵਰ ਲਿਫਟਿੰਗ ਸਪੋਰਟਸ ਐਸੋਸੀਏਸ਼ਨ ਦਿੱਲੀ ਵੱਲੋਂ 24 ਤੋਂ 27 ਨਵੰਬਰ ਤੱਕ ਨਵੀਂ ਦਿੱਲੀ ਦੀ ਰਾਜਾ ਜੀ ਗੋਲ ਮਾਰਕੀਟ ਵਿਖੇ ਕਰਵਾਈ ਗਈ ਇਸ ਚੈਂਪੀਅਨਸ਼ਿਪ ਵਿਚ ਦੇਸ਼ ਭਰ ਤੋਂ 1000 ਹਜ਼ਾਰ ਦੇ ਕਰੀਬ ਖਿਡਾਰੀਆਂ ਨੇ ਇਸ ਚੈਪੀਂਅਨਸਿਪ ਚ' ਭਾਗ ਲਿਆ ਸੀ, ਜਿਸ ਵਿੱਚ ਲੜਕੀਆਂ ਤੇ ਲੜਕੇ ਦੋਵੇਂ ਸ਼ਾਮਲ ਸਨ। ਇਸ



ਚੈਂਪੀਅਨਸ਼ਿਪ ਦੇ ਸਮਾਪਤੀ ਸਮਾਰੋਹ ਦੌਰਾਨ ਮੁੱਖ ਮਹਿਮਾਨ ਵਜੋਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦਰ ਕੇਜਰੀਵਾਲ ਨੇ ਵਿਸ਼ੇਸ਼ ਤੋਰ ਤੇ ਸ਼ਿਰਕਤ ਕੀਤੀ । ਦੱਸਣਯੋਗ ਹੈ ਕਿ ਅਗਲੇ ਸਾਲ 16 ਤੋਂ 23 ਮਈ ਨੂੰ ਯੂਰਪ ਦੇ ਚੈਂਕ ਗਣਰਾਜ ਵਿਚ ਵਰਲਡ ਓਪਨ ਬੈਂਚ ਪ੍ਰੈਸ ਚੈਂਪੀਅਨਸ਼ਿਪ (ਇੰਟਰਨੈਸ਼ਨਲ ਪਾਵਰ ਲਿਫਟਿੰਗ ਫੈਡਰੇਸ਼ਨ) ਦੇ ਮੁਕਾਬਲੇ ਹੋਣ ਜਾ ਰਹੇ ਹਨ। ਜਿਸ ਵਿਚ ਭਾਰਤ ਵਲੋਂ ਭਾਗ ਲੈਣ ਵਾਲੇ ਖਿਡਾਰੀ ਇਸ ਨੈਸ਼ਨਲ ਚੈਂਪੀਅਨਸ਼ਿਪ ਦੇ ਜੇਤੂ ਖਿਡਾਰੀ ਹੋਣਗੇ। ਇੱਥੇ ਇਹ ਵੀ ਦੱਸਣਯੋਗ ਹੈ ਕਿ ਪਿਛਲੇ ਮਹੀਨੇ ਕੈਨੇਡਾ ਵਿੱਚ ਹੋਈ ਕਾਮਨਵੈਲਥ ਪਾਵਰਲਿਫਟਿੰਗ ਵਿਚ ਅਜੇ ਗੋਗਨਾ ਨੇ 120 ਕਿਲੋ ਤੋਂ ਵੱਧ ਭਾਰ ਵਰਗ ਵਿਚ ਗੋਲਡ ਮੈਡਲ ਜਿੱਤ ਕੇ ਦੇਸ਼ ਅਤੇ ਸੂਬੇ ਦਾ ਨਾਮ ਰੌਸ਼ਨ ਕੀਤਾ ਸੀ ਅਤੇ ਹੁਣ ਉਹ ਅੱਠਵੀਂ ਵਾਰ ਨੈਸ਼ਨਲ ਚੈਂਪੀਅਨ ਬਣਿਆ ਹੈ। ਇਹ ਜਾਣਕਾਰੀ ਸਾਂਝੀ ਕਰਦਿਆਂ ਅਜੇ ਗੋਗਨਾ ਨੇ ਯੂਥ ਨੂੰ ਅਪੀਲ ਕੀਤੀ ਉਹ ਕਿਸੇ ਵੀ ਕਿਸਮ ਦੇ ਕੋਈ ਵੀ ਨਸ਼ੇ ਦਾ ਸੇਵਨ ਨਾ ਕਰਨ।

# ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਗੁਰਪੁਰਬ ਦਿਹਾੜਾ ਅਤੇ ਨਗਰ ਕੀਰਤਨ ਕਰਵਾਇਆ







































ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ ਦੇਸ਼ ਦੁਆਬਾ
(ਸਬੰਧਤ ਖ਼ਬਰ ਸਫਾ 1 ਅਤੇ 3 'ਤੇ ਦੇਖੋ)



# ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਗੁਰਪੁਰਬ ਦਿਹਾੜਾ ਅਤੇ ਨਗਰ ਕੀਰਤਨ ਕਰਵਾਇਆ
















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ ਦੇਸ਼ ਦੁਆਬਾ
(ਸਬੰਧਤ ਖਬਰ ਸਫਾ 1 ਅਤੇ 3 'ਤੇ ਦੇਖੋ)




















San Francisco Sadh Samagam started at 4:30 pm on November 28 (Thursday) and ended at 12:00 pm on December 01 (Sunday) at Sri Guru Ravidass Temple in Pittsburg. Thousand of devotees came and prayed d uring this 4 day event. People came from all over America and other countries.

Sangat really enjoyed the Kirtan. Langar was served during this whole event.














Consulate General of India celebrated Constitution Day on November 26, 2019 at Gadar Memorial Hall in San Francisco



# ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਕੈਲੇਫੋਰਨੀਆ ਵੱਲੋਂ

**ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ**
**(ਭਾਈ ਜੈਤਾ ਜੀ) ਦਾ ਸ਼ਹੀਦੀ ਦਿਹਾੜਾ**
**ਸਤਿਗੁਰ ਗਿਆਨ ਨਾਥ ਮਹਾਰਾਜ ਜੀ ਦੀ 32ਵੀਂ ਬਰਸੀ**
**8 ਦਸੰਬਰ 2019 ਦਿਨ ਐਤਵਾਰ ਨੂੰ**





ਸਮੂਹ ਸੰਗਤਾਂ ਦੇ ਚਰਨਾਂ ’ਚ ਬੇਨਤੀ ਹੈ ਕਿ ਆਪ ਸਭ ਦੇ ਪਿਆਰ ਸਤਿਕਾਰ ਤੇ ਸਹਿਯੋਗ ਸਦਕਾ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ) ਦਾ ਸ਼ਹੀਦੀ ਦਿਹਾੜਾ ਅਤੇ ਸਤਿਗੁਰ ਗਿਆਨ ਨਾਥ ਜੀ ਮਹਾਰਾਜ ਜੀ ਦੀ 32ਵੀਂ ਬਰਸੀ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ, ਕੈਲੇਫੋਰਨੀਆ ਵਿਖੇ ਮਿਤੀ 8 ਦਸੰਬਰ 2019 ਦਿਨ ਐਤਵਾਰ ਨੂੰ ਬਹੁਤ ਹੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ। ਸਾਰੀ ਸੰਗਤਾਂ ਨੂੰ ਸਭਾ ਵੱਲੋਂ ਪੁਰਜ਼ੋਰ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਪਹੁੰਚ ਕੇ ਆਪਣੇ ਪੁਰਖਿਆਂ ਦੀ ਯਾਦ ਨੂੰ ਤਾਜ਼ਾ ਕਰੀਏ।

**ਪ੍ਰੋਗਰਾਮ**
ਪਾਠ ਸ੍ਰੀ ਯੋਗ ਵਾਸ਼ਿਸ਼ਟ ਸਾਹਿਬ
8 ਦਸੰਬਰ 2019, ਦਿਨ ਐਤਵਾਰ
ਸਵੇਰੇ 10 ਵਜੇ
ਸਵੇਰੇ 11 ਵਜੇ ਤੋਂ ਸ਼ਾਮ 3 ਵਜੇ ਤੱਕ
ਕਥਾ, ਕੀਰਤਨ ਤੇ ਸ਼ਬਦ ਗਾਇਨ ਹੋਵੇਗਾ

ਕੈਲੇਫੋਰਨੀਆ ਦੇ ਬਹੁਤ ਹੀ ਨਾਮਵਰ ਗਾਇਕ, ਕਥਾਵਾਚਕ ਤੇ ਢਾਡੀ ਜਥੇ ਪਹੁੰਚ ਰਹੇ ਹਨ। ਗੁਰੂ ਕਾ ਲੰਗਰ ਸਾਰਾ ਦਿਨ ਅਤੁੱਟ ਵਰਤੇਗਾ।

**ਪਤਾ:-**
ਮਹਾਂਰਿਸ਼ੀ ਵਾਲਮੀਕ ਟੈਂਪਲ,
84/86 ਪਰਸੀ ਐਵਨਿਊ,
ਯੂਬਾ ਸਿਟੀ, ਕੈਲੇਫੋਰਨੀਆ
95991

**ਬੇਨਤੀ ਕਰਤਾ- ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ.(ਯੂਬਾ ਸਿਟੀ) ਕੈਲੇਫੋਰਨੀਆ**

ਸੰਪਰਕ ਲਈ:- ਪ੍ਰਧਾਨ ਸ੍ਰੀ ਪ੍ਰੇਮ ਸੌਂਧੀ 530-813-3877, ਸਕੱਤਰ ਬਲਬੀਰ ਧਾਰੀਵਾਲ (ਸੋਨੀ) 916-243-9017, ਸੰਤੋਖ ਸਿੰਘ ਗਿੱਲ 530-740-3056




# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ


Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

### 06 ਦਸੰਬਰ, 2019 ਲਈ ਵਿਸ਼ੇਸ਼

# ਸਦੀਆਂ ਤੋਂ ਦੱਬੇ ਕੁਚਲੇ ਵਰਗਾਂ ਦਾ ਜੀਵਨ ਸੰਵਾਰਨ ਲਈ ਅਪਣਾ ਜੀਵਨ ਲਗਾ ਦਿਤਾ ਡਾਕਟਰ ਭੀਮ ਰਾਮ ਰਾਓ ਅੰਬੇਡਕਰ ਨੇ



ਕੁਲਦੀਪ ਚੰਦ
91-9417563054

06 ਦਸੰਬਰ, 2019 ਨੂੰ ਅਸੀਂ ਡਾਕਟਰ ਭੀਮ ਰਾਓ ਅੰਬੇਡਕਰ ਦਾ ਪ੍ਰੀਨਿਰਵਾਣ ਦਿਵਸ ਮਨਾ ਰਹੇ ਹਾਂ। ਡਾਕਟਰ ਅੰਬੇਡਕਰ ਦਾ ਜਨਮ 14 ਅਪ੍ਰੈਲ 1891 ਨੂੰ ਬ੍ਰਿਟਿਸ਼ ਸਰਕਾਰ ਦੁਆਰਾ ਕੇਂਦਰੀ ਪ੍ਰਾਂਤ (ਹੁਣ ਮੱਧ ਪ੍ਰਦੇਸ਼ ਵਿੱਚ) ਵਿੱਚ ਸਥਾਪਿਤ ਨਗਰ ਅਤੇ ਸੈਨਿਕ ਛਾਉਣੀ ਮਊ ਵਿੱਚ ਹੋਇਆ ਸੀ। ਉਹਨਾਂ ਦੇ ਪਿਤਾ ਦਾ ਨਾਮ ਰਾਮਜੀ ਮਾਲੋਜੀ ਸਕਪਾਲ ਅਤੇ ਮਾਤਾ ਦਾ ਨਾਮ ਭੀਮਾਬਾਈ ਮੁਰਬਾਦਕਰ ਸੀ। ਡਾਕਟਰ ਅੰਬੇਡਕਰ ਮਹਾਰ ਜਾਤਿ ਨਾਲ ਸਬੰਧ ਰੱਖਦੇ ਸੀ ਜੋ ਕਿ ਭਾਰਤ ਵਿੱਚ ਮੰਨੂਵਾਦੀ ਪ੍ਰਥਾ ਅਨੁਸਾਰ ਅਛੂਤ ਕਹੀ ਜਾਂਦੀ ਸੀ ਅਤੇ ਉਹਨਾਂ ਨਾਲ ਹਰ ਪੱਧਰ ਤੇ ਭੇਦਭਾਵ ਕੀਤਾ ਜਾਂਦਾ ਸੀ। ਡਾਕਟਰ ਅੰਬੇਡਕਰ ਦੇ ਬਜ਼ੁਰਗ ਲੰਬੇ ਸਮੇਂ ਤੋਂ ਬ੍ਰਿਟਿਸ਼ ਈਸਟ ਇੰਡੀਆਂ ਕੰਪਨੀ ਦੀ ਫੌਜ ਵਿੱਚ ਨੌਕਰੀ ਕਰਦੇ ਆ ਰਹੇ ਸਨ ਅਤੇ ਉਨ੍ਹਾਂ ਦੇ ਪਿਤਾ ਵੀ ਮਊ ਛਾਉਣੀ ਵਿੱਚ ਕੰਮ ਕਰਦੇ ਸਨ। ਸਕੂਲੀ ਪੜ੍ਹਾਈ ਵਿੱਚ ਨਿਪੂੰਨ ਹੋਣ ਦੇ ਬਾਵਜੂਦ ਡਾਕਟਰ ਅੰਬੇਡਕਰ ਨੂੰ ਸਕੂਲ ਵਿੱਚ ਅਲੱਗ ਬਿਠਾਇਆ ਜਾਂਦਾ ਸੀ। ਕੁਝ ਸਮੇਂ ਬਾਅਦ ਡਾਕਟਰ ਅੰਬੇਡਕਰ ਦੇ ਪਿਤਾ ਪਰਿਵਾਰ ਸਮੇਤ ਮੁੰਬਈ ਆ ਗਏ ਜਿੱਥੇ ਕਿ ਅੰਬੇਡਕਰ ਐਲਫਿੰਸਟੋਲ ਰੋਡ ਸਥਿਤ ਸਰਕਾਰੀ ਹਾਈ ਸਕੂਲ ਦੇ ਪਹਿਲੇ ਅਛੂਤ ਵਿਦਿਆਰਥੀ ਬਣੇ। ਇੱਥੇ ਵੀ ਉਨ੍ਹਾਂ ਨਾਲ ਜਾਤਿ ਅਧਾਰਿਤ ਭੇਦਭਾਵ ਹੁੰਦਾ ਰਿਹਾ। ਉਨ੍ਹਾਂ ਨੇ ਅਪਣੇ ਇੱਕ ਬ੍ਰਾਹਮਣ ਦੋਸਤ ਅਧਿਆਪਕ ਮਹਾਂਦੇਵ ਅੰਬੇਡਕਰ ਦੇ ਕਹਿਣ ਤੇ ਅਪਣੇ ਨਾਮ ਨਾਲ ਅੰਬੇਡਕਰ ਸ਼ਬਦ ਜੋੜਿਆ। ਮੈਟ੍ਰਿਕ ਪਾਸ ਕਰਨ ਤੋਂ ਬਾਅਦ ਉਨ੍ਹਾਂ ਨੇ ਐਲਫਿਨਸਟਨ ਕਾਲਜ਼ ਬੰਬਈ ਵਿੱਚ ਦਾਖਲਾ ਲਿਆ। ਮਹਾਰਾਜਾ ਬੜੋਦਾ ਦੇ ਗਾਇਕਵਾੜ ਸ਼ਾਸ਼ਕ ਨੇ ਉਹਨਾਂ ਨੂੰ ਉਚੱ ਵਿਦਿਆ ਪ੍ਰਾਪਤ ਕਰਨ ਲਈ ਸਰਕਾਰੀ ਖਰਚੇ ਤੇ ਅਮਰੀਕਾ ਭੇਜ ਦਿੱਤਾ। ਡਾਕਟਰ ਅੰਬੇਡਕਰ ਨੇ ਪੰਜ ਵਿਸ਼ਿਆਂ ਵਿੱਚ ਐਮ.ਏ., ਪੀ.ਐਚ.ਡੀ., ਡੀ.ਐਸ.ਸੀ. ਐਲ.ਐਲ.ਡੀ., ਡੀ.ਲਿੱਟ, ਬਾਰ.ਐਟ ਲਾਅ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਮਹਾਰਾਜਾ ਬੜੌਦਾ ਨੇ ਡਾਕਟਰ ਅੰਬੇਡਕਰ ਨੂੰ ਫੌਜੀ ਸਕੱਤਰ ਨਿਯੁਕਤ ਕਰ ਲਿਆ ਪਰ ਇੱਥੇ ਵੀ ਉਨ੍ਹਾਂ ਨੂੰ ਅਛੂਤ ਹੋਣ ਕਾਰਨ ਉਚੱ ਜਾਤਿ ਦੇ ਕਰਮਚਾਰੀ ਨਫਰਤ ਨਾਲ ਹੀ ਦੇਖਦੇ ਰਹੇ। ਜਦੋਂ ਉਹ ਬੰਬਈ ਦੇ ਕਾਲਜ਼ ਵਿੱਚ ਅਰਥ ਸ਼ਾਸ਼ਤਰ ਦੇ ਪ੍ਰੋਫੈਸਰ ਨਿਯੁਕਤ ਹੋਏ ਤਾਂ ਉਥੇ ਵੀ ਅਛੂਤ ਹੋਣ ਕਾਰਨ ਉਨ੍ਹਾਂ ਨਾਲ ਭੇਦਭਾਵ ਹੁੰਦਾ ਰਿਹਾ। ਬ੍ਰਿਟਿਸ਼ ਸਰਕਾਰ ਵਿੱਚ ਉਚੇ ਅਹੁਦੇ ਪਹਿਲਾਂ ਸਿਰਫ ਅੰਗਰੇਜਾ ਲਈ ਹੀ ਰਾਖਵੇਂ ਸਨ ਅਤੇ ਬ੍ਰਿਟਿਸ਼ ਸਰਕਾਰ ਇਸਦਾ ਕਾਰਨ ਇਹ ਮੰਨਦੀ ਸੀ ਕਿ ਭਾਰਤੀਆਂ ਦੀ ਵਿਦਿਅਕ ਪੱਖੋਂ ਮੈਰਿਟ ਅੰਗਰੇਜਾਂ ਨਾਲੋਂ ਹੇਠਾਂ ਹੈ। ਭਾਰਤੀ ਲੋਕਾਂ ਵਲੋਂ ਕਿਤੇ ਅੰਦੋਲਨ ਬਾਦ ਸਾਊਥਬੋਰੋਹ ਸਮਿਤੀ ਦੀ ਸਿਫਾਰਿਸ਼ ਤੇ ਅੰਗਰੇਜ਼ ਸਰਕਾਰ ਨੇ ਆਈ ਸੀ ਐਸ ਦੀਆਂ 11 ਪੋਸਟਾਂ ਭਾਰਤੀਆਂ ਲਈ ਰੱਖੀਆਂ ਜਿਨ੍ਹਾਂ ਵਿਚੋਂ 4 ਹਿੰਦੂਆਂ ਲਈ, 4 ਮੁਸਲਮਾਨਾਂ ਲਈ, 2 ਸਿੱਖਾਂ ਲਈ ਅਤੇ ਇੱਕ ਐਂਗਲੋ ਇੰਡੀਅਨ ਲਈ ਰੱਖੀ ਗਈ। ਡਾਕਟਰ ਅੰਬੇਡਕਰ ਨੇ ਇਸ ਸਮਿਤੀ ਨੂੰ ਮੰਗ ਪੱਤਰ ਦੇਕੇ ਮੰਗ ਕੀਤੀ ਕਿ ਸ਼ੂਦਰਾਂ ਲਈ ਵੀ ਅਲੱਗ ਅਧਿਕਾਰ ਰੱਖੇ ਜਾਣ ਪਰੰਤੂ ਹਿੰਦੂਆਂ ਨੇ ਡਾਕਟਰ ਅੰਬੇਡਕਰ ਦੀ ਇਸ ਮੰਗ ਦਾ ਸੱਖਤੀ ਨਾਲ ਵਿਰੋਧ ਕੀਤਾ। ਡਾਕਟਰ ਅੰਬੇਡਕਰ ਅਤੇ ਹੋਰ ਆਗੂਆ ਨੇ ਇਸ ਵਿਰੋਧ ਪ੍ਰਤੀ ਰੋਸ ਦਾ ਪ੍ਰਗਟਾਵਾ ਕੀਤਾ ਜਿਸਤੋਂ ਬਾਦ ਅੰਗਰੇਜ ਸਰਕਾਰ ਨੇ ਸ਼ੂਦਰਾਂ ਦੀ ਹਾਲਤ ਜਾਨਣ ਲਈ ਸਾਇਮਨ ਕਮਿਸ਼ਨ ਭਾਰਤ ਭੇਜਿਆ। ਇਸ ਸਾਇਮਨ ਕਮਿਸ਼ਨ ਦਾ ਡਾਕਟਰ ਅੰਬੇਡਕਰ ਅਤੇ ਹੋਰ ਆਗੂਆਂ ਜਿਨ੍ਹਾਂ ਵਿੱਚ ਪੰਜਾਬ ਤੋਂ ਆਦਿ ਧਰਮ ਮੁਹਿੰਮ ਦੇ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਸ਼ਾਮਿਲ ਸਨ ਨੇ ਗਰਮਜੋਸ਼ੀ ਨਾਲ ਸਵਾਗਤ ਕੀਤਾ ਅਤੇ ਅਪਣੀਆਂ ਮੰਗਾਂ ਇਸ ਕਮਿਸ਼ਨ ਅੱਗੇ ਰੱਖੀਆਂ। ਕਈ ਹਿੰਦੂ ਆਗੂਆਂ ਨੇ ਇਸ ਕਮਿਸ਼ਨ ਦਾ ਵਿਰੋਧ ਕੀਤਾ। ਇਸਤੋਂ ਬਾਦ ਕਮਿਸ਼ਨ ਦੀਆਂ ਤਿੰਨ ਮੀਟਿੰਗਾਂ ਲੰਡਨ ਵਿੱਚ ਹੋਈਆਂ ਜਿਸ ਵਿੱਚ ਉਨ੍ਹਾਂ ਨੇ ਦਲਿਤਾਂ ਦੀ ਪ੍ਰਤੀਨਿਧਤਾ ਕਰਦਿਆਂ ਅਛੂਤਾਂ ਦੀ ਅਸਲੀ ਸਥਿਤੀ ਤੋਂ ਬ੍ਰਿਟਿਸ਼ ਸਰਕਾਰ ਨੂੰ ਜਾਣੂ ਕਰਵਾਇਆ। 17 ਅਗੱਸਤ 1932 ਨੂੰ ਬ੍ਰਿਟਿਸ਼ ਸਰਕਾਰ ਨੇ ਕਮਿਊਨਲ ਐਵਾਰਡ ਦਾ ਫੈਸਲਾ ਸੁਣਾ ਦਿਤਾ ਜਿਸ ਅਨੁਸਾਰ ਮੁਸਲਮਾਨਾਂ, ਇਸਾਈਆਂ ਅਤੇ ਸਿੱਖਾਂ ਵਾਂਗ ਅਛੂਤਾਂ ਨੂੰ ਵੀ ਘੱਟ ਗਿਣਤੀ ਦੇ ਮੰਨਦੇ ਹੋਏ ਵੱਖਰੇ ਪ੍ਰਤੀਨਿਧੀ ਚੁਣਨ ਦਾ ਅਧਿਕਾਰ ਦੇ ਦਿਤਾ ਜਿਸਦਾ ਕੱਟੜ ਹਿੰਦੂ ਨੇਤਾਵਾਂ ਨੇ ਵਿਰੋਧ ਕੀਤਾ। ਕਾਂਗਰਸੀ ਆਗੂ ਮੋਹਨ ਦਾਸ ਕਰਮ ਚੰਦ ਗਾਂਧੀ ਨੇ ਹਿੰਦੂਆਂ ਦੀ ਪ੍ਰਤੀਨਿਧਤਾ ਕਰਦੇ ਹੋਏ ਇਸ ਫੈਸਲੇ ਖਿਲਾਫ ਮਰਨ ਵਰਤ ਸ਼ੁਰੂ ਕਰ ਦਿਤਾ। ਗਾਂਧੀ ਦੇ ਇਸ ਮਰਨ ਵਰਤ ਕਾਰਨ ਦੇਸ਼ ਵਿੱਚ ਖਲਬਲੀ ਮਚ ਗਈ ਅਤੇ ਉਨ੍ਹਾਂ ਤੇ ਦਬਾਓ ਵੱਧ ਗਿਆ। ਅੰਤ 24 ਸਤੰਬਰ 1932 ਨੂੰ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਗਾਂਧੀ ਵਿਚਕਾਰ ਇੱਕ ਸਮਝੋਤਾ ਹੋਇਆ ਜਿਸ ਵਿੱਚ ਅਛੂਤਾਂ ਨੂੰ ਮਿਲਿਆ ਵੱਖਰੀ ਪ੍ਰਤੀਨਿਧਤਾ ਦਾ ਅਧਿਕਾਰ ਖਤਮ ਕੀਤਾ ਗਿਆ। ਉਨ੍ਹਾਂ ਨੇ 1936 ਵਿੱਚ ਅਜ਼ਾਦ ਲੇਬਰ ਪਾਰਟੀ ਭਾਰਤ ਦੀ ਸਥਾਪਨਾ ਕੀਤੀ ਅਤੇ 1937 ਵਿੱਚ ਹੋਈਆਂ ਕੇਂਦਰੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ 15 ਸੀਟਾਂ ਤੇ ਜਿੱਤ ਹਾਸਲ ਕੀਤੀ। ਉਨ੍ਹਾਂ ਨੇ ਹਿੰਦੁ ਧਰਮ ਅਤੇ ਮੁਸਲਿਮ ਧਰਮ ਵਿੱਚ ਹੋ ਰਹੇ ਅਛੂਤਾਂ ਨਾਲ ਵਿਤਕਰੇ ਬਾਰੇ ਖੁੱਲਕੇ ਲਿਖਿਆ। ਉਨ੍ਹਾਂ ਨੇ ਮੂਕ ਨਾਇਕ-ਗੂੰਗਿਆਂ ਦਾ ਆਗੂ ਹਫਤਾਵਾਰੀ ਅਖਬਾਰ ਸ਼ੁਰੂ ਕੀਤਾ। ਉਨ੍ਹਾਂ ਨੇ ਬਹਿਸ਼ਕ੍ਰਿਤ ਹਿਤਕਾਰਨੀ ਸਭਾ




ਦਾ ਗਠਨ ਕੀਤਾ ਅਤੇ ਦਲਿਤਾਂ ਦੇ ਵਿਦਿਅਕ, ਸਮਾਜਿਕ ਅਤੇ ਆਰਥਿਕ ਵਿਕਾਸ ਲਈ ਕੰਮ ਕੀਤਾ। ਉਨ੍ਹਾਂ ਨੇ ਰੱਖਿਆ ਸਲਾਹਕਾਰ ਸਮਿਤੀ ਅਤੇ ਵਾਇਸਰਾਇ ਦੀ ਕਾਰਜਕਾਰੀ ਪ੍ਰੀਸ਼ਦ ਲਈ ਲੇਬਰ ਮੰਤਰੀ ਦੇ ਤੋਰ ਤੇ ਕੰਮ ਕੀਤਾ। ਉਨ੍ਹਾਂ ਨੇ ਹਿੰਦੂ ਧਰਮ ਵਿੱਚ ਫੈਲੇ ਗੱਲਤ ਰੀਤੀ ਰਿਵਾਜਾਂ ਖਿਲਾਫ ਜੋਰਦਾਰ ਅਵਾਜ਼ ਚੁੱਕੀ ਅਤੇ 25 ਦਸੰਬਰ, 1927 ਨੂੰ ਮਨੂੰ ਸਮ੍ਰਤਿ ਨੂੰ ਜਲਾਇਆ। ਉਨ੍ਹਾਂ ਨ 13 ਅਕਤੂਬਰ, 1935 ਨੂੰ ਐਲਾਨ ਕੀਤਾ ਕਿ ਉਹ ਹਿੰਦੁ ਧਰਮ ਵਿੱਚ ਪੈਦਾ ਹੋਏ ਹਨ ਪਰ ਹਿੰਦੂ ਧਰਮ ਵਿੱਚ ਮਰਨਗੇ ਨਹੀਂ। ਉਨ੍ਹਾਂ ਨੇ ਲੱਖਾਂ ਅਛੂਤਾਂ ਨੂੰ ਹਿੰਦੂ ਧਰਮ ਦਾ ਤਿਆਗ ਕਰਨ ਲਈ ਤਿਆਰ ਕਰ ਲਿਆ। ਉਹ ਸਿੱਖ ਧਰਮ ਜਿਸ ਵਿੱਚ ਦਲਿਤਾਂ ਦੇ ਰਹਿਵਰ ਗੁਰੂਆਂ ਨੂੰ ਵਿਸ਼ੇਸ਼ ਸਥਾਨ ਦਿਤਾ ਗਿਆ ਹੈ ਅਤੇ ਜੋਕਿ ਸਭਨੂੰ ਬਰਾਬਰਤਾ ਦਾ ਸੁਨੇਹਾ ਦਿੰਦਾ ਹੈ ਨੂੰ ਅਪਣਾਉਣ ਲਈ ਤਿਆਰ ਹੋ ਗਏ। 1936 ਵਿੱਚ ਉਨ੍ਹਾਂ ਨੇ ਅਪਣੇ ਪੁੱਤਰ ਜਸ਼ਵੰਤ ਰਾਓ ਅਤੇ ਭਤੀਜੇ ਨੂੰ ਦਰਬਾਰ ਸਾਹਿਬ ਭੇਜਿਆ ਜਿੱਥੇ ਉਹ ਲੱਗਭੱਗ ਡੇਢ ਮਹੀਨਾ ਰਹੇ। ਕੁੱਝ ਉਚੱ ਜਾਤੀ ਦੇ ਲੀਡਰਾਂ ਨੇ ਉਨ੍ਹਾਂ ਨੂੰ ਸਿੱਖ ਧਰਮ ਅਪਣਾਉਣ ਤੋਂ ਰੋਕਣ ਲਈ ਚਾਲ ਚੱਲੀ ਅਤੇ ਅੰਤ ਇਹ ਚਾਲ ਕਾਮਯਾਬ ਹੋ ਗਈ ਅਤੇ ਦੇਸ਼ ਦੇ 6 ਕਰੋੜ ਅਛੂਤ ਸਿੱਖ ਧਰਮ ਨਾਂ ਅਪਣਾ ਸਕੇ। ਸੱਚੀ ਸਾਖੀ ਕਿਤਾਬ ਦੇ ਲੇਖਕ ਅਤੇ ਸਾਬਕਾ ਆਈ ਸੀ ਐਸ ਅਫਸਰ ਅਤੇ ਸਾਬਕਾ ਵਿਧਾਇਕ ਅਤੇ ਲੋਕ ਸਭਾ ਮੈਂਬਰ ਸਰਦਾਰ ਕਪੂਰ ਸਿੰਘ ਅਨੁਸਾਰ ਸਿੱਖ ਧਰਮ ਅਤੇ ਅਕਾਲੀ ਦੱਲ ਵਿੱਚ ਬੈਠੇ ਕੁੱਝ ਉਚੱ ਜਾਤਿ ਦੇ ਆਗੂਆਂ ਨੇ ਅਪਣੀ ਕੁਰਸੀ ਕਾਇਮ ਰੱਖਣ ਲਈ ਗੁੱਝੀਆਂ ਚਾਲਾਂ ਚੱਲਕੇ ਡਾਕਟਰ ਅੰਬੇਡਕਰ ਅਤੇ ਕਰੋੜਾਂ ਅਛੂਤਾਂ ਨੂੰ ਸਿੱਖ ਧਰਮ ਵਿੱਚ ਆਣ ਤੋਂ ਰੋਕਿਆ। 15 ਅਗਸਤ 1947 ਨੂੰ ਭਾਰਤ ਅਜ਼ਾਦ ਹੋ ਗਿਆ ਅਤੇ ਡਾਕਟਰ ਅੰਬੇਡਕਰ ਦੇਸ਼ ਦੇ ਪਹਿਲੇ ਕਨੂੰਨ ਮੰਤਰੀ ਬਣੇ। ਅਜ਼ਾਦ ਭਾਰਤ ਦਾ ਅਪਣਾ ਸੰਵਿਧਾਨ ਲਿਖਣ ਲਈ 29 ਅਗਸਤ, 1947 ਨੂੰ ਬਣਾਈ ਗਈ ਕਮੇਟੀ ਵਿੱਚ ਉਹ ਕਮੇਟੀ ਦੇ ਚੇਅਰਮੈਨ ਬਣਾਏ ਗਏ ਅਤੇ ਉਨ੍ਹਾਂ ਨੇ ਭਾਰਤੀ ਸੰਵਿਧਾਨ ਤਿਆਰ ਕਰਨ ਲਈ ਅਹਿਮ ਭੂਮਿਕਾ ਨਿਭਾਈ। 1951 ਵਿੱਚ ਸੰਸਦ ਵਿੱਚ ਹਿੰਦੂ ਕੋਡ ਬਿੱਲ ਜੋਕਿ ਕਰੋੜਾਂ ਅਛੂਤਾਂ ਵਾਂਗ ਸਦੀਆਂ ਤੋਂ ਵਿਤਕਰੇ ਦਾ ਸ਼ਿਕਾਰ ਭਾਰਤੀ ਮਹਿਲਾਵਾਂ ਨੂੰ ਬਰਾਬਰਤਾ ਦਾ ਅਧਿਕਾਰ ਦੇਣ ਲਈ ਸੀ ਦੇ ਵਿਰੋਧ ਵਿੱਚ ਸੰਸਦ ਦੇ ਬਹੁਤੇ ਮੈਂਬਰਾਂ ਵਲੋਂ ਵੋਟ ਪਾਏ ਜਾਣ ਕਾਰਨ ਉਨ੍ਹਾਂ ਨੇ ਲੋਕ ਸਭਾ ਤੋਂ ਅਸਤੀਫਾ ਦੇ ਦਿਤਾ। 1952 ਵਿੱਚ ਉਨ੍ਹਾਂ ਨੇ ਅਜਾਦ ਉਮੀਦਵਾਰ ਵਜੋਂ ਚੋਣ ਲੜੀ ਪਰ ਇਹ ਚੋਣ ਹਾਰ ਗਏ। ਮਾਰਚ 1952 ਵਿੱਚ ਉਹ ਰਾਜ ਸਭਾ ਦੇ ਮੈਂਬਰ ਚੁਣੇ ਗਏ ਅਤੇ ਜਿੰਦਗੀ ਦੇ ਅੰਤਿਮ ਸਮੇਂ ਤੱਕ ਉਹ ਰਾਜ ਸਭਾ ਮੈਂਬਰ ਬਣੇ ਰਹੇ। 1955 ਵਿੱਚ ਉਨ੍ਹਾਂ ਨੇ ਬੋਧ ਸੋਸਾਇਟੀ ਆਫ ਇੰਡੀਆ ਦੀ ਸਥਾਪਨਾ ਕੀਤੀ। 14 ਅਕਤੂਬਰ, 1956 ਨੂੰ ਡਾਕਟਰ ਅੰਬੇਡਕਰ ਨੇ ਲੱਖਾਂ ਸਾਥੀਆ ਸਮੇਤ ਬੁੱਧ ਧਰਮ ਅਪਣਾਇਆ। ਅੰਤ ਦਿੱਲੀ ਵਿੱਚ ਅੱਜ ਦੇ ਦਿਨ 6 ਦਸੰਬਰ 1956 ਨੂੰ ਡਾਕਟਰ ਅੰਬੇਡਕਰ ਸਾਨੂੰ ਸਦੀਵੀ ਵਿਛੋੜਾ ਦੇ ਗਏ। ਬਾਬਾ ਸਾਹਿਬ ਨੂੰ 1990 ਵਿੱਚ ਭਾਰਤ ਰਤਨ ਨਾਲ ਸਨਮਾਨਿਤ ਕੀਤਾ ਗਿਆ। ਭਾਰਤ ਸਰਕਾਰ ਨੇ 1991 ਦਾ ਸਾਲ ਅੰਬੇਡਕਰ ਸ਼ਤਾਬਦੀ ਵਜੋਂ ਐਲਾਨਿਆ ਸੀ ਅਤੇ 2016 ਦਾ ਸਾਲ 125ਵੀਂ ਜਯੰਤੀ ਦੇ ਤੋਰ ਤੇ ਮਨਾਇਆ ਗਿਆ ਹੈ। ਅੱਜ ਸਿਰਫ ਭਾਰਤ ਹੀ ਨਹੀਂ ਸਗੋਂ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿੱਚ ਬਾਬਾ ਸਾਹਿਬ ਦੇ ਪ੍ਰੀਨਿਰਵਾਣ ਦਿਵਸ ਸਬੰਧੀ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਸਮਾਗਮ ਕਰਵਾਏ ਜਾ ਰਹੇ ਹਨ ਅਤੇ ਬਾਬਾ ਸਾਹਿਬ ਨੂੰ ਸ਼ਰਧਾਂਜ਼ਲੀ ਦਿਤੀ ਜਾ ਰਹੀ ਹੈ।

# ਜਿਹਲਮ ਤੋਂ ਜਨਪਥ ਤਕ ਦਾ ਸਫ਼ਰ ਬਰਾਸਤਾ ਜਲੰਧਰ

ਦੀਪਕ ਜਲੰਧਰੀ

ਇੰਦਰ ਕੁਮਾਰ ਗੁਜਰਾਲ ਨੇ 21 ਅਪ੍ਰੈਲ 1997 ਤੋਂ 19 ਮਾਰਚ 1998 ਤਕ ਦੇਸ਼ ਦੇ 12ਵੇਂ ਪ੍ਰਧਾਨ ਮੰਤਰੀ ਵਜੋਂ ਸੇਵਾਵਾਂ ਨਿਭਾਈਆਂ ਸਨ। ਉਨ੍ਹਾਂ ਦੀ 100ਵੀਂ ਵਰ੍ਹੇਗੰਢ 'ਤੇ ਜਲੰਧਰ ਨਾਲ ਉਨ੍ਹਾਂ ਦੇ ਜੁੜਾਵ ਦਾ ਜ਼ਿਕਰ ਕਰਨਾ ਮੈਂ ਜ਼ਰੂਰੀ ਸਮਝਦਾ ਹਾਂ। ਗੁਜਰਾਲ ਸਾਹਿਬ ਦਾ ਪਰਿਵਾਰ 1947 'ਚ ਹੋਈ ਦੇਸ਼ ਦੀ ਵੰਡ ਕਾਰਨ ਜਿਹਲਮ ਤੋਂ ਬਰਾਂਡਰਥ ਰੋਡ, ਜਲੰਧਰ ਵਿਖੇ ਆ ਵੱਸਿਆ। ਜੀਟੀ ਰੋਡ ਨੂੰ ਬਾਜ਼ਾਰ ਸ਼ੇਖਾਂ ਨਾਲ ਮਿਲਾਉਣ ਵਾਲੀ ਸੜਕ ਹੀ ਬਰਾਂਡਰਥ ਰੋਡ ਕਹਾਉਂਦੀ ਹੈ। ਆਜ਼ਾਦੀ ਘੁਲਾਟੀਏ ਹੋਣ ਕਾਰਨ ਸਮਾਜ ਵਿਚ ਉਨ੍ਹਾਂ ਦੇ ਪਰਿਵਾਰ ਦਾ ਬਹੁਤ ਸਤਿਕਾਰ ਸੀ। ਇੰਦਰ ਕੁਮਾਰ ਗੁਜਰਾਲ ਦਾ ਜਨਮ 4 ਦਸੰਬਰ 1919 ਨੂੰ ਹੋਇਆ ਸੀ। ਉਨ੍ਹਾਂ ਦੇ ਪਿਤਾ ਅਵਤਾਰ ਨਾਰਾਇਣ ਗੁਜਰਾਲ ਜਿਹਲਮ ਦੇ ਇਕ ਵੱਡੇ ਵਕੀਲ ਸਨ ਅਤੇ ਮਾਤਾ ਪੁਸ਼ਪਾਵਤੀ ਗੁਜਰਾਲ ਇਕ ਸਮਾਜ ਸੇਵੀ ਸਨ। ਇਸ ਦਾ ਸਬੂਤ ਇਹ ਹੈ ਕਿ ਉਨ੍ਹਾਂ ਨੇ ਜਲੰਧਰ ਵਿਚ ਨਾਰੀ-ਨਿਕੇਤਨ ਦਾ ਆਰੰਭ ਕੀਤਾ। ਅੱਜ ਤਕ ਇਹ ਸੰਸਥਾ ਬੜੀ ਨਿਸ਼ਠਾ ਤੇ ਸੇਵਾਭਾਵ ਨਾਲ ਚੱਲ ਰਹੀ ਹੈ। ਸੰਨ 1929 ਵਿਚ ਗੁਜਰਾਲ ਸਾਹਿਬ ਜਦੋਂ 10 ਸਾਲ ਦੀ ਉਮਰ ਦੇ ਸਨ ਤਾਂ ਉਨ੍ਹਾਂ ਦੇ ਪਿਤਾ ਅਵਤਾਰ ਨਾਰਾਇਣ ਰਾਵੀ ਕੰਢੇ ਹੋਣ ਵਾਲੇ ਕਾਂਗਰਸ ਦੇ ਇਜਲਾਸ ਵਿਚ ਸ਼ਾਮਲ ਹੋਣ ਮੌਕੇ ਉਨ੍ਹਾਂ ਨੂੰ ਆਪਣੇ ਨਾਲ ਲੈ ਗਏ। ਉਸ ਇਜਲਾਸ ਦੀ ਪ੍ਰਧਾਨਗੀ ਪੰਡਿਤ ਜਵਾਹਰਲਾਲ ਨਹਿਰੂ ਨੇ ਕੀਤੀ ਸੀ। ਗੁਜਰਾਲ ਸਾਹਿਬ ਨੇ ਆਪਣੀਆਂ ਲਿਖਤਾਂ ਵਿਚ ਕਾਂਗਰਸ ਦੇ ਇਸ ਸੈਸ਼ਨ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਉਨ੍ਹਾਂ ਦੇ ਮਨ ਵਿਚ ਸ਼ਹੀਦ ਭਗਤ ਸਿੰਘ ਪ੍ਰਤੀ ਬਹੁਤ ਹੀ ਸਤਿਕਾਰ ਸੀ ਅਤੇ ਉਹ ਉਨ੍ਹਾਂ ਤੋਂ ਪ੍ਰੇਰਿਤ ਵੀ ਸਨ। ਉਨ੍ਹਾਂ ਨੇ ਆਪਣੀ ਮੁੱਢਲੀ ਵਿੱਦਿਆ ਲਾਹੌਰ ਤੋਂ ਹਾਸਲ ਕੀਤੀ ਅਤੇ ਫਿਰ ਉੱਚ ਵਿੱਦਿਆ ਕਰਾਚੀ ਤੇ ਜਿਹਲਮ ਤੋਂ ਹਾਸਲ ਕੀਤੀ ਸੀ।

ਇੰਦਰ ਕੁਮਾਰ ਗੁਜਰਾਲ ਕੁਝ ਦੇਰ ਜਲੰਧਰ ਵਿਚ ਰੁਕ ਕੇ ਦਿੱਲੀ ਚਲੇ ਗਏ। ਉੱਥੇ ਉਨ੍ਹਾਂ ਦੇ ਰਾਜਨੀਤਕ ਸੰਘਰਸ਼ ਨੂੰ ਉਦੋਂ ਮਾਨਤਾ ਮਿਲੀ ਜਦੋਂ ਉਨ੍ਹਾਂ ਨੂੰ ਦਿੱਲੀ ਨਗਰ ਨਿਗਮ ਦੇ ਡਿਪਟੀ ਮੇਅਰ ਵਜੋਂ ਚੁਣ ਲਿਆ ਗਿਆ। ਉਸ ਤੋਂ ਬਾਅਦ ਉਹ ਦਿੱਲੀ ਮਹਾਨਗਰ ਦੇ ਮਹਾਂਪੌਰ (ਮੇਅਰ) ਵੀ ਬਣੇ। ਕਾਂਗਰਸ ਪਾਰਟੀ ਵਿਚ ਉਨ੍ਹਾਂ ਦੀ ਪਛਾਣ ਬਹੁਤ ਬਣ ਚੁੱਕੀ ਸੀ। ਉਨ੍ਹਾਂ ਨੂੰ ਰਾਜ ਸਭਾ ਦਾ ਮੈਂਬਰ ਚੁਣ ਲਿਆ ਗਿਆ ਸੀ। ਉਨ੍ਹਾਂ ਦੀ ਸੂਝ-ਬੂਝ ਦਾ ਪ੍ਰਭਾਵ ਬੜੀ ਦੂਰ ਤਕ ਫੈਲਿਆ ਅਤੇ ਉਨ੍ਹਾਂ ਨੂੰ ਰਾਜ ਮੰਤਰੀ ਬਣਾ ਕੇ ਹਾਊਸਿੰਗ ਮਹਿਕਮੇ ਦੀ ਜ਼ਿੰਮੇਵਾਰੀ ਸੌਂਪੀ ਗਈ। ਆਈਕੇ ਗੁਜਰਾਲ ਨੇ ਸ਼ਹੀਦ ਭਗਤ ਸਿੰਘ ਕਾਲੋਨੀ ਬਣਾਉਣ ਦਾ ਉਪਰਾਲਾ ਕੀਤਾ। ਇਹ ਕਾਲੋਨੀ ਉਨ੍ਹਾਂ ਲੋਕਾਂ ਵਾਸਤੇ ਸੀ ਜੋ ਆਰਥਿਕ ਤੌਰ 'ਤੇ ਕਮਜ਼ੋਰ ਸਨ। ਜਲੰਧਰ ਦੇ ਰੇਡੀਓ ਸਟੇਸ਼ਨ ਦਾ ਉਪਰਾਲਾ ਉਨ੍ਹਾਂ ਦਾ ਮਿੱਤਰ ਕਰਤਾਰ ਸਿੰਘ ਦੁੱਗਲ ਕਰ ਰਿਹਾ ਸੀ। ਉਨ੍ਹਾਂ ਨੇ ਰੇਡੀਓ ਸਟੇਸ਼ਨ ਮਨਜ਼ੂਰ ਕਰਵਾਉਣ ਵਿਚ ਦਿੱਲੀ ਤੋਂ ਦੁੱਗਲ ਸਾਹਿਬ ਦੀ ਬਹੁਤ ਸਹਾਇਤਾ ਕੀਤੀ। ਉਹ ਚਾਹੁੰਦੇ ਸਨ ਕਿ ਜਲੰਧਰ ਵਿਚ ਰੇਡੀਓ ਸਟੇਸ਼ਨ ਛੇਤੀ ਤੋਂ ਛੇਤੀ ਸਥਾਪਤ ਹੋਵੇ। ਜਲੰਧਰ ਤੋਂ ਦੂਰਦਰਸ਼ਨ ਸਟੇਸ਼ਨ ਬਣਾਉਣ ਬਾਰੇ ਇਕ ਗੱਲ ਮੈਂ ਦੱਸਣੀ ਚਾਹੁੰਦਾ ਹਾਂ। ਉਸ ਸਮੇਂ ਉਹ ਸੂਚਨਾ ਤੇ ਪ੍ਰਸਾਰਣ ਰਾਜ ਮੰਤਰੀ ਸਨ। ਡਾ. ਸਾਧੂ ਸਿੰਘ ਹਮਦਰਦ ਨੇ ਇਕ ਮੁਲਾਕਾਤ ਵਿਚ ਗੁਜਰਾਲ ਸਾਹਿਬ ਨੂੰ ਕਿਹਾ ਕਿ ਜਿਹੜਾ ਦੂਰਦਰਸ਼ਨ ਕੇਂਦਰ ਤੁਸੀਂ ਰਾਜਸਥਾਨ ਵਿਚ ਲਾਇਆ ਹੈ, ਉਸ ਦੀ ਪਹਿਲੀ ਲੋੜ ਜਲੰਧਰ ਹੈ। ਗੁਜਰਾਲ ਸਾਹਿਬ ਨੇ ਇਹ ਗੱਲ ਮੰਨ ਲਈ ਅਤੇ ਦੂਰਦਰਸ਼ਨ ਦਾ ਜਿਹੜਾ ਸਾਮਾਨ ਰਾਜਸਥਾਨ ਗਿਆ ਸੀ, ਉਹ ਜਲੰਧਰ ਆਉਣਾ ਸ਼ੁਰੂ ਹੋ ਗਿਆ। ਜਿਸ ਦਿਨ ਦੂਰਦਰਸ਼ਨ ਕੇਂਦਰ ਜਲੰਧਰ ਦਾ ਨੀਂਹ ਪੱਥਰ ਰੱਖਿਆ ਗਿਆ, ਉਸ ਦਿਨ ਰੇਡੀਓ ਸਟੇਸ਼ਨ ਤੋਂ ਉਸ ਦਾ ਸਮਾਗਮ ਹੋਇਆ ਜਿਸ ਵਿਚ ਇਕ 8-9 ਸਾਲ ਦੀ ਕੁੜੀ ਜਸਪਿੰਦਰ ਨਰੂਲਾ ਨੇ 'ਦਮਾ-ਦਮਾ ਮਸਤ ਕਲੰਦਰ' ਗਾਣਾ ਇੰਨਾ ਵਧੀਆ ਗਾਇਆ ਕਿ ਗੁ-ਜਰਾਲ ਸਾਹਿਬ ਨੇ ਉਸ ਨੂੰ ਸ਼ਾਬਾਸ਼ ਦਿੱਤੀ। ਦੂਰਦਰਸ਼ਨ ਜਲੰਧਰ ਦਾ ਆਰੰਭ ਸੰਨ 1978 ਵਿਚ ਲਾਲ ਕ੍ਰਿਸ਼ਨ ਅਡਵਾਨੀ ਦੇ ਹੱਥੀਂ ਹੋਇਆ ਸੀ ਜੋ ਉਸ ਸਮੇਂ ਸੂਚਨਾ ਤੇ ਪ੍ਰਸਾਰਣ ਮੰਤਰੀ ਸਨ। ਦੂਰਦਰਸ਼ਨ ਜਲੰਧਰ ਦੇ ਪਹਿਲੇ ਡਾਇਰੈਕਟਰ ਏ. ਐੱਸ. ਤਾਤਾਰੀ ਸਨ ਜੋ ਹਿੰਦੀ ਦੇ ਚੰਗੇ ਕਵੀ ਸਨ।



ਇੰਦਰ ਕੁਮਾਰ ਗੁਜਰਾਲ ਦੇ ਕਰੀਬੀ ਦੋਸਤਾਂ ਵਿਚ ਪ੍ਰਸਿੱਧ ਸ਼ਾਇਰ ਸਾਹਿਰ ਲੁਧਿਆਣਵੀ, ਫ਼ੈਜ਼ ਅਹਿਮਦ ਫ਼ੈਜ਼, ਕਰਤਾਰ ਸਿੰਘ ਦੁੱਗਲ, ਪ੍ਰਸਿੱਧ ਕਾਲਮਨਵੀਸ ਕੁਲਦੀਪ ਨਈਅਰ ਅਤੇ ਏਅਰ ਮਾਰਸ਼ਲ ਅਰਜਨ ਸਿੰਘ ਸ਼ਾਮਲ ਸਨ।

ਗੁਜਰਾਲ ਸਾਹਿਬ ਦੇ ਜਲੰਧਰ ਨਾਲ ਮੋਹ ਦਾ ਹੋਰ ਪ੍ਰਮਾਣ ਇਹ ਹੈ ਕਿ 'ਪਿਮਸ' ਦੇ ਨਿਰਮਾਣ ਲਈ ਪੱਚੀ ਕਰੋੜ ਰੁਪਈਆ ਉਨ੍ਹਾਂ ਨੇ ਮਨਜ਼ੂਰ ਕੀਤਾ ਸੀ। ਬੂਟਾਂ ਮੰਡੀ ਵਿਚ ਇਕ ਛੱਪੜ ਨੂੰ ਸੁੰਦਰ ਪਾਰਕ ਬਣਾਉਣ ਲਈ ਦਸ-ਲੱਖ ਰੁਪਈਆ ਦਿੱਤਾ। ਸੋਮ ਪ੍ਰਕਾਸ਼ ਜੋ ਮੌਜੂਦਾ ਸਮੇਂ ਰਾਜ ਮੰਤਰੀ ਹਨ, ਉਸ ਵੇਲੇ ਜਲੰਧਰ ਦੇ ਡਿਪਟੀ ਕਮਿਸ਼ਨਰ ਸਨ। ਰਾਮਾ ਮੰਡੀ ਫਲਾਈਓਵਰ ਲਈ ਚਾਰ ਕਰੋੜ ਰੁਪਏ ਦਿੱਤੇ। ਦੋਮੋਰੀਆ ਪੁ਼ਲ ਫਲਾਈਓਵਰ ਦੇ ਨਿਰਮਾਣ ਸਬੰਧੀ ਜਲੰਧਰ ਆ ਕੇ ਐਲਾਨ ਕੀਤਾ ਅਤੇ ਬਣਾਉਣ ਹਿੱਤ ਉਪਰਾਲਾ ਕੀਤਾ ਜੋ ਕਿ ਹੁਣ ਬਣ ਚੁੱਕਾ ਹੈ। ਇਸੇ ਤਰ੍ਹਾਂ ਉਨ੍ਹਾਂ ਨੇ ਜਲੰਧਰ ਵਿਚ 100 ਦੇ ਕਰੀਬ ਟਿਊਬਵੈੱਲ ਲਾਉਣ ਲਈ 10 ਕਰੋੜ ਰੁਪਈਏ ਜਾਰੀ ਕੀਤੇ।

ਜਲੰਧਰ-ਕਪੂਰਥਲਾ ਰੋਡ 'ਤੇ ਜਿਸ ਜਗ੍ਹਾ ਸਾਇੰਸ ਸਿਟੀ ਬਣੀ ਹੈ, ਇਹ ਜਗ੍ਹਾ ਹਵਾਈ ਅੱਡੇ ਲਈ ਖ਼ਰੀਦੀ ਗਈ ਸੀ। ਜਲੰਧਰ ਵਿਖੇ ਗੁਲਾਮ ਨਬੀ ਆਜ਼ਾਦ ਇਕ ਪ੍ਰੋਗਰਾਮ ਸਬੰਧੀ ਆਏ ਤਾਂ ਉਨ੍ਹਾਂ ਨੇ ਕਿਹਾ ਕਿ 'ਹਵਾਈ ਅੱਡਾ ਮੱਝ ਖ਼ਰੀਦਣ ਦੇ ਬਰਾਬਰ ਨਹੀਂ ਹੁੰਦਾ।' ਜਦੋਂ ਗੁਜਰਾਲ ਸਾਹਿਬ ਦੇਸ਼ ਦੇ ਪ੍ਰਧਾਨ ਮੰਤਰੀ ਬਣੇ ਤਾਂ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਸਾਡੇ ਕੋਲ ਜ਼ਮੀਨਾਂ ਥੋੜ੍ਹੀਆਂ ਨੇ, ਸਰਕਾਰ ਹੋਰ ਜ਼ਮੀਨ ਨਾ ਲਵੇ। ਗੁਜਰਾਲ ਸਾਹਿਬ ਨੇ ਇਹ ਗੱਲ ਮੰਨ ਲਈ ਅਤੇ ਹਵਾਈ ਅੱਡੇ ਦੀ ਜਗ੍ਹਾ ਉਤੇ ਸਾਇੰਸ ਸਿਟੀ ਬਣਾਉਣ ਦੀ ਯੋਜਨਾ ਬਣੀ। ਦੇਸ਼ ਵਿਚ ਇਕ ਸਾਇੰਸ ਸਿਟੀ ਕਲਕੱਤੇ ਵਿਖੇ ਮੌਜੂਦ ਹੈ ਅਤੇ ਦੂਜੀ ਜਲੰਧਰ ਵਿਚ ਹੈ। ਇਸ ਦਾ ਪਹਿਲਾ ਡਾਇਰੈਕਟਰ ਜਨਰਲ ਖੰਡਪੁਰ ਸੀ। ਗੁਜਰਾਲ ਸਾਹਿਬ ਨੇ ਪੰਜਾਬ ਸਿਰ ਅੱਤਵਾਦ ਸਮੇਂ ਸੁਰੱਖਿਆ ਦੇ ਖ਼ਰਚੇ ਦੇ 8500 ਕਰੋੜ ਰੁਪਈਏ ਮਾਫ਼ ਕਰਨ ਦਾ ਐਲਾਨ ਵੀ ਕੀਤਾ। ਡਾ. ਬਰਜਿੰਦਰ ਸਿੰਘ ਹਮਦਰਦ ਦੇ ਕਹਿਣ 'ਤੇ ਇਕ ਵੱਡੇ ਸੂਫ਼ੀ ਗਾਇਕ ਨੂੰ ਦੇਸ਼ ਭਗਤ ਯਾਦਗਾਰ ਹਾਲ ਦੀ ਸਟੇਜ 'ਤੇ ਸਨਮਾਨਿਤ ਕੀਤਾ। ਗੁਜਰਾਲ ਸਾਹਿਬ 30 ਨਵੰਬਰ 2012 ਨੂੰ ਮੇਦਾਂਤਾ-ਦਿ ਮੈਡੀਸਿਟੀ ਹਸਪਤਾਲ ਗੁੜਗਾਓਂ ਵਿਖੇ ਸਵਰਗ ਸਿਧਾਰ ਗਏ ਸਨ। ਜਲੰਧਰ ਨਾਲ ਗੁਜਰਾਲ ਸਾਹਿਬ ਦੇ ਜੁੜਾਵ ਦੀਆਂ ਗੱਲਾਂ ਤਾਂ ਹੋਰ ਵੀ ਬਹੁਤ ਹਨ। ਕਦੇ ਫਿਰ ਸਹੀ। ਅਸੀਂ ਉਨ੍ਹਾਂ ਦੀ 100ਵੀਂ ਵਰ੍ਹੇਗੰਢ 'ਤੇ ਉਨ੍ਹਾਂ ਨੂੰ ਨਮਨ ਕਰਦੇ ਹਾਂ।

# ਪੰਜਾਬ ਨੂੰ ਢਾਅ ਲਾ ਰਹੇ ਹਨ ਦਲਿਤਾਂ 'ਤੇ ਬਾਰ ਬਾਰ ਅੱਤਿਆਚਾਰ



ਐਸ ਐਲ ਵਿਰਦੀ ਐਡਵੋਕੇਟ
91-98145 17499

ਪੰਜਾਬ ਦੇ ਜ਼ਿਲ੍ਹਾ ਸੰਗਰੂਰ ਦੇ ਪਿੰਡ ਚੰਗਾਲੀਵਾਲਾ ਵਿਚ ਦਲਿਤ ਪਰਿਵਾਰ ਨਾਲ ਸਬੰਧਤ ਇੱਕ 37 ਸਾਲਾ ਨੌਜਵਾਨ ਜਗਮੇਲ ਸਿੰਘ ਉਪਰ ਉਸ ਦੇ ਹੀ ਪਿੰਡ ਦੇ ਜ਼ਿਮੀਂਦਾਰਾਂ ਦੇ ਚਾਰ ਕਾਕਿਆਂ ਵੱਲੋਂ ਰੌਂਗਟੇ ਖੜੇ ਕਰ ਦੇਣ ਅਣਮਨੁੱਖੀ ਤਸ਼ੱਦਦ ਕਾਰਨ ਪੀ ਜੀ ਆਈ ਚੰਡੀਗੜ੍ਹ 'ਚ ਜ਼ੇਰੇ ਇਲਾਜ ਉਸ ਦੀ ਮੌਤ ਹੋ ਗਈ। ਜਗਮੇਲ ਸਿੰਘ ਦੀ ਪਤਨੀ ਅਤੇ ਭੈਣ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਜਗਮੇਲ ਸਿੰਘ ਡਿਪਰੈਸ਼ਨ ਦਾ ਮਰੀਜ਼ ਸੀ ਉਸ ਦੀ ਪਿੰਡ ਦੇ ਹੀ ਰਿੰਕੂ ਸਿੰਘ, ਅਮਰਜੀਤ ਸਿੰਘ, ਬਲਵਿੰਦਰ ਸਿੰਘ ਬਿੰਦਰ ਅਤੇ ਯਾਦਵਿੰਦਰ ਸਿੰਘ ਨਾਲ ਕਿਹਾ-ਸੁਣੀ ਹੋ ਗਈ। ਇਸ ਝਗੜੇ ਦਾ ਪੰਚਾਇਤੀ ਰਾਜ਼ੀਨਾਵਾਂ ਵੀ ਹੋ ਗਿਆ ਸੀ ਪਰ 7 ਨਵੰਬਰ ਨੂੰ ਜਦੋਂ ਜਗਮੇਲ ਸਿੰਘ ਇੱਕ ਪੰਚਾਇਤ ਮੈਂਬਰ ਦੇ ਘਰ ਬੈਠਾ ਸੀ ਤਾਂ ਜ਼ਿਮੀਦਾਰਾਂ ਦੇ ਮੁੰਡੇ ਮੋਟਰਸਾਈਕਲ 'ਤੇ ਆ ਕੇ ਉਸ ਨੂੰ ਕਹਿਣ ਲੱਗੇ ਕਿ ਚੱਲ ਤੈਨੂੰ ਦਵਾਈ ਦਵਾਉਣੀ ਹੈ। ਉਹ ਜਗਮੇਲ ਸਿੰਘ ਨੂੰ ਜ਼ਬਰੀ ਮੋਟਰਸਾਈਕਲ 'ਤੇ ਬਿਠਾ ਕੇ ਰਿੰਕੂ ਸਿੰਘ ਦੇ ਘਰ ਲੈ ਗਏ। ਜਿੱਥੇ ਜ਼ਿਮੀਦਾਰ ਅਮਰਜੀਤ ਸਿੰਘ ਪਹਿਲਾਂ ਹੀ ਬੈਠਾ ਸੀ। ਉਹਨਾਂ ਨੇ ਜਗਮੇਲ ਸਿੰਘ ਨੂੰ ਥਮਲੇ ਨਾਲ ਬੰਨ੍ਹ ਕੇ ਡਾਂਗਾਂ ਤੇ ਰਾਡਾਂ ਨਾਲ ਕੁੱਟਿਆ, ਫਿਰ ਉਸ ਦੀਆਂ ਲੱਤਾਂ ਦੀ ਭੰਨ ਤੋੜ ਕਰਕੇ ਉਸ 'ਤੇ ਤੇਜ਼ਾਬ ਪਾਇਆ। ਜਦੋਂ ਉਸ ਨੇ ਪੀਣ ਲਈ ਪਾਣੀ ਮੰਗਿਆ ਤਾਂ ਉਸ ਨੂੰ ਜ਼ਬਰਦਸਤੀ ਪਿਸ਼ਾਬ ਪਿਲਾਇਆ ਗਿਆ। ਇੰਨਾ ਹੀ ਨਹੀ, ਜ਼ਾਲਮ ਇੰਨੇ ਜ਼ਨੂੰਨੀ ਹੋ ਗਏ ਕਿ ਉਹਨਾਂ ਵਾਸਤੇ ਪਾ ਰਹੇ ਜਗਮੇਲ ਸਿੰਘ ਦੀਆਂ ਲੱਤਾਂ ਤੋਂ ਮਾਸ ਨੂੰ ਜੰਬੂਰ ਨਾਲ ਬਾਰ-ਬਾਰ ਨੋਚਿਆ।

ਦੁਖ ਦੀ ਗੱਲ ਤਾਂ ਇਹ ਹੈ ਕਿ ਲਹਿਰਾਗਾਗਾ ਹਸਪਤਾਲ ਦੇ ਡਾਕਟਰਾਂ ਨੇ ਉਸ ਨੂੰ ਫਾਸਟਏਡ ਸਹਾਇਤਾ ਨਹੀ ਦਿੱਤੀ, ਤੜਫਦੇ ਜਗਮੇਲ ਸਿੰਘ ਨੂੰ ਸੰਗਰੂਰ ਦੇ ਹਸਪਤਾਲ ਭੇਜ ਦਿੱਤਾ। ਸੰਗਰੂਰ ਵਾਲਿਆ ਨੇ ਬੇਇੰਤਾਹ ਕਰਲਾਉਂਦੇ.ਲਗਮੇਲ ਸਿੰਘ ਨੂੰ ਪਟਿਆਲੇ ਦੇ ਹਸਪਤਾਲ ਭੇਜ ਦਿੱਤਾ। ਪਟਿਆਲੇ ਵਾਲਿਆ ਨੇ ਉਸ ਨੂੰ ਪੀ ਜੀ ਆਈ ਚੰਡੀਗੜ੍ਹ ਭੇਜ ਦਿੱਤਾ। ਇਸੇ ਦਰਮਿਆਨ ਇਨਫੈਕਸ਼ਨ ਇੰਨੀ ਵੱਧ ਗਈ ਸੀ ਕਿ ਉਸ ਦੀਆਂ ਦੋਵੇਂ ਲੱਤਾਂ ਕੱਟਣੀਆ ਪਈਆਂ। ਪਰ ਇਨਫੈਕਸ਼ਨ ਹੱਦੋ ਵੱਧ ਜਾਣ ਕਾਰਨ ਰਾਤ ਨੂੰ ਹੀ ਉਸ ਦੀ ਮੌਤ ਹੋ ਗਈ। ਇੰਨਾ ਹੀ ਨਹੀ ਜਗਮੇਲ ਬਾਰੇ ਪੁਲੀਸ ਨੂੰ ਪਤਾ ਹੋਣ ਦੇ ਬਾਵਜੂਦ ਵੀ ਉਸ ਨੇ ਪਰਚਾ ਦਰਜ ਨਹੀ ਕੀਤਾ। ਪੁਲੀਸ ਅਤੇ ਡਾਕਟਰਾਂ ਵੱਲੋਂ ਕੀਤੀ ਗਈ ਦੇਰੀ ਬਾਰੇ ਵੱਖ ਵੱਖ ਪਾਰਟੀਆਂ ਤੇ ਕਿਰਤੀ-ਕਿਸਾਨ ਯੂਨੀਅਨਾਂ ਦੇ ਆਗੂ ਇਸ ਪਿੱਛੇ ਕਿਸੇ ਰਾਜਨੀਤਕ ਦਬਾ ਹੋਣ ਦੇ ਤਰ੍ਹਾਂ ਤਰਾਂ ਦੇ ਸਵਾਲ ਖੜ੍ਹੇ ਕਰ ਰਹੇ ਹਨ ਅਤੇ ਅਣਗਹਿਲੀ ਕਰਨ ਵਾਲੇ ਮੁਲਾਜ਼ਮਾਂ ਤੇ ਅਫ਼ਸਰਾਂ ਦੇ ਖਿਲਾਫ ਵੀ ਕਾਰਵਾਈ ਦੀ ਮੰਗ ਕਰ ਰਹੇ ਹਨ। ਵੈਸੇ ਐਸ. ਸੀ. ਐਸ. ਟੀ. ਅੱਤਿਆਚਾਰ ਰੋਕੂ ਐਕ ਵਿਚ ਹੀ ਐਸੇ ਅਫ਼ਸਰਾਂ ਦੇ ਖਿਲਾਫ਼ ਕਾਰਵਾਈ ਦੀ ਧਾਰਾ ਹੈ। ਲੋਕਾਂ ਵਿਚ ਪ੍ਰਚੰਡ ਹੋਏ ਰੋਹ ਅਤੇ ਧਰਨਿਆ ਦੇ ਬਾਅਦ ਹੀ ਕੇਸ ਦਰਜ ਹੋਇਆ ਅਤੇ ਦੋਸ਼ੀ ਫੜੇ ਗਏ। ਇੱਥੇ ਇਹ ਵੀ ਜ਼ਿਕਰਯੋਗ ਕਿ ਕੋਈ ਦੋ ਸਾਲ ਪਹਿਲਾਂ ਜਗਮੇਲ ਸਿੰਘ ਦੇ ਭਰਾ ਗੁਰਤੇਜ ਸਿੰਘ ਦੀ ਵੀ ਪਿੰਡ ਦੇ ਹੀ ਜ਼ਿਮੀਦਾਰਾਂ ਨੇ ਕੁੱਟ ਮਾਰ ਕਰਕੇ ਉਸ ਦੀਆਂ ਦੋਵੇ ਬਾਂਹਾਂ ਤੋੜ ਦਿੱਤੀਆ ਸਨ। ਉਹ ਅੱਜ ਅਪਾਹਜ ਦਾ ਜੀਵਨ ਜਿਉਂ ਰਿਹਾ ਹੈ।

ਪੰਜਾਬ ਵਿਚ ਇਹ ਕੋਈ ਪਹਿਲੀ ਘਟਨਾ ਨਹੀ ਹੈ। ਮਾਨਸਾ ਜ਼ਿਲ੍ਹੇ ਦੇ ਪਿੰਡ ਝੱਬਰ ਦਾ ਦਲਿਤ ਖੇਤ ਮਜ਼ਦੂਰ ਬੰਤ ਸਿੰਘ ਝੱਬਰ ਵੀ ਜਗਮੇਲ ਸਿੰਘ ਵਾਂਗ ਹੀ ਹੈਕੜਬਾਜ਼ ਜ਼ਿਮੀਦਾਰਾਂ ਦੇ ਜ਼ਬਰ-ਜ਼ੁਲਮ ਦਾ ਸ਼ਿਕਾਰ ਹੋਇਆ। ਸੰਖੇਪ ਗੱਲ ਇਹ ਹੈ ਕਿ ਬੰਤ ਸਿੰਘ ਨੇ ਆਪਣੀ ਧੀ ਦੀ ਇੱਜ਼ਤ ਨਾਲ ਖਲਵਾੜ ਕਰਨ ਵਾਲੇ ਧਨਾਡ ਜ਼ਿਮੀਦਾਰਾਂ ਨੂੰ ਅਦਾਲਤ ਵਿਚ ਕੇਸ ਕਰਕੇ ਉਮਰ ਕੈਦ ਕਰਵਾ ਦਿੱਤੀ। ਇਕ ਦਿਨ ਜਦ ਉਹ ਘਰ ਵਾਪਸ ਆ ਰਿਹਾ ਸੀ ਤਾਂ ਰਸਤੇ ਵਿਚ ਹੀ ਪਿੰਡ ਦੇ ਬਾਹਰ ਸੱਤ ਜ਼ਿਮੀਦਾਰਾਂ ਨੇ ਉਸ 'ਤੇ ਹਮਲਾ ਕਰ ਦਿੱਤਾ ਸੀ। ਜ਼ਿਮੀਦਾਰ ਜ਼ਾਬਰਾਂ ਨੇ ਬੰਤ ਸਿੰਘ ਦੀ ਬਹੁਤ ਹੀ ਬੇਰਹਿਮੀ ਨਾਲ ਡਾਂਗਾਂ ਤੇ ਰਾਡਾ ਨਾਲ ਕੁੱਟਮਾਰ ਕੀਤੀ ਅਤੇ ਉਸ ਨੂੰ ਮਰਿਆ ਹੋਇਆ ਸਮਝ ਕੇ ਛੱਡ ਗਏ। ਜ਼ਿਮੀਦਾਰਾਂ 'ਚ ਜਾਤੀ ਜਨੂੰਨ ਇਸ ਕਦਰ ਭਾਰੂ ਸੀ ਕਿ ਉਨ੍ਹਾਂ ਨੇ ਪਿੰਡ 'ਚ ਝੱਬਰ ਦੇ ਇੱਕ ਸਾਥੀ ਨੂੰ ਫੋਨ ਕਰਕੇ ਕਿਹਾ ਕਿ ਤੁਹਾਡਾ ਯੋਧਾ ਬੰਤ ਮਰਿਆ ਪਿਆ, ਉਸ ਦੀ ਲਾਸ਼ ਚੁੱਕ ਕੇ ਲੈ ਜਾਓ ਦਾ ਹੁਕਮ ਲਾ ਦਿੱਤਾ। ਪਰ ਬੰਤ ਸਿੰਘ ਝੱਬਰ ਅਜੇ ਜਿੰਦਾ ਸੀ। ਪਿੰਡ ਦੇ ਲੋਕਾਂ ਤੇ ਕਾਮਰੇਡ ਸੁੱਦਰਸ਼ਨ ਨੱਤ ਹੁਣੀ ਬੰਤ ਸਿੰਘ ਨੂੰ ਚੁੱਕ ਕੇ ਪਟਿਆਲਾ ਦੇ ਹਸਪਤਾਲ ਲੈ ਗਏ, ਉਹਨਾਂ ਪੀ ਜੀ ਆਈ ਚੰਡੀਗੜ੍ਹ ਭੇਜ ਦਿੱਤਾ। ਗੈਂਗਰੀਨ ਹੋਣ ਕਰਕੇ ਡਾਕਟਰਾਂ ਵੱਲੋਂ ਉਸ ਦੀਆਂ ਦੋਵੇਂ ਬਾਹਾਂ ਅਤੇ ਇੱਕ ਲੱਤ ਨੂੰ ਕੱਟ ਕੇ ਉਸ ਦੀ ਜਾਨ ਬਚਾ ਲਈ ਗਈ ਸੀ। ਹੁਣ ਉਹ ਕੋਹਾਂ ਦੂਰੀ ਤੋਂ ਵੀਲਚੇਅਰ 'ਤੇ ਚਲਕੇ ਜਗਮੇਲ ਸਿੰਘ ਨੂੰ ਇਨਸਾਫ ਦਿਵਾਉਣ ਲਈ ਪਰਿਵਾਰ ਸਮੇਤ ਚੰਗਾਲੀਵਾਲਾ ਧਰਨੇ ਉੱਤੇ ਬੈਠਾ ਸੀ।

ਪੰਜਾਬ ਦੇ ਹੀ ਅਬੋਹਰ ਵਿਖੇ ਇਕ ਰਾਜਨੀਤਕ ਆਗੂ ਸ਼ਿਵ ਲਾਲ ਡੋਡਾ ਦੇ ਫਾਰਮ 'ਤੇ ਦਲਿਤ ਭੀਮ ਟਾਂਕ ਦੀ ਬੇਰਹਿਮੀ ਨਾਲ ਕੁੱਟ ਮਾਰ ਕਰਕੇ ਉਸ ਦੇ ਹੱਥ-ਪੈਰ ਵੱਡ ਦਿੱਤੇ ਗਏ ਤੇ ਬਾਅਦ ਵਿਚ ਉਸ ਦੀ ਮੌਤ ਹੋ ਗਈ ਸੀ। ਸ਼ਰਾਬ ਦੇ ਵੱਡੇ ਵਪਾਰੀ ਸ਼ਿਵ ਲਾਲ ਡੋਡਾ ਦਾ ਰਾਜਨੀਤਕ ਪ੍ਰਭਾਵ ਇੰਨਾ ਪ੍ਰਭਾਵਸ਼ਾਲੀ ਸੀ ਕਿ ਲੋਕਾਂ ਦੇ ਪ੍ਰਚੰਡ ਸੰਘਰਸ਼ ਬਾਅਦ ਹੀ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕੀਤਾ ਸੀ। ਪਰ ਉਹ ਜ਼ੇਲ੍ਹ ਦੇ ਅੰਦਰ ਵੀ 'ਲੋਕ ਦਰਬਾਰ' ਲਾ ਕੇ ਆਪਣੇ ਹਲਕੇ ਦੇ ਲੋਕਾਂ ਦੇ ਮਸਲਿਆ ਦੇ ਫੈਸਲੇ ਸੁਣਾਉਦਾ ਰਿਹਾ। ਚੇਤਨ ਲੋਕਾਂ ਦੇ ਤਿੱਖੇ ਵਿਰੋਧ ਬਾਅਦ ਹੀ ਸਰਕਾਰ ਨੂੰ ਸਖ਼ਤੀ ਵਰਤਣੀ ਪਈ ਅਤੇ ਕਾਰਵਾਈ ਨੂੰ ਪ੍ਰਭਾਵਸ਼ਾਲੀ ਬਣਾਉਣਾ ਪਿਆ। ਸਿੱਟੇ ਵਜੋਂ 11 ਦਸੰਬਰ, 2015 ਦੀ ਇਸ ਘਟਨਾ ਸਬੰਧੀ ਅਗਸਤ, 2019 'ਚ ਅਦਾਲਤ ਨੇ ਫੈਸਲਾ ਸੁਣਾਉਂਦਿਆਂਡੋਡਾ ਸਮੇਤ 24 ਮੁਲਜ਼ਮਾਂ ਨੂੰ ਉਮਰ ਕੈਦ ਦੀ ਸਜ਼ਾ ਦੇ ਦਿੱਤੀ। ਇੱਥੇ ਜਿਕਰਯੋਗ ਹੈ ਕਿ ਜੇ ਸਰਕਾਰ ਸ਼ਿਵ ਲਾਲ ਡੋਡਾ ਤੇ ਹੋਰ ਲੋਕਾਂ ਵਲ੍ਹੋਂ ਕੀਤੀ ਗਈ ਘਿਨਾਉਣੀ ਹੱਤਿਆ ਲਈ ਦੋਸ਼ੀਆਂ ਦੇ ਖਿਲਾਫ ਠੋਸ ਸਬੂਤ ਸਾਹਮਣੇ ਲਿਆਉਦੀ ਤਾਂ ਮਿਸਾਲੀ ਸਜ਼ਾ ਹੁੰਦੀ ਤਾਂ ਚੰਗਾਲੀਵਾਲਾ ਦੇ ਅਪਰਾਧੀ ਅਜਿਹਾ ਘਿਨਾਉਣਾ ਅੱਤਿਆਚਾਰ ਕਰਨ ਦੀ ਜੁਰਰਤ ਨਾ ਕਰਦੇ।

ਜਾਤੀਵਾਦੀ ਹਉਮੈ ਉਚੀਆਂ ਜਾਤਾਂ ਦੇ ਲੋਕਾਂ ਨੂੰ ਕਿੰਨਾ ਹੰਕਾਰੀ ਅਤੇ ਹਿੰਸਕ ਬਣਾ ਸਕਦੀ ਹੈ ਉਸ ਦੀ ਉਦਾਹਰਣ ਸੰਗਰੂਰ ਜ਼ਿਲ੍ਹੇ ਦੇ ਹੀ ਪਿੰਡ ਜਲੂਰ ਦੀ ਹੈ। ਪੰਜਾਬ ਵਿਲਜ਼ ਕੌਮਨਲੈਂਡ ਐਕਟ ਦੇ ਮੁਤਾਬਕ ਪਿੰਡਾਂ ਵਿਚ ਜੋ ਪੰਚ-ਾਇਤੀ ਜ਼ਮੀਨ ਹੁੰਦੀ ਹੈ ਉਸ ਦਾ ਤੀਜਾ ਹਿੱਸਾ ਪਿੰਡ ਦੇ ਦਲਿਤਾਂ ਲਈ ਰਾਖਵਾਂ ਹੁੰਦਾ ਹੈ। ਪਿੰਡਾਂ ਦੇ ਚੌਧਰੀ ਤੇ ਰੱਜੇ-ਪੁੱਜੇ ਜ਼ਿਮੀਦਾਰ ਅਫ਼ਸਰਸ਼ਾਹੀ ਦੀ ਮਿਲੀ-ਭੁਗਤ ਨਾਲ ਇਸ ਰਾਖਵੀ ਜ਼ਮੀਨ 'ਤੇ ਕਬਜ਼ਾ ਕਰੀ ਰੱਖਦੇ ਹਨ। ਜਾਂ ਫਿਰ ਜ਼ਮੀਨ ਦੀ ਬੋਲੀ ਮੌਕੇ ਜ਼ਿਮੀਂਦਾਰਾਂ ਵੱਲੋਂ ਆਪਣੇ ਹੀ ਸੀਰੀ ਨੂੰ ਦਾਅਵੇਦਾਰ ਖੜਾ ਕਰਕੇ ਦਲਿਤਾਂ ਦੇ ਹਿੱਸੇ ਦੀ ਜ਼ਮੀਨ ਹਥਿਆ ਲਈ ਜਾਂਦੀ ਹੈ। ਪੰਚਾਇਤੀ ਜ਼ਮੀਨ ਵਿੱਚੋਂ ਦਲਿਤਾਂ ਦੇ ਹਿੱਸੇ ਦੀ ਸਾਢੇ ਸੋਲ੍ਹਾਂ ਏਕੜ ਜ਼ਮੀਨ ਬੋਲੀ 'ਤੇ ਲੈ ਲਈ ਤਾਂ ਜ਼ਿਮੀਦਾਰ ਸਰਦਾਰਾਂ ਨੇ ਦਲਿਤਾਂ ਦੇ ਹੱਕਾਂ ਲਈ ਅਗਵਾਈ ਕਰ ਰਹੇ ਨੌਜ਼ਵਾਨਾਂ ਦੀ ਮਾਤਾ ਗੁਰਦੇਵ ਕੌਰ ਨੂੰ ਵਿਹੜੇ 'ਚੋਂ ਧੂਹ ਲਿਆਦਾਂ। ਜਾਤੀ ਗਾਲ੍ਹਾਂ ਕੱਢ, ਉਸ ਨੂੰ ਕੁੱਟਦੇ ਗਏ, ਉਹ ਤਰਲੇ ਕੱਢਦੀ ਰਹੀ, ਵਾਹਿਗੁਰੂ ਦਾ ਵਾਸਤਾ ਪਾਉਦੀ ਰਹੀ, ਪਰ ਜ਼ਿਮੀਦਾਰਾਂ ਨੇ ਬੇਰਹਿਮੀ ਨਾਲ ਮਾਤਾ ਗੁਰਦੇਵ ਕੌਰ ਦੀ ਲੱਤ ਵੱਢ ਦਿੱਤੀ। ਉਹੀ ਮਾਤਾ ਗੁਰਦੇਵ ਕੌਰ ਜਿਹੜੀ ਪਿੰਡ ਦੇ ਰਹ ਵਾਸੀ ਨੂੰ ਪੁੱਤ-ਪੁੱਤ ਕਹਿ ਦਿਨ-ਰਾਤ ਅਸੀਸਾਂ ਦਿੰਦੀ ਸੀ, ਜ਼ਿਮੀਦਾਰ ਸਰਦਾਰਾਂ ਨੇ ਜਾਤੀ ਹਉਮੇਂ 'ਚ ਪੈਰਾਂ ਹੇਠ ਦਰੜ ਦਿੱਤੀ। ਮਾਤਾ ਗੁਰਦੇਵ ਕੌਰ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਪਰ ਉਹ ਦਮ ਤੋੜ ਗਈ। ਪੁਲਿਸ ਨੇ ਜ਼ਾਲਮਾਂ ਨੂੰ ਫੜਿਆ ਨਹੀ, ਉਲਟਾ ਧਨਾਡ ਜ਼ਿਮੀਦਾਰਾਂ ਦੀ ਸ਼ਹਿ 'ਤੇ ਦਲਿਤਾਂ 'ਤੇ ਹੀ ਪਰਚਾ ਦਰਜ ਕਰਕੇ ਅੰਦਰ ਕਰ ਦਿੱਤੇ। ਕਿਰਤੀ-ਕਿਸਾਨ ਯੂਨੀਅਨ ਦੇ ਆਗੂਆਂ ਨੇ ਇਸ ਅੱਤਿਆਚਾਰ ਦੇ ਵਿਰੁੱਧ ਥਾਣੇ ਦਾ ਘਿਰਾਓ ਕੀਤਾ ਅਤੇ ਤੀਜੇ ਦਿਨ ਬੇਗੁਨਾਹ ਦਲਿਤ ਬਿਨਾਂ ਸ਼ਰਤ ਰਿਹਾਅ ਕਰਵਾਏ। ਕਾਤਲਾਂ ਦੀ ਗ੍ਰਿਫ਼ਤਾਰੀ ਲਈ ਜਗਮੇਲ ਸਿੰਘ ਵਾਂਗ ਸੰਗਰੂਰ ਦੀਆਂ ਸੜਕਾਂ 'ਤੇ ਲੱਗੇ ਧਰਨਿਆ ਹਾਅਦ ਹੀ ਅੱਤਿਆਚਾਰੀ ਫੜੇ ਗਏ।

ਪੰਜਾਬ ਐਸ ਸੀ ਕਮਿਸ਼ਨ ਦੀ ਚੇਅਰਪਰਸਨ ਤੇਜਿੰਦਰ ਕੌਰ ਨੇ ਦੱਸਿਆ ਹੈ ਕਿ ਦਲਿਤਾਂ ਨਾਲ ਵਿਤਕਰੇ ਜਾਂ ਹੋਰ ਜ਼ਿਆਦਤੀਆਂ ਦੇ 5 ਹਜਾਰ ਤੋਂ ਵੀ ਵੱਧ ਕੇਸ ਆਏ ਹਨ। ਸਭ ਤੋਂ ਜ਼ਿਆਦਾ ਸ਼ਿਕਾਇਤਾਂ ਪੁਲੀਸ ਖਿਲਾਫ਼ ਹੀ ਆਉਂਦੀਆਂ ਹਨ। ਉਹਨਾਂ ਕਿਹਾ ਕਿ ਪੁਲੀਸ ਦਲਿਤਾਂ ਦੀ ਸੁਣਵਾਈ ਕਰਨ ਤੋਂ ਟਾਲਾ ਹੀ ਨਹੀਂ ਵੱਟਦੀ ਸਗੋਂ ਧਨਾਡਾਂ ਨਾਲ ਮਿਲਕੇ ਗਰੀਬਾਂ ਤੇ ਦਲਿਤਾਂ 'ਤੇ ਝੂਠੇ ਕੇਸ ਵੀ ਬਣਾਉਦੀ ਹੈ। ਪੁਲੀਸ ਮੁਲਾਜ਼ਮਾਂ ਦਾ ਰਵੱਈਆ ਆਮ ਤੌਰ 'ਤੇ ਦਲਿਤਾਂ ਵੱਲੋਂ ਕੀਤੀਆਂ ਜਾਂਦੀਆਂ ਸ਼ਿਕਾਇਤਾਂ ਨੂੰ ਰਫਾ-ਦਫ਼ਾ ਕਰਨ ਦਾ ਹੀ ਹੁੰਦਾ ਹੈ। ਕਮਿਸ਼ਨ ਦੇ ਮੈਂਬਰ ਪ੍ਰਭਦਿਆਲ ਸਿੰਘ ਨੇ ਦਲਿਤਾਂ 'ਤੇ ਵਧੀਕੀਆਂ ਦੇ ਮਾਮਲੇ ਵਿੱਚ ਪੁਲੀਸ ਦੇ ਰਵੱਈਏ ਦੀ ਮਿਸਾਲ ਦਿੰਦਿਆਂ ਦੱਸਿਆ ਕਿ ਮੁਕਤਸਰ ਜ਼ਿਲ੍ਹੇ ਵਿੱਚ ਇੱਕ ਸਰਪੰਚ ਅਤੇ ਉਸ ਦੇ ਹਮਾਇਤੀਆਂ ਵੱਲੋਂ ਮਨਰੇਗਾ ਮਜ਼ਦੂਰਾਂ 'ਤੇ ਗੋਲੀ ਚਲਾ ਕੇ ਦੋ ਵਿਅਕਤੀਆਂ ਦਾ ਕਤਲ ਕਰ ਦਿੱਤਾ ਗਿਆ ਪਰ ਪੁਲੀਸ ਵੱਲੋਂ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਢਿੱਲ ਵਰਤਦੀ ਰਹੀ। ਪਟਿਆਲਾ ਜ਼ਿਲ੍ਹੇ ਦੇ ਪਿੰਡ ਆਲਮਪੁਰ ਵਿੱਚ ਇੱਕ ਦਲਿਤ ਔਰਤ ਨੇ ਜਦੋਂ ਵਧੀਕੀ ਦੇ ਕੇਸ ਸੱਚੀ ਗਵਾਹੀ ਦਿੱਤੀ ਤਾਂ ਜਾਬਰਾਂ ਨੇ ਉਸ ਨੂੰ ਪੁਲੀਸ ਸਾਹਮਣੇ ਹੀ ਬੁਰੀ ਤਰ੍ਹਾਂ ਕੁੱਟ ਮਾਰ ਕੇ ਜ਼ਖਮੀ ਕਰ ਦਿੱਤਾ। ਪੁਲੀਸ ਮੂਕ ਦਰਸ਼ਕ ਬਣੀ ਰਹੀ ਤੇ ਉਸ ਨੇ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ। ਜਦਕਿ ਇਹ ਮਹਿਲਾ ਇੱਕ ਹਫ਼ਤੇ ਤੋਂ ਵੱਧ ਸਮੇਂ ਤੱਕ ਰਾਜਿੰਦਰ ਹਸਪਤਾਲ ਵਿੱਚ ਦਾਖ਼ਲ ਰਹੀ।

ਵਿਸ਼ੇਸ਼ ਕਨੂੰਨਾਂ ਅਤੇ ਉਪਰਾਲਿਆਂ ਦੇ ਬਾਵਜੂਦ ਵੀ ਦਲਿਤਾਂ ਉੱਤੇ ਹੋ ਰਹੇ ਅੱਤਿਆਚਾਰ ਬੰਦ ਨਹੀਂ ਹੋ ਰਹੇ। ਨੈਸ਼ਨਲ ਬਿਊਰੋ ਆਫ਼ ਕਰਾਈਮ ਬ੍ਰਾਂਚ ਦੀ ਰਿਪੋਰਟ ਅਨੁਸਾਰ ਹਰ ਹਫ਼ਤੇ 13 ਦਲਿਤਾਂ ਦੀ ਹੱਤਿਆ, 6 ਦਲਿਤਾਂ ਦਾ ਅਪਹਰਣ, 3 ਦਲਿਤਾਂ ਔਰਤਾਂ ਨਾਲ ਹਰ ਰੋਜ਼ ਬਲਾਤਕਾਰ, 11 ਦਲਿਤਾਂ ਦਾ ਹਰ ਰੋਜ਼ ਉਤਪੀੜਨ, 18 ਮਿੰਟ 'ਚ ਇੱਕ ਦਲਿਤ 'ਤੇ ਘਨੋਣਾ ਅੱਤਿਆਚਾਰ ਅਤੇ 5 ਦਲਿਤਾਂ ਦੇ ਘਰ ਬਾਰ ਸਾੜ ਦਿੱਤੇ ਜਾਂਦੇ ਹਨ। ਬਿਓਰੋ ਦੀ 2017 ਦੀ ਰਿਪੋਰਟ ਅਨੁਸਾਰ ਉਸ ਸਾਲ ਦਲਿਤਾਂ 'ਤੇ ਜ਼ੁਲਮ-ਜਬਰ ਦੇ 43, 203 ਮਾਮਲੇ ਦਰਜ ਕੀਤੇ ਗਏ ਜਿਹੜੇ 2016 ਨਾਲੋਂ 6 ਫ਼ੀਸਦੀ ਜ਼ਿਆਦਾ ਸਨ। ਦਰਜ ਕੀਤੇ ਗਏ 5,775 ਕੇਸਾਂ ਵਿੱਚ ਸਿਰਫ਼ ਸ਼ਡਿਊਲ ਕਾਸਟ ਤੇ ਸ਼ਡਿਊਲ ਟਰਾਈਬ ਐਕਟ ਲਗਾਇਆ ਗਿਆ ਜਿਨ੍ਹਾਂ ਵਿੱਚ 55 ਫ਼ੀਸਦੀ ਮਾਮਲੇ ਅਜਿਹੇ ਸਨ ਜਿਹੜੇ ਜਾਤੀਵਾਦੀ ਅਧਾਰ 'ਤੇ ਬੇਇੱਜ਼ਤੀ ਕਰਨ ਦੇ ਮਾਮਲੇ ਸਨ। ਦਲਿਤਾਂ ਦੇ ਸਮਾਜਿਕ ਬਾਈਕਾਟ ਦੇ 63 ਤੇ ਉਨ੍ਹਾਂ ਨੂੰ ਸਾਂਝੇ ਸਥਾਂਨ ਵਰਤਣ ਤੋਂ ਮਨ੍ਹਾਂ ਕਰਨ ਦੇ 12 ਕੇਸ ਦਰਜ ਹੋਏ। ਦਲਿਤਾਂ ਤੋਂ ਜ਼ਮੀਨ ਖੋਹਣ ਦੇ 47 ਕੇਸ ਦਰਜ ਕੀਤੇ ਗਏ। ਦਲਿਤਾਂ ਵਿਰੁੱਧ ਅਪਰਾਧਾਂ ਵਿੱਚ ਵਾਧਾ ਸਭ ਤੋਂ ਜ਼ਿਆਦਾ ਹਰਿਆਣਾ ਤੇ ਮੱਧ ਪ੍ਰਦੇਸ਼ ਵਿੱਚ ਹੋਇਆ।

ਪੰਜਾਬ ਵਿਚ ਜਾਤੀਵਾਦ ਕਿੰਨਾ ਕਰੂਰ ਹੈ ਇਸ ਦੀ ਤਾਜਾ ਉਦਾਹਰਣ ਇਹ ਹੈ ਕਿ ਇਕ ਵੀਡੀਓ ਵਾਇਰਲ ਹੋਈ ਹੈ ਕਿ ਬਠਿੰਡਾ ਦੇ ਇਕ ਗੁਰਦੁਆਰੇ ਵਿਚ ਅੰਦਰ ਜਾਣ ਲਈ ਦੋ ਦਰਵੱਜੇ ਹਨ, ਇਕ ਅਖੌਤੀ ਉਚ ਜਾਤੀਆਂ ਲਈ ਅਤੇ ਦੂਜਾ ਦਲਿਤਾਂ ਲਈ। ਪ੍ਰਸ਼ਾਦ ਵੰਡਣ ਲਈ ਵੀ ਅਲੱਗ ਅਲੱਗ ਦਰਵੱਜੇ ਹਨ। ਇਕ ਦਲਿਤ ਗਲਤੀ ਨਾਲ ਜਾਂ ਜੁਰਰਤ ਕਰਕੇ ਉਚ ਜਾਤੀਆਂ ਵਾਲੇ ਦਰਵੱਜੇ 'ਤੇ ਪ੍ਰਸ਼ਾਦ ਲੈਣ ਚਲੇ ਗਿਆ ਤਾਂ ਉਚ ਜਾਤੀ ਜਨੂੰਨੀਆਂ ਨੇ ਉਸ ਦਾ ਸਿਰ ਪਾੜ ਦਿੱਤਾ। ਪੰਜਾਬ ਦੇ ਲੋਕ ਗੁਰੂ ਸਹਿਬਾਨ ਨੂੰ ਆਪਣਾ ਗੁਰੂ ਤਾਂ ਮੰਨਦੇ ਆ, ਪਰ ਗੁਰੂਆਂ ਦੇ ਸੰਦੇਸ਼ 'ਮਾਨਸ ਕੀ ਜਾਤ ਸਭਿ ਏਕ ਪਹਿਚਾਨਵੋ, 'ਕਿਰਤ ਕਰੋ ਅਤੇ ਵੰਡ ਛੱਕੋ ਨੂੰ ਨਹੀ ਮੰਨਦੇ? ਸੰਸਾਰ ਪੱਧਰ 'ਤੇ ਮਨਾਏ ਜਾ ਰਹੇ ਗੁਰੂ ਨਾਨਕ ਦੇਵ ਜੀ ਦੇ 550 ਸਾਲਾਂ ਸਮਾਗਮ ਜਿੱਥੇ ਪੰਜਾਬ ਦਾ ਸਿਰ ਮਾਣ ਨਾਲ ਉਠਾਉਦੇ ਹਨ, ਉੱਥੇ ਜਗਮੇਲ ਸਿੰਘ, ਬੰਤ ਸਿੰਘ ਝੱਬਰ, ਮਾਤਾ ਗੁਰਦੇਵ ਕੌਰ, ਭੀਮ ਟਾਂਕ ਵਰਗੇ ਘਿਨਾਉਣੇ ਅੱਤਿਆਚਾਰ ਪੰਜਾਬੀਆ ਦਾ ਸਿਰ ਸ਼ਰਮ ਨਾਲ ਝੁਕਾਉਂਦੇਹੀ ਹਨ। ਅਸੀਂ ਜਾਤੀਵਾਦੀ ਘਿਰਣਾ ਤੇ ਹਉਮੈ 'ਚ ਗਰੱਸੇ ਪਏ ਹਾਂ। ਗੁਰੂ ਸਹਿਬਾਨ ਦੀਆਂ ਸਿੱਖਿਆਵਾਂ ਉਤੇ ਨਹੀ ਚਲਦੇ ਹਾਂ।

ਜਾਤ-ਪਾਤ ਦੀ ਇਸ ਅਮਾਨਵੀ ਪ੍ਰਣਾਲੀ ਦੀਆਂ ਭਾਰਤ ਅੰਦਰ ਜੜ੍ਹਾਂ ਏਨੀਆਂ ਡੂੰਘੀਆਂ ਹਨ ਕਿ ਗੈਰ ਕਾਨੂੰਨੀ ਕਰਾਰ ਦਿੱਤੇ ਜਾਣ ਦੇ ਬਾਵਜੂਦ ਸਮੁੱਚੇ ਦੇਸ਼ ਅੰਦਰ ਜਾਤ ਪਾਤ ਤੇ ਛੂਤ-ਛਾਤ ਦਾ ਸਮਾਜਿਕ ਭੇਦ ਅਜੇ ਵੀ ਜਾਰੀ ਹੈ। ਅਜੇ ਵੀ ਬਹੁਤੀਆਂ ਥਾਵਾਂ 'ਤੇ ਉਹਨਾਂ ਲਈ ਪੀਣ ਵਾਲੇ ਪਾਣੀ ਦੇ ਸਰੋਤ ਵੱਖਰੇ ਹਨ। ਅਨੇਕਾਂ ਥਾਵਾਂ 'ਤੇ ਧਰਮ ਅਸਥਾਨਾਂ ਵਿੱਚ ਦਲਿਤਾਂ ਦੇ ਦਾਖਲੇ 'ਤੇ ਮਨਾਹੀ ਹੈ। ਬਹੁਤੇ ਪਿੰਡਾਂ ਵਿੱਚ ਤਾਂ ਦਲਿਤਾਂ ਦੇ ਸ਼ਮਸ਼ਾਨਘਾਟ ਵੀ ਵੱਖਰੇ ਹਨ। ਜਾਤ ਅਤੇ ਧਰਮ ਦੀਆਂ ਦੀਵਾਰਾਂ ਨੂੰ ਤੋੜ ਕੇ ਅੰਤਰ-ਜਾਤੀ ਅਤੇ ਅੰਤਰ ਧਰਮੀ ਸ਼ਾਦੀ ਕਰਨ ਵਾਲੇ ਸੈਂਕੜੇ ਗੱਭਰੂ-ਮੁਟਿਆਰਾਂ ਦੇ ਜੋੜਿਆਂ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ ਜਾਂਦਾ ਹੈ।

ਜਾਤੀਵਾਦ ਲੋਕਾਂ ਦੇ ਮਨਾਂ ਵਿੱਚ ਏਨਾ ਭਾਰੂ ਹੈ ਕਿ ਉਚੀ ਜਾਤੀਆਂ ਦੇ ਲੋਕ ਆਪਣਾ ਸਮਾਜਿਕ ਦਾਬਾ ਹਰ ਹੀਲੇ ਕਾਇਮ ਰੱਖਣਾ ਚਾਹੁੰਦੇ ਹਨ। ਰਾਜਨੀਤਕ ਲੋਕ ਸਿਆਸੀ ਲਾਭ ਉਠਾਉਣ ਜ਼ਿਆਦਾਤਰ ਉਚੀਆਂ ਜਾਤਾਂ ਦੇ ਲੋਕਾਂ ਦੇ ਹੱਕ ਵਿੱਚ ਖੜਦੇ ਹਨ ਕਿਉਂਕਿ ਜ਼ਿਆਦਾ ਪੈਸਾ ਇਨ੍ਹਾਂ ਜਾਤਾਂ ਦੇ ਪਾਸ ਹੀ ਹੈ। ਦਲਿਤਾਂ ਦਾ ਦੁਖਾਂਤ ਇਹ ਹੈ ਕਿ ਰਿਜ਼ਰਬ ਸੀਟਾਂ 'ਤੇ ਲੋਕ ਸਭਾ 'ਚ ਜਿੱਤੇ 131 ਐਮ ਪੀ ਅਤੇ ਵਿਧਾਨ ਸਭਾਵਾਂ ਵਿਚ ਜਿੱਤੇ 1050 ਦੇ ਕਰੀਬ ਐਮ ਐਲ ਏ ਸ਼ਡੂਲਡਕਾਸਟ ਆਗੂ ਨਿੱਜੀ ਸਵਾਰਥਾਂ ਲਈ ਰਾਜਨੀਤਕ ਪਾਰਟੀਆਂ ਦੇ ਹੱਥ ਠੋਕਾ ਬਣੇ ਹੋਏ ਹਨ? ਯੋਗ ਰਾਜਨੀਤਕ ਅਗਵਾਈ ਨਾ ਹੋਣ ਕਾਰਨ ਦਲਿਤ ਵੱਖ ਵੱਖ ਪਾਰਟੀਆਂ ਵਿੱਚ ਵੰਡੇ ਹੋਏ ਹਨ। ਉਹ ਸਾਂਝਾ ਮੁਹਾਜ਼ ਨਹੀਂ ਉਸਾਰ ਸਕੇ ਜੋ ਦਲਿਤਾਂ ਸਬੰਧੀ ਅੱਤਿਆਚਾਰਾਂ ਤੇ ਮਾਮਲਿਆਂ ਨੂੰ ਸਰਕਾਰਾਂ ਸਾਹਮਣੇ ਰੱਖਦਾ।

ਜਾਤ-ਪਾਤ, ਅੱਤਿਆਚਾਰ ਅਤੇ ਛੂਆ-ਛੂਤ ਤੋਂ ਛੁਟਕਾਰਾ ਪਾਉਣ ਲਈ ਦਲਿਤ ਸਮਾਜ ਨੂੰ ਲੰਮਾ ਸੰਘਰਸ਼ ਕਰਨਾ ਪਵੇਗਾ। ਪਰ ਇਸ ਵਿੱਚ ਦਲਿਤ ਤਾਂ ਹੀ ਸਫਲ ਹੋਣਗੇ ਜਦ ਉਹ ਹੋਰ ਪ੍ਰਗਤੀਸ਼ੀਲ, ਮਾਨਵਵਾਦੀ ਜਥੇਬੰਦੀਆਂ ਅਤੇ ਸਮਾਜ ਦੇ ਦੂਸਰੇ ਵਰਗਾਂ ਦਾ ਸਹਿਯੋਗ ਲੈਣਗੇ। ਜਗਮੇਲ ਸਿੰਘ, ਬੰਤ ਸਿੰਘ ਝੱਬਰ, ਮਾਤਾ ਗੁਰਦੇਵ ਕੌਰ, ਭੀਮ ਟਾਂਕ ਵਰਗੇ ਘਿਨਾਉਣੇ ਅੱਤਿਆਚਾਰਾਂ 'ਚ ਨਿਆਂ ਜਦ ਹੀ ਸੰਭਵ ਹੋਇਆ ਜਦ ਅਗਾਹਵਧੂ ਪਾਰਟੀਆਂ, ਕਿਰਤੀ-ਕਿਸਾਨ ਯੂਨੀਅਨ ਦੇ ਆਗੂ ਅੱਗੇ ਆਏ। ਇੱਥੇ ਇਹ ਵੀ ਜਿਕਰਯੋਗ ਹੈ ਕਿ ਜਾਤੀਵਾਦ ਉਚ ਜਾਤਾਂ ਦੇ ਲੋਕਾਂ ਦਾ ਵੀ ਨੁਕਸਾਨ ਕਰਦਾ ਹੈ। ਕਿੰਨਾ ਚਿਰ ਮਨੁੱਖਾ ਵਰਗੇ ਦਲਿਤ ਮਨੁੱਖਾਂ ਨੂੰ ਦੂਜੇ ਦਰਜੇ ਦੇ ਸਮਝਕੇ ਦੁਰ-ਵਿਵਹਾਰ ਹੁੰਦਾ ਰਹੇਗਾ? ਜਾਤੀਵਾਦ ਵਿਰੁੱਧ ਇਹ ਲੜਾਈ ਮਨੁੱਖੀ ਹੱਕਾਂ ਲਈ ਸਮਾਜ ਦੀ ਸਮੂਹਿਕ ਲੜਾਈ ਬਣਨੀ ਚਾਹੀਦੀ ਹੈ। ਜਾਤੀਵਾਦੀ ਵਿਚਾਰਧਾਰਾ ਦੇ ਵਿਰੁੱਧ ਸਮੂਹਿਕ ਚੇਤਨਾ ਪੈਦਾ ਕਰਨ ਲਈ ਹਰ ਚੇਤਨ ਮਨੁੱਖ ਨੂੰ ਜਾਤੀਵਾਦੀ ਅੱਤਿਆਚਾਰ ਵਿਰੁੱਧ ਦਲਿਤਾਂ ਸੰਗ ਖੜਨਾ ਚਾਹੀਦਾ ਹੈ। ਤਾਂ ਜੋ ਕਿ ਗੁਰੂ ਸਹਿਬਾਨ ਦੇ ਬੇਗ਼ਮਪੁਰਾ ਹਲੀਮੀ ਰਾਜ ਦੀ ਸਥਾਪਨਾ ਲਈ ਕਿਰਤੀ ਤੇ ਮੇਹਨਤਕਸ਼ ਲੋਕਾਂ ਦੀ ਜਮਾਤ ਵੱਧਦੀ ਜਾਵੇ। ਦੇਸ਼ ਭਰ ਵਿਚ ਦਲਿਤਾਂ 'ਚ ਦਿਨੋ ਦਿਨ ਵੱਧ ਰਹੇ ਰੋਹ ਨੂੰ ਅਣਗੌਲਿਆ ਕਰਨਾ ਸਰਕਾਰਾਂ ਲਈ ਅਤੇ ਦੇਸ਼ ਦੇ ਹਿਤ ਵਿਚ ਨਹੀ ਹੈ। ਇੱਥੇ ਮਾਨਯੋਗ ਦਿੱਲੀ ਹਾਈਕੋਰਟ ਦਾ ਪਿੱਛਲੇ 23 ਅਗਸਤ ਨੂੰ ਹਰਿਆਣਾ ਦੇ 'ਮਿਰਚਪੁਰ ਕਾਂਡ' ਬਾਰੇ ਦਿੱਤਾ ਫੈਸਲਾਂ ਸਲਾਉਣਯੋਗ ਤਾਂ ਹੈ ਹੀ, ਪਰ ਜਸਟਿਸ ਐਸ ਮੁਰਲੀ ਧਰਨ ਤੇ ਜਸਟਿਸ ਆਈ ਐਸ ਮਹਿਤਾ ਅਧਾਰਤ ਬੈਂਚ ਦੀ ਬੇਬਾਕ ਟਿੱਪਣੀ ਕਿ 'ਅਜ਼ਾਦੀ ਦੇ 71 ਸਾਲ ਬਾਅਦ ਵੀ ਦੇਸ਼ ਵਿਚ ਦਲਿਤਾਂ ਨਾਲ ਭੇਦ-ਭਾਵ ਅਤੇ ਅੱਤਿਆਚਾਰਾਂ ਦੀਆਂ ਘਟਨਾਵਾਂ ਬੇਹੱਦ ਗੰਭੀਰ ਹਨ' ਦੇਸ਼ ਵਿੱਚ ਦਲਿਤ, ਮਜ਼ਦੂਰ ਆਦਿਵਾਸੀਆਂ ਦੀਆਂ ਸਮੱਸਿਆਵਾ ਨੂੰ ਹੱਲ ਕਰਨਾ ਹੋਵੇਗਾ। ਇਸ ਲਈ ਸਰਕਾਰਾਂ ਨੂੰ ਦਲਿਤਾਂ 'ਤੇ ਹੋ ਰਹੇ ਅੱਤਿਆਚਾਰਾਂ ਨੂੰ ਗੰਭੀਰਤਾ ਨਾਲ ਰੋਕਣਾ ਅਤੇ ਸੰਵਿਧਾਨ 'ਤੇ ਪਹਿਰਾ ਦੇਣਾ ਚਾਹੀਦਾ ਹੈ।

*ਨੋਟ-ਜਗਮੇਲ ਸਿੰਘ ਤੇ ਬੰਤ ਸਿੰਘ ਝੱਬਰ ਦੇ ਫੋਟੋ ਗੂਗਲ 'ਤੇ ਉਪਲਬਧ ਹਨ।*

# ਫੀਲਡ ਵਿਚ ਪੱਤਰਕਾਰੀ ਦੇ ਪੇਸ਼ੇ ਨੂੰ ਬਦਨਾਮ ਨਾ ਕੀਤਾ ਜਾਵੇ

ਪੱਤਰਕਾਰੀ ਇਕ ਪਵਿੱਤਰ ਪੇਸ਼ਾ ਹੈ। ਮੀਡੀਆ ਦੇ ਰਾਹੀਂ ਆਮ ਜਨਤਾ ਅਤੇ ਸਮਾਜ ਦੀਆਂ ਕਈ ਮੁਸ਼ਕਿਲਾਂ ਦਾ ਹੱਲ ਹੋ ਜਾਂਦਾ ਹੈ। ਪੱਤਰਕਾਰੀ ਦੇ ਰਾਹੀਂ ਆਮ ਸਮੱਸਿਆਵਾਂ ਰਾਜ/ਸਰਕਾਰ ਤੱਕ ਪਹੁੰਚਦੀਆਂ ਹਨ। ਇਸ ਤੋਂ ਇਲਾਵਾ ਕਈ ਤਰ੍ਹਾਂ ਦੇ ਵਿਚਾਰ ਵੀ ਮੀਡੀਆ ਦੇ ਰਾਹੀਂ ਆਮ ਜਨਤਾ ਵਿਚ ਪਹੁੰਚਦੇ ਹਨ। ਪਰ ਕੁਝ ਘਟੀਆ ਕਿਸਮ ਦੇ ਲੋਕ ਇਸ ਪੇਸ਼ੇ ਨੂੰ ਫੀਲਡ ਵਿਚ ਬਦਨਾਮ ਕਰਦੇ ਹਨ। ਉਹ ਹਰ ਰੋਜ਼ ਅਖਬਾਰ ਖਰੀਦਣ ਅਤੇ ਪੜ੍ਹਨ ਵਾਲਿਆਂ ਤੋਂ ਵੀ ਪੈਸੇ ਦੀ ਮੰਗ ਕਰਨਾ ਸ਼ੁਰੂ ਕਰ ਦਿੰਦੇ ਹਨ। ਇੱਥੋਂ ਤੱਕ ਕਿ ਲੰਮਾ ਸਮਾਂ ਪਾਜੇਟਿਵ ਖਬਰਾਂ ਲਗਾਉਣ ਵਾਲੇ ਪੈਸੇ ਨਾ ਮਿਲਣ ਉਤੇ ਨੈਗੇਟਿਵ ਖਬਰ ਦੀ ਧਮਕੀ ਤੱਕ ਦੇ ਦਿੰਦੇ ਹਨ। ਕਈ ਵਾਰ ਪੈਸੇ ਹੜੱਪਣ ਲਈ ਬਲੈਕਮੇਲ ਕਰਨਾ ਵੀ ਸ਼ੁਰੂ ਕਰ ਦਿੰਦੇ ਹਨ। ਕੁਝ ਦਿਨ ਪਹਿਲੇ ਇਕ ਨਵੇਂ-ਨਵੇਂ ਪੱਤਰਕਾਰ ਬਣੇ ਆਦਮੀ ਦਾ ਮੈਨੂੰ ਦੀਵਾਲੀ ਦੇ ਨਜ਼ਦੀਕ ਫੋਨ ਆਇਆ ਕਿ ਦੀਵਾਲੀ ਉਤੇ ਤੁਹਾਡਾ ਜਾਂ ਤੁਹਾਡੇ ਸਕੂਲ ਦਾ ਇਸ਼ਤਿਹਾਰ ਲਗਾਉਣਾ ਹੈ। ਮੈਂ ਫੋਨ ਉਤੇ ਉਹਨਾਂ ਨੂੰ ਦੱਸਿਆ ਕਿ ਸਰਕਾਰੀ ਸਕੂਲਾਂ ਦਾ ਕੋਈ ਇਸ਼ਤਿਹਾਰ ਨਹੀਂ ਹੁੰਦਾ ਹੈ ਕਿਉਂਕਿ ਸਰਕਾਰੀ ਸਕੂਲ ਕੋਈ ਕਮਰਸ਼ੀਅਲ ਨਹੀਂ ਹਨ। ਜਿੱਥੇ ਤੱਕ ਮਾਸਟਰਾਂ ਦਾ ਸਵਾਲ ਹੈ, ਮਾਸਟਰ ਘਰ ਬਣਾਉਣ ਲਈ/ ਬੱਚੇ ਪੜ੍ਹਾਉਣ ਲਈ ਲੱਗਭੱਗ ਸਾਰਿਆਂ ਨੇ ਹੀ ਬੈਂਕਾਂ ਤੋਂ ਕਰਜ਼ੇ ਲਏ ਹੋਏ ਹਨ। ਉਹਨਾ ਦੇ ਕਰਜਿਆਂ ਦੀਆਂ ਕਿਧਤਾਂ ਵੀ ਪੂਰੀਆਂ ਨਹੀਂ ਹੁੰਦੀਆਂ ਹਨ। ਕੁਝ ਮਾਸਟਰਾਂ ਦੇ ਕਰਜ਼ੇ ਦੀਆਂ ਕਿਸ਼ਤਾਂ ਪਹਿਲਾਂ ਹੀ ਡਿਫਾਲਟਰ ਹਨ। ਜਿੱਥੇ ਤੱਕ ਇਸ਼ਤਿਹਾਰਾਂ ਦਾ ਸਬੰਧ ਹੈ, ਉਹ ਤਾਂ ਕਮਰਸ਼ੀਅਲ ਅਦਾਰਿਆਂ, ਜੋ ਲਾਭ ਕਮਾਉਂਦੇ ਹਨ, ਉਹ ਵੀ ਦੇ ਸਕਦੇ ਹਨ ਪਰ ਛੋਟੇ ਪੱਧਰ ਤੇ ਕੰਮ ਕਰਨ ਵਾਲਾ ਇਹ ਪੰਤਰਕਾਰ ਮੇਰੀ ਗੱਲ ਨੂੰ ਸਮਝ ਹੀ ਨਹੀਂ ਸਕਿਆ। ਮੈਂ ਉਸ ਨੂੰ ਇਹ ਵੀ ਕਿਹਾ ਕਿ ਮਾਸਟਰ ਕੁਝ ਵੀ ਨਹੀਂ ਹੈ। ਸਕੂਲ ਦੇ ਕੰਮਾਂ ਦਾ ਮਾਲਕ ਪ੍ਰਿੰਸੀਪਲ ਹੁੰਦਾ ਹੈ। ਕਿਸੇ ਵੀ ਕਿਸਮ ਦਾ ਇਸ਼ਤਿਹਾਰ ਸਿਰਫ ਪ੍ਰਿੰਸੀਪਲ ਹੀ ਦੇ ਸਕਦਾ ਹੈ, ਨਾ ਕਿ ਮਾਸਟਰ ਦਿੰਦਾ ਹੈ। ਮੈਂ ਕਿਹਾ ਕਿ ਸਰਕਾਰੀ ਸਕੂਲ ਕਮਰਸ਼ੀਅਲ ਅਦਾਰੇ ਨਹੀਂ ਹਨ। ਹਾਂ ਬਿਜਨਸ ਪੱਧਰ 'ਤੇ ਖੋਲ੍ਹੇ ਗਏ ਪ੍ਰਾਈਵੇਟ ਸਕੂਲਾਂ ਤੋਂ ਤੁਸੀਂ ਇਸ਼ਤਿਹਾਰ ਲੈ ਸਕਦੇ ਹੋ ਜਾਂ ਬਿਜਨਸ ਅਦਾਰਿਆਂ ਤੋਂ ਇਸ਼ਤਿਹਾਰ ਲੈ ਸਕਦੇ ਹੋ। ਕਈ ਵਾਰ ਜ਼ਬਰਦਸਤੀ ਇਸ਼ਤਿਹਾਰ ਲੱਗਾ ਕਿ ਖੁਦ ਹੀ ਖਾਨਾਪੂਰਤੀ ਕਰ ਦਿੰਦੇ ਹਨ। ਫਿਰ ਮੁੱਖ ਦਫਤਰ ਦਾ ਬਿਲ ਤੱਕ ਲੈ ਕੇ ਆ ਜਾਂਦੇ ਹਨ ਕਿ ਤੁਹਾਡੇ ਇਸ਼ਤਿਹਾਰ ਦੇ ਇੰਨੇ ਪੈਸੇ ਬਣਦੇ ਹਨ। ਜੇਕਰ ਕੋਈ ਨਾਂਹ-ਨੁੱਕਰ ਕਰਦਾ ਹੈ ਤਾਂ ਬਲੈਕਮੇਲ ਕਰਨਾ ਸ਼ੁਰੂ ਕਰ ਦਿੰਦੇ ਹਨ। ਇਸ ਤਰ੍ਹਾਂ ਦੇ ਕੁਝ ਕੁ ਪੱਤਰਕਾਰ ਹਨ ਜੋ ਸਾਰੇ ਪੱਤਰਕਾਰੀ ਸਮਾਜ ਨੂੰ ਫੀਲਡ ਵਿਚ ਬਦਨਾਮ ਕਰਦੇ ਹਨ। ਉਹ ਪੱਤਰਕਾਰੀ ਦੇ ਲਾਇਸੈਂਸ ਦਾ ਫੀਲਡ ਵਿਚ ਦੁਰਉਪਯੋਗ ਕਰਕੇ ਆਪਣੀ ਧੌਂਸ ਜਮਾ ਲੈਂਦੇ ਹਨ।

> **ਕਈ ਵਾਰ ਜ਼ਬਰਦਸਤੀ ਇਸ਼ਤਿਹਾਰ ਲੱਗਾ ਕਿ ਖੁਦ ਹੀ ਖਾਨਾਪੂਰਤੀ ਕਰ ਦਿੰਦੇ ਹਨ। ਫਿਰ ਮੁੱਖ ਦਫਤਰ ਦਾ ਬਿਲ ਤੱਕ ਲੈ ਕੇ ਆ ਜਾਂਦੇ ਹਨ ਕਿ ਤੁਹਾਡੇ ਇਸ਼ਤਿਹਾਰ ਦੇ ਇੰਨੇ ਪੈਸੇ ਬਣਦੇ ਹਨ। ਜੇਕਰ ਕੋਈ ਨਾਂਹ-ਨੁੱਕਰ ਕਰਦਾ ਹੈ ਤਾਂ ਬਲੈਕਮੇਲ ਕਰਨਾ ਸ਼ੁਰੂ ਕਰ ਦਿੰਦੇ ਹਨ। ਇਸ ਤਰ੍ਹਾਂ ਦੇ ਕੁਝ ਕੁ ਪੱਤਰਕਾਰ ਹਨ ਜੋ ਸਾਰੇ ਪੱਤਰਕਾਰੀ ਸਮਾਜ ਨੂੰ ਫੀਲਡ ਵਿਚ ਬਦਨਾਮ ਕਰਦੇ ਹਨ। ਉਹ ਪੱਤਰਕਾਰੀ ਦੇ ਲਾਇਸੈਂਸ ਦਾ ਫੀਲਡ ਵਿਚ ਦੁਰਉਪਯੋਗ ਕਰਕੇ ਆਪਣੀ ਧੌਂਸ ਜਮਾ ਲੈਂਦੇ ਹਨ।**

ਪਰ ਫੀਲਡ ਵਿਚ ਮਿਹਨਤੀ ਅਤੇ ਇਮਾਨਦਾਰ ਪੱਤਰਕਾਰਾਂ ਦੀ ਵੀ ਘਾਟ ਨਹੀਂ ਹੈ। ਮਿਹਨਤੀ ਅਤੇ ਇਮਾਨਦਾਰ ਪੱਤਰਕਾਰੀ ਸਮਾਜ ਅਤੇ ਲੋਕਤੰਤਰ ਦਾ ਆਈਨਾ ਹੈ। ਮੀਡੀਆ ਨੂੰ ਚਾਹੀਦਾ ਹੈ ਕਿ ਗਰਾਊਂਡ ਪੱਧਰ ਉਤੇ ਇਸ ਪਵਿੱਤਰ ਪੇਸ਼ੇ ਨੂੰ ਬਦਨਾਮ ਹੋਣ ਤੋਂ ਬਚਾਇਆ ਜਾਵੇ।

**ਮਾਸਟਰ ਨਰੇਸ਼ ਕੁਮਾਰ ਸੈਣੀ**
**91-94785-97326**

# ਗੁਰੂ ਨਾਨਕ ਬਾਣੀ ਵਿੱਚ ਵਾਤਾਵਰਨ-ਚੇਤਨਾ



**ਬਲਵੀਰ ਮੰਨਣ (ਡਾ.)**
**91-94173-45485**

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਵਸ ਦੇ ਪਵਿੱਤਰ ਮੌਕੇ 'ਤੇ ਸਰਕਾਰ ਵਲੋਂ ਪੰਜਾਬ ਦੇ ਹਰ ਪਿੰਡ ਨੂੰ 550 ਬੂਟੇ ਸੌਂਪ ਕੇ ਉਨ੍ਹਾਂ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਪਾਵਨ ਪ੍ਰਕਾਸ਼ ਦਿਵਸ ਦੇ ਸਬੰਧ ਵਿੱਚ ਹਰੇਕ ਪਿੰਡ ਵਿਸ਼ੇਸ਼ ਲਈ ਪੰਜਾਬ ਸਰਕਾਰ ਦਾ ਇਹ ਉਪਰਾਲਾ, ਅਸਲ ਵਿੱਚ ਗੁਰੂ ਸਾਹਿਬ ਜੀ ਦੀ ਵਾਤਾਰਵਨ ਚੇਤਨਾ ਅਤੇ ਇਸ ਦੀ ਸੰਭਾਲ ਬਾਰੇ ਵਿਚਾਰਧਾਰਾ ਨੂੰ ਸਮਰਪਿਤ ਹੈ। ਗੁਰੂ ਨਾਨਕ ਬਾਣੀ ਸਮੇਤ, ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਮਨੁੱਖ ਦੀ ਨਾ ਸਿਰਫ਼ ਅਧਿਆਤਮਿਕ ਅਗਵਾਈ ਕਰਦੀ ਹੈ ਬਲਕਿ ਵਾਤਾਵਰਨ ਸੰਭਾਲ ਪ੍ਰਤੀ ਚੇਤਨਤਾ ਵੀ ਪੈਦਾ ਕਰਦੀ ਹੈ। ਵਾਤਾਵਰਨ, ਸਦਾ ਹੀ, ਮਨੁੱਖ ਦੇ ਜੀਵਨ ਦਾ ਅਹਿਮ ਅੰਗ ਰਿਹਾ ਹੈ। ਇਸ ਤੋਂ ਬਿਨਾ ਮਨੁੱਖ ਦੇ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਹ ਮਨੁੱਖ ਦੀ ਹੋਂਦ ਦਾ ਪ੍ਰਮੁੱਖ ਆਧਾਰ ਹੈ। ਬਾਣੀਕਾਰ ਜਿੱਥੇ ਮਨੁੱਖ ਦੇ ਸਾਵੇਂ-ਸੁਖਾਵੇਂ ਜੀਵਨ ਦੀ ਕਾਮਨਾ ਕਰਦੇ ਹਨ, ਓਥੇ ਉਸਨੂੰ ਵਾਤਾਵਰਨ ਸੰਭਾਲ ਪ੍ਰਤੀ ਵੀ ਜਾਗਰੁਕ ਹੋਣ ਦਾ ਸੰਦੇਸ਼ ਦਿੰਦੇ ਹਨ ਤਾਂ ਜੋ ਇਸ ਪੱਖ ਤੋਂ ਵੀ ਉਸਦਾ ਜੀਵਨ ਪੂਰਾ ਹੋਵੇ ਭਾਵ ਉਸਦੇ ਜੀਵਨ ਦਾ ਇਹ ਆਧਾਰਕ ਪੱਖ ਵੀ ਮੁਕੰਮਲ ਹੋਵੇ। ਗੁਰੂ ਸਾਹਿਬ ਵਾਤਾਵਰਨ ਦੇ ਮੁੱਖ ਤੱਤਾਂ ਹਵਾ, ਪਾਣੀ, ਬਨਸਪਤੀ ਅਤੇ ਧਰਤੀ ਆਦਿ ਦੀ ਰੱਖਿਆ-ਸੁਰੱਖਿਆ ਹਿਤ ਪ੍ਰੇਰਨਾ ਦਿੰਦੇ ਹਨ। ਅੱਗੇ ਲਿਖੀਆਂ ਪੰਕਤੀਆਂ ਵਿੱਚ ਇਸ ਚਰਚਾ ਦਾ ਵਿਸਤਾਰ ਕੀਤਾ ਜਾਵੇਗਾ:

**ਹਵਾ-** ਅਸੀਂ ਹਵਾ ਦੇ ਆਸਰੇ ਸਾਹ ਲੈਂਦੇ ਹਾਂ। ਇਸ ਤੋਂ ਬਿਨਾ ਅਸੀਂ ਜਿਉਂਦੇ ਨਹੀਂ ਰਹਿ ਸਕਦੇ। ਇਹ ਜੀਵ-ਜਗਤ ਦੇ ਪ੍ਰਾਣਾਂ ਦਾ ਆਧਾਰ ਹੈ। ਉਪਵਣੁ ਗੁਰੂ'' ਆਖ ਕੇ ਗੁਰੂ ਨਾਨਕ ਦੇਵ ਜੀ ਨੇ ਹਵਾ ਨੂੰ, ਮਨੁੱਖੀ ਜੀਵਨ ਦੇ ਸੰਦਰਭ ਵਿੱਚ, ਗੁਰੂ ਦੀ ਪਦਵੀ ਨਾਲ ਤੁਲਨਾਇਆ ਹੈ। ਗੁਰਬਾਣੀ ਵਿੱਚ ਗੁਰੂ ਨੂੰ ਉੱਤਮ ਪਦਵੀ ਦਿੱਤੀ ਗਈ ਹੈ। ਗੁਰੂ ਮਨੁੱਖ ਦੇ ਜੀਵਨ ਦਾ ਆਧਾਰ ਦੱਸਿਆ ਗਿਆ ਹੈ ਤੇ ਉਸਦੀ ਇੱਛਾ ਦੇ ਵਿਰੁੱਧ ਤਾਂ ਤੁਰਨ ਨੂੰ ਵੀ ਬੁਰਾ ਗਿਣਿਆ ਗਿਆ ਹੈ। ਜਿਹੜਾ ਮਨੁੱਖ ਅਜਿਹਾ ਕਰਦਾ ਹੈ ਉਹ ਅੰਤ ਪਛਤਾਉਂਦਾ ਹੈ ਅਤੇ ਗੁਜ਼ਰ ਚੁੱਕੇ ਵਕਤ ਲਈ, ਜਿਹੜਾ ਉਸਨੇ ਅਜਾਈਂ ਗੁਆ ਦਿੱਤਾ, ਝੂਰਦਾ ਹੈ। ਹੁਣ ਇਸ ਸੰਦਰਭ ਵਿੱਚ ਹਵਾ ਦੀ ਮਹੱਤਤਾ ਦਾ ਸੰਕਲਪ ਵਿਚਾਰੀਏ ਤਾਂ ਗੁਰੂ ਨਾਨਕ ਦੇਵ ਜੀ ਦਾ ਹਵਾ ਨੂੰ ਗੁਰੂ ਦੀ ਪਦਵੀ ਨਾਲ ਤੁਲਨਾਉਣਾ ਸਮਝ ਆ ਜਾਂਦਾ ਹੈ। ਹਵਾ ਕੁਦਰਤ ਦਾ ਮਨੁੱਖ ਨੂੰ ਦਿੱਤਾ ਹੋਇਆ ਅਨਮੋਲ ਤੋਹਫ਼ਾ ਹੈ। ਇਸ ਦਾ ਕੋਈ ਵੀ ਬਦਲ ਨਹੀਂ। ਗੁਰੂ ਸਾਹਿਬ ਦੇ ਕਹਿਣ ਦਾ ਭਾਵ ਇਹ ਹੈ ਕਿ ਜਿਵੇਂ ਤੁਸੀਂ ਆਪਣੇ ਰਹਿਬਰ (ਗੁਰੂ) ਦੀ ਸੇਵਾ-ਸੰਭਾਲ ਕਰਦੇ ਹੋ, ਇਸੇ ਤਰ੍ਹਾਂ ਹੀ ਹਵਾ ਦੀ ਸੰਭਾਲ ਕਰੋ। ਇਹ ਮਨੁੱਖੀ ਜੀਵਨ ਦਾ ਆਧਾਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਕਥਨ ਉਜੇਤੇ ਜੀਅ ਜੀਵਹਿ ਲੈ ਸਾਹਾ'' (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-144) ਅਨੁਸਾਰ ਇਹ ਜੀਵ-ਜਗਤ ਦੇ ਜੀਵਨ ਦੀ ਟੇਕ ਹੈ। ਗੁਰੂ ਨਾਨਕ ਦੇਵ ਜੀ ਉਆਪੇ ਪਉਣੁ ਪਾਣੀ ਬੈਸੰਤਰ'' (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-1020) ਰਾਹੀਂ ਫ਼ਰਮਾਉਂਦੇ ਹਨ ਕਿ ਪ੍ਰਭੂ ਆਪ ਹੀ ਨਿਰਗੁਣ-ਰੂਪ ਹੋ ਕੇ ਕੁਦਰਤ ਵਿੱਚ ਪਸਰਿਆ ਹੋਇਆ ਹੈ। ਹਵਾ ਵੀ ਉਸੇ ਅਰੂਪ ਮਾਲਕ ਦੀ ਹੋਂਦ ਦਾ ਪ੍ਰਮਾਣ ਹੈ। ਜਦੋਂ ਅਸੀਂ ਪਰਮਾਤਮਾ ਦੇ ਮਿਲਣ ਦੀ ਤਾਂਘ ਰੱਖਦੇ ਹਾਂ ਤਾਂ ਉਸਦੇ ਕੁਦਰਤ ਵਿੱਚ ਮਿਲਦੇ ਇਨ੍ਹਾਂ ਰੂਪਾਂ ਨਾਲ ਖਿਲਵਾੜ ਕਰਨ ਦੀ ਕਿਵੇਂ ਸੋਚ ਸਕਦੇ ਹਾਂ?

ਮਨੁੱਖ ਤਸੱਲੀ ਅਤੇ ਆਰਾਮ ਦਾ ਡੂੰਘਾ ਸਾਹ ਫਿਰ ਹੀ ਲੈ ਸਕਦਾ ਹੈ, ਜੇਕਰ ਹਵਾ ਤਾਜ਼ੀ ਅਤੇ ਸਵੱਛ ਹੋਵੇ। ਸਵੱਛ ਵਾਤਾਵਰਨ ਵਿੱਚ ਸਾਡਾ ਮਨ ਅਤੇ ਸਰੀਰ ਤਰੋ-ਤਾਜ਼ਾ ਮਹਿਸੂਸ ਕਰਦੇ ਹਨ। ਇਸ ਕਰਕੇ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਜਿਸ ਹਵਾ ਵਿੱਚ ਮਨੁੱਖ ਨੇ ਸਾਹ ਲੈਣਾ ਹੈ, ਉਹ ਸਾਫ਼ ਅਤੇ ਸਵੱਛ ਹੋਵੇ ਤੇ ਇਸ ਨੂੰ ਸਾਫ਼ ਅਤੇ ਸਵੱਛ ਰੱਖਣਾ ਮਨੁੱਖ ਦੀ ਹੀ ਜ਼ਿੰਮੇਵਾਰੀ ਹੈ, ਕਿਸੇ ਹੋਰ ਦੀ ਨਹੀਂ। ਮਨੁੱਖ ਆਪਣੇ-ਆਪ ਨੂੰ ਸ੍ਰਿਸ਼ਟੀ ਦਾ ਸ਼੍ਰੋਮਣੀ ਜੀਵ ਅਖਵਾਉਂਦਾ ਹੈ, ਇਸਨੂੰ ਇਸ ਗੱਲ ਦਾ ਸਬੂਤ ਵੀ ਦੇਣਾ ਚਾਹੀਦਾ ਹੈ। ਜੇਕਰ ਇਹ ਜਾਣਦਾ ਹੈ ਕਿ ਹਵਾ ਦਾ ਸਾਫ਼-ਸਵੱਛ ਹੋਣਾ ਜ਼ਰੂਰੀ ਹੈ ਤਾਂ ਇਸਨੂੰ ਸਾਫ਼ ਅਤੇ ਸਵੱਛ ਰੱਖਣ ਦੀ ਜ਼ਿੰਮੇਵਾਰੀ ਕਿਸਦੀ ਹੈ? ਮਨੁੱਖ ਦੀ ਲਿਆਕਤ ਤਾਂ ਫਿਰ ਹੈ, ਜੇਕਰ ਇਹ ਕੋਰੇ ਵਿਚਾਰਾਂ ਤੋਂ ਉੱਠ ਕੇ ਅਮਲ ਵੱਲ ਕਦਮ ਪੁੱਟੇ, ਆਪਣੀ ਜ਼ਿੰਮੇਵਾਰੀ ਸਮਝੇ। ਸਿਰਫ਼ ਵਿਚਾਰ ਪਰਗਟ ਕਰ ਸਕਣ ਦੇ ਆਧਾਰ 'ਤੇ ਹੀ ਆਪਣੇ-ਆਪ ਨੂੰ ਸ੍ਰੇਸ਼ਟ ਨਾ ਆਖਦਾ ਫਿਰੇ। ਜੇਕਰ ਮਨੁੱਖ ਹੀ ਆਪਣਾ ਫ਼ਰਜ਼ ਨਹੀਂ ਪਛਾਣੇਗਾ, ਉਸਨੂੰ ਨਹੀਂ ਨਿਭਾਵੇਗਾ, ਤਾਂ ਉਸਦਾ ਖ਼ਮਿਆਜ਼ਾ ਭੁਗਤਣ ਲਈ ਵੀ ਇਸਨੂੰ ਤਿਆਰ ਰਹਿਣਾ ਚਾਹੀਦਾ ਹੈ।

ਗੁਰੂ ਨਾਨਕ ਸਾਹਿਬ ਫ਼ਰਮਾਉਂਦੇ ਹਨ ਕਿ ਹਵਾ ਵੀ ਪ੍ਰਭੂ ਦੇ ਹੁਕਮ ਵਿੱਚ ਚੱਲਦੀ ਹੈ ਅਤੇ ਇਹ ਰੱਬੀ ਕੁਦਰਤ ਦਾ ਸ਼ਿੰਗਾਰ ਹੈ। ਕੁਦਰਤ ਦੇ ਇਨ੍ਹਾਂ ਰੂਪਾਂ ਵੱਲ ਵੇਖ ਕੇ ਮਨ ਅੰਦਰ ਰੱਬੀ ਸੁਆਦ ਪੈਦਾ ਹੁੰਦਾ ਹੈ:

ਭੈ ਵਿਚਿ ਪਵਣੁ ਵਹੈ ਸਦ ਵਾਉ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-464)
ਗਹਣੇ ਪਉਣੁ ਪਾਣੀ ਬੈਸੰਤਰੁ
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-465)
ਵਿਸਮਾਦੁ ਪਉਣੁ ਵਿਸਮਾਦੁ ਪਾਣੀ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-464)

ਤਦ ਗੁਰੂ ਸਾਹਿਬ ਦੇ ਕਹਿਣ ਦਾ ਭਾਵ ਹੈ ਕਿ ਕੁਦਰਤ ਦੇ ਇਹ ਰੂਪ ਸਾਨੂੰ ਸਿੱਧੇ-ਅਸਿੱਧੇ ਪ੍ਰਭੂ ਨਾਲ ਹੀ ਜੋੜਨ ਵਾਲੇ ਹਨ। ਇਹ ਪ੍ਰਭੂ ਦਾ ਹੀ ਸਰਗੁਣ ਰੂਪ ਹਨ। ਜੇਕਰ ਸਾਡੇ ਮਨ ਵਿੱਚ ਪ੍ਰਭੂ-ਮਿਲਣ ਦੀ ਤਾਂਘ ਹੈ ਤਾਂ ਅਸੀਂ ਇਨ੍ਹਾਂ ਕੁਦਰਤ ਦੇ ਪ੍ਰਾਰੂਪਾਂ ਨੂੰ ਗੰਦਾ ਨਹੀਂ ਕਰਨਾ ਸਗੋਂ ਸਵੱਸ਼ ਰੱਖਣਾ ਹੈ। ਗੁਰੂ ਸਾਹਿਬ ਕੁਦਰਤ ਵਿੱਚੋਂ ਹੀ ਰੱਬ ਦੇ ਦੀਦਾਰ ਕਰਦੇ ਹਨ ਅਤੇ ਇਸਨੂੰ ਉੱਚੀ ਪਦਵੀ ਦਿੰਦੇ ਹਨ। ਇਸ ਤਰ੍ਹਾਂ ਕਰ ਕੇ ਆਪ ਸਹਿਜ-ਰੂਪ ਵਿੱਚ ਹੀ ਕੁਦਰਤ ਦੀ ਸੰਭਾਲ ਦਾ ਸੰਦੇਸ਼ ਦੇ ਜਾਂਦੇ ਹਨ।

ਸਾਫ਼ ਅਤੇ ਤਾਜ਼ਾ ਹਵਾ ਹਰ ਮਨੁੱਖ ਦਾ ਬੁਨਿਆਦੀ ਅਧਿਕਾਰ ਹੈ ਪਰ ਜਦੋਂ ਮਨੁੱਖ ਵੱਖ-ਵੱਖ ਢੰਗਾਂ ਨਾਲ ਹਵਾ ਨੂੰ ਦੂਸ਼ਿਤ ਕਰਦਾ ਹੈ ਤਾਂ ਉਹ ਆਪਣੇ ਹੀ ਹਮ-ਨਸਲਾਂ ਦਾ ਇਹ ਬੁਨਿਆਦੀ ਅਧਿਕਾਰ ਖੋਹਣ ਦਾ ਯਤਨ ਕਰ ਰਿਹਾ ਹੁੰਦਾ ਹੈ। ਮਨੁੱਖ ਨੂੰ ਯਤਨ ਕਰਨਾ ਚਾਹੀਦਾ ਹੈ ਕਿ ਉਸਦੇ ਆਸ-ਪਾਸ ਹਵਾ ਸਾਫ਼ ਅਤੇ ਸਵੱਛ ਹੋਵੇ। ਮਨੁੱਖ ਨੂੰ ਮਹਾਂਪੁਰਸ਼ਾਂ ਦਾ ਆਖਿਆ ਮੰਨਣਾ ਚਾਹੀਦਾ ਹੈ ਤਾਂ ਹੀ ਉਨ੍ਹਾਂ ਦਾ ਸਰਬੱਤ ਦੇ ਭਲੇ ਦਾ ਆਸ਼ਾ ਪੂਰਾ ਹੋ ਸਕਦਾ ਹੈ।

**ਪਾਣੀ-** ਪਾਣੀ ਮਨੁੱਖ ਨੂੰ ਪਰਮਾਤਮਾ ਵਲੋਂ ਦਿੱਤੀ ਹੋਈ ਅਨਮੋਲ ਦਾਤ ਹੈ। ਇਹ ਪਰਮਾਤਮਾ ਦੀ ਮਨੁੱਖ ਨੂੰ ਦਿੱਤੀ ਹੋਈ ਅਹਿਮ ਬਖ਼ਸ਼ਿਸ਼ ਹੈ। ਮਨੁੱਖ ਕੋਲ ਝਰਨਿਆਂ, ਨਹਿਰਾਂ, ਨਦੀਆਂ, ਸਮੁੰਦਰਾਂ, ਦਰਿਆਵਾਂ, ਝੀਲਾਂ, ਤਲਾਬਾਂ, ਵਰਖਾ ਅਤੇ ਜ਼ਮੀਨੀ ਪਾਣੀ ਦੇ ਰੂਪ ਵਿੱਚ ਇਹ ਅਨਮੋਲ ਖ਼ਜ਼ਾਨਾ ਉਪਲਬਧ ਹੈ। ਪਰਮਾਤਮਾ ਨੇ ਇਹ ਦਾਤ ਸਾਰੀ ਸ੍ਰਿਸ਼ਟੀ ਨੂੰ ਬਿਨਾ ਕਿਸੇ ਵਿਤਕਰੇ ਦੇ ਬਖ਼ਸ਼ੀ ਹੈ ਅਤੇ ਇਸ ਉੱਪਰ ਸਭ ਦਾ ਬਰਾਬਰ ਅਧਿਕਾਰ ਹੈ। ਹਸਨ ਅਬਦਾਲ ਵਿਖੇ ਗੁਰੂ ਨਾਨਕ ਦੇਵ ਜੀ ਨੇ ਪਾਣੀ ਦੇ ਸ੍ਰੋਤ ਨੂੰ ਨਿੱਜੀ ਮਲਕੀਅਤ ਸਮਝੀ ਬੈਠੇ ਵਲੀ ਕੰਧਾਰੀ ਦਾ ਹੰਕਾਰ ਤੋੜ ਕੇ ਇਹ ਸੰਦੇਸ਼ ਦਿੱਤਾ ਸੀ ਕਿ ਕੁਦਰਤ ਦੇ ਬਖ਼ਸ਼ੇ ਹੋਏ ਇਨ੍ਹਾਂ ਭੰਡਾਰਾਂ 'ਤੇ ਸਭ ਦਾ ਬਰਾਬਰ ਅਧਿਕਾਰ ਹੈ। ਕਿਸੇ ਇੱਕ ਵਿਅਕਤੀ ਦਾ ਜਾਂ ਕੁਝ ਵਿਅਕਤੀਆਂ ਦਾ ਇਹ ਅਧਿਕਾਰ ਕਦੇ ਵੀ ਨਹੀਂ ਬਣ ਜਾਂਦਾ ਕਿ ਉਨ੍ਹਾਂ ਦੇ ਕਾਰਨਾਮਿਆਂ ਦੀ ਸਜ਼ਾ ਬਹੁ-ਗਿਣਤੀ ਮਨੁੱਖਾਂ ਨੂੰ ਭੁਗਤਣੀ ਪਵੇ। ਮਨੁੱਖ ਦੀ ਦੇਹ ਦੀਆਂ ਸਮੁੱਚੀਆਂ ਪ੍ਰਣਾਲੀਆਂ (ਮਓਨ ਭੋਦੇ ਸ਼ੇਸਟਏਮਸ) ਭੋਜਨ ਅਤੇ ਪਾਣੀ ਦੇ ਆਸਰੇ ਹੀ ਤਾਂ ਕੰਮ ਕਰਦੀਆਂ ਹਨ।



ਗੁਰੂ ਨਾਨਕ ਦੇਵ ਜੀ ਨੇ ਪਾਣੀ ਨੂੰ ਪਿਤਾ ਆਖਿਆ ਹੈ (ਉਪਵਣੁ ਗੁਰੂ ਪਾਣੀ ਪਿਤਾ'' -ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-8)। ਜਿਵੇਂ ਪਿਤਾ ਆਪਣੀ ਸੰਤਾਨ ਦੀ ਸੰਭਾਲ ਕਰਦਾ ਹੈ, ਉਸੇ ਤਰ੍ਹਾਂ ਹੀ ਜਲ ਵੀ ਸਰੀਰ ਦਾ ਆਧਾਰ ਹੈ। ਆਮ ਤੌਰ 'ਤੇ ਅਸੀਂ ਲਿਖਿਆ ਹੋਇਆ ਪੜ੍ਹਦੇ ਹਾਂ 'ਜਲ ਹੀ ਜੀਵਨ ਹੈ।' ਪਾਣੀ ਸਰੀਰ ਨੂੰ ਆਸਰਾ ਦਿੰਦਾ ਹੈ, ਇਹ ਸਰੀਰ ਨੂੰ ਮੂਲ ਤਾਕਤ ਦਿੰਦਾ ਹੈ। ਪਾਣੀ ਪੀ ਕੇ ਹੀ ਮਨੁੱਖ ਦਾ ਹਿਰਦਾ ਸ਼ਾਂਤੀ ਮਹਿਸੂਸ ਕਰਦਾ ਹੈ। ਜਲ ਤੋਂ ਬਿਨਾ ਹੋਰ ਕੋਈ ਵਸਤ ਐਸੀ ਨਹੀਂ, ਜਿਹੜੀ ਮਨੁੱਖ ਦੀ ਪਿਆਸ ਨੂੰ ਸ਼ਾਂਤ ਕਰ ਸਕਣ ਦੀ ਸਮਰੱਥਾ ਰੱਖਦੀ ਹੋਵੇ। ਪਾਣੀ ਤੋਂ ਬਿਨਾ (ਪਿਆਸ ਨਾਲ) ਮਨੁੱਖ ਤੜਫ਼-ਤੜਫ਼ ਕੇ ਦਮ ਤੋੜ ਦਿੰਦਾ ਹੈ। ਪਿਆਸੇ ਮਨੁੱਖ ਲਈ ਉਸ ਸਮੇਂ, ਜਦੋਂ ਉਹ ਪਿਆਸ ਕਾਰਨ ਮਰਨ ਕਿਨਾਰੇ ਹੋਵੇ, ਕਿਸੇ ਹੋਰ ਵਸਤੂ ਦੀ ਓਨੀ ਕੀਮਤ ਨਹੀਂ ਹੁੰਦੀ, ਜਿੰਨੀ ਪਾਣੀ ਦੀ ਹੁੰਦੀ ਹੈ। ਪਾਣੀ ਤੋਂ ਬਿਨਾ ਉਸ ਮਨੁੱਖ ਲਈ, ਉਸ ਸਮੇਂ, ਸੰਸਾਰ ਦੀ ਕੋਈ ਹੋਰ ਚੀਜ਼ ਵੱਧ ਕੀਮਤੀ ਨਹੀਂ ਹੁੰਦੀ। ਪਾਣੀ ਪੀ ਕੇ ਉਸਦੇ ਅੰਦਰ ਜੀਵਨ ਦਾ ਸੰਚਾਰ ਹੁੰਦਾ ਹੈ। ਜਲ਼ ਰਿਹਾ ਉਸਦਾ ਅੰਦਰ ਠਰ ਜਾਂਦਾ ਹੈ।

ਘਨਹਰ ਘੋਰ ਦਸੌ ਦਿਸਿ ਬਰਸੈ ਬਿਨੁ ਜਲ ਪਿਆਸ ਨ ਜਾਈ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-1273)

ਸੰਤਾਨ ਦਾ ਫ਼ਰਜ਼ ਬਣਦਾ ਹੈ ਕਿ ਆਪਣੇ ਪਿਤਾ ਦਾ ਸਤਿਕਾਰ ਕਰੇ। ਇਸੇ ਸੰਦਰਭ ਵਿੱਚ ਪਾਣੀ ਦੀ ਸੰਭਾਲ ਦਾ ਸੰਕਲਪ ਉਜਾਗਰ ਹੁੰਦਾ ਹੈ। ਜਦ ਅਸੀਂ ਆਪਣੇ ਪਿਤਾ ਦਾ ਸਤਿਕਾਰ ਕਰਨਾ ਆਪਣਾ ਫ਼ਰਜ਼ ਜਾਣਦੇ ਹਾਂ ਤਾਂ ਪਾਣੀ, ਜੋ ਪਿਤਾ ਵਾਂਗ ਹੀ ਸਾਡੇ ਵਾਧੇ ਅਤੇ ਵਿਕਾਸ ਦਾ ਆਧਾਰ ਹੈ, ਦੀ ਬੇ-ਪਤੀ ਅਸੀਂ ਕਿਵੇਂ ਕਰ ਸਕਦੇ ਹਾਂ? ਭਾਵ ਜਿਵੇਂ ਅਸੀਂ ਆਪਣੇ ਜੀਵਨ ਦੇ ਆਧਾਰ ਪਿਤਾ ਦਾ ਸਤਿਕਾਰ ਕਰਦੇ ਹਾਂ, ਉਸੇ ਤਰ੍ਹਾਂ ਹੀ ਸਾਨੂੰ ਪਾਣੀ ਦਾ ਵੀ ਸਤਿਕਾਰ ਕਰਨਾ ਚਾਹੀਦਾ ਹੈ। ਇਸ ਸਤਿਕਾਰ ਦਾ ਅਰਥ ਉਸਨੂੰ ਅਜਾਈਂ ਅਤੇ ਫ਼ਜ਼ੂਲ ਵਗਣ ਤੋਂ ਰੋਕਣਾ ਹੈ ਅਤੇ ਉਸਦੀ ਯੋਗ ਵਰਤੋਂ ਕਰਨੀ ਹੈ।

ਗੁਰੂ ਨਾਨਕ ਦੇਵ ਜੀ ਨੇ ਕੁਦਰਤ ਨੂੰ ਬੜਾ ਸਲਾਹਿਆ ਹੈ ਅਤੇ ਇਸੇ ਵਿੱਚੋਂ ਕਾਦਰ ਦੇ ਦਰਸ਼ਨ ਕੀਤੇ ਹਨ। ਉਨ੍ਹਾਂ ਨੂੰ ਇਸ ਵਿੱਚੋਂ ਰੱਬ ਦਿਸਦਾ ਹੈ, ਇਸ ਕਰਕੇ ਉਨ੍ਹਾਂ ਨੇ ਕੁਦਰਤ ਦੀ ਵੀ ਸਿਫ਼ਤ-ਸਾਲਾਹ ਕੀਤੀ ਹੈ। ਸ੍ਰੀ ਗੁਰੂ ਜੀ, ਜਿਹੜੇ ਕੁਦਰਤ ਵਿੱਚੋਂ ਰੱਬ ਨੂੰ ਤੱਕਦੇ ਹਨ, ਉਹ ਇਸਦੀ ਦਿੱਖ ਨੂੰ ਵਿਗੜਦਾ ਹੋਇਆ ਕਿਵੇਂ ਬਰਦਾਸ਼ਤ ਕਰ ਸਕਦੇ ਹਨ? ਅਤੇ ਅਸਾਨੂੰ, ਜਿਹੜੇ ਬਾਣੀਕਾਰਾਂ ਦੀ ਸੋਚ ਨੂੰ ਅੱਗੇ ਲਿਜਾਣ ਦੀ ਗੱਲ ਕਰਦੇ ਹਾਂ, ਇਸ ਤੱਥ ਨੂੰ ਸਮਝਣਾ ਚਾਹੀਦਾ ਹੈ ਕਿ ਕੁਦਰਤ ਦੀ ਸੰਭਾਲ ਕੀਤੀ ਜਾਵੇ। ਪਾਣੀ ਕੁਦਰਤ ਦਾ ਅਹਿਮ ਅੰਗ ਹੈ। ਗੁਰਬਾਣੀ ਵਿੱਚ ਥਾਂ-ਪੁਰ-ਥਾਂ, ਵੱਖ-ਵੱਖ ਸੰਦਰਭਾਂ ਵਿੱਚ, ਪਾਣੀ ਦਾ ਜ਼ਿਕਰ ਆਉਂਦਾ ਹੈ।

ਗੁਰੂ ਨਾਨਕ ਸਾਹਿਬ ਨੇ ਇੱਕ ਦੀਰਘ (ਲੰਮੇ) ਸਲੋਕ ਵਿੱਚ, ਜਿਹੜਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 149-50 ਉੱਪਰ ਸੁਸ਼ੋਭਿਤ ਹੈ, ਰਾਹੀਂ ਤਤਕਾਲੀ ਜੈਨੀ ਸਾਧੂਆਂ ਨੂੰ, ਜਿਹੜੇ ਪਾਣੀ ਤੋਂ ਦੂਰੀ ਬਣਾ ਕੇ ਰੱਖਦੇ ਸਨ, ਸਮਝਾਇਆ ਕਿ ਤੁਸੀਂ ਪਾਣੀ ਤੋਂ ਸੰਗਦੇ ਕਿਉਂ ਹੋ? ਪਾਣੀ ਦੀ ਮਹੱਤਤਾ ਨੂੰ ਸਮਝੋ। ਜਦੋਂ (ਸੁਮੇਰ) ਪਰਬਤ ਦੀ ਮਧਾਣੀ ਬਣਾਈ ਗਈ ਸੀ ਤਾਂ ਇਹ ਪਾਣੀ ਹੀ ਸੀ, ਜਿਸ ਵਿੱਚੋਂ ਚੌਦਾਂ ਰਤਨ ਪਰਗਟ ਹੋਏ ਸਨ। ਇਹ ਪਾਣੀ (ਨਦੀਆਂ) ਦੇ ਕਿਨਾਰੇ (ਕੰਢੇ) ਹੀ ਹਨ, ਜਿੱਥੇ ਤੀਰਥ ਸਥਾਪਿਤ ਹਨ ਅਤੇ ਵੱਖ-ਵੱਖ ਪੁਰਬਾਂ 'ਤੇ ਓਥੇ ਪ੍ਰਭੂ-ਨਾਮ ਦੀ ਕਥਾ ਹੁੰਦੀ ਹੈ।

(ਪਾਣੀ ਨਾਲ) ਨਹਾ ਕੇ ਹੀ ਤਾਂ ਪੂਜਾ ਅਤੇ ਨਮਾਜ਼ ਸਿਰੇ ਚੜ੍ਹਦੀ ਹੈ (ਪੂਰੀ ਹੁੰਦੀ ਹੈ) ਅਤੇ ਸੁਹਿਰਦ ਲੋਕ ਇਸ਼ਨਾਨ ਦੀ ਬੜੀ ਮਹੱਤਤਾ ਦਰਸਾਉਂਦੇ ਹਨ। ਨਵ-ਜਨਮੇ ਅਤੇ ਮੋਏ ਪ੍ਰਾਣੀਆਂ ਦੇ ਸੰਸਕਾਰ ਪਾਣੀ ਸਦਕਾ ਹੀ ਪੂਰੇ ਹੁੰਦੇ ਹਨ (ਭਾਵ ਇਸ਼ਨਾਨ ਕਰਵਾਇਆ ਜਾਂਦਾ ਹੈ)। ਵਰਖਾ ਦੇ ਰੂਪ ਵਿੱਚ ਜਦੋਂ ਪਾਣੀ ਧਰਤੀ 'ਤੇ ਪੁੱਜਦਾ ਹੈ ਤਾਂ ਵੇਖੋ, ਅਨੰਦ ਉਪਜਦਾ ਹੈ, ਮਨ ਖ਼ੁਸ਼ ਹੋ ਜਾਂਦਾ ਹੈ ਅਤੇ ਜੀਵਨ-ਜੁਗਤਿ ਅੱਗੇ ਵਧਦੀ ਹੈ। ਇਸੇ (ਵਰਖਾ ਦੇ) ਪਾਣੀ ਤੋਂ ਹੀ ਅੰਨ, ਕਮਾਦ, ਕਪਾਹ ਉਪਜਦੇ ਹਨ ਅਤੇ ਕੱਪੜਾ ਤਿਆਰ ਹੁੰਦਾ ਹੈ, ਜਿਸ ਨਾਲ ਮਨੁੱਖ ਦਾ ਤਨ ਢਕਿਆ ਜਾਂਦਾ ਹੈ। ਇਸੇ ਮੀਂਹ (ਪਾਣੀ) ਦੇ ਸਦਕਾ ਘਾਹ ਉਪਜਦਾ ਹੈ, ਜਿਸ ਨੂੰ ਚਰ ਕੇ ਗਊਆਂ ਦੁੱਧ ਦੇਂਦੀਆਂ ਹਨ ਤੇ ਘਰਾਂ ਵਿੱਚ ਮਧਾਣੀ ਘੁੰਮਦੀ ਹੈ (ਸਵਾਣੀ ਦਹੀਂ ਰਿੜਕਦੀ ਹੈ)। ਇਸ ਰਿੜਕਣ ਤੋਂ ਤਿਆਰ ਹੋਇਆ ਘਿਓ ਫਿਰ ਹੋਮ-ਯੱਗ ਅਤੇ ਪੂਜਾ ਵਿੱਚ ਵਰਤਿਆ ਜਾਂਦਾ ਹੈ ਅਤੇ ਕਾਰਜ ਸੰਪੂਰਨ ਹੁੰਦੇ ਹਨ। ਭੋਜਨ ਪਦਾਰਥ ਤਿਆਰ ਕਰਨ ਵਿੱਚ ਵੀ ਪਾਣੀ ਦੀ ਵਰਤੋਂ ਹੁੰਦੀ ਹੈ। ਗੰਦੇ ਹੋ ਚੁੱਕੇ ਕੱਪੜੇ ਆਦਿ ਵੀ ਪਾਣੀ ਦੀ ਵਰਤੋਂ ਤੋਂ ਹੀ ਸਾਫ਼ ਹੁੰਦੇ ਹਨ:

ਜਲ ਮਹਿ ਜੋਤਿ ਰਹਿਆ ਭਰਪੂਰਿ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-411)
ਗੁਰ ਨਾਨਕ ਕਉ ਪ੍ਰਭੂ ਦਿਖਾਇਆ ਜਲਿ ਥਲਿ ਤ੍ਰਿਭਵਣਿ ਰੁਖੀ॥
(ਮਹਲਾ 5, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-411)
ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ॥
ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ॥
ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ॥
ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ॥
---
ਵੁਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ॥
ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ॥
ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾਧਨ ਦਹੀ ਵਿਲੋਵੈ॥
ਤਿਤਿ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-150)
ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥
ਮੂਤ ਪਲੀਤੀ ਕਪੜੁ ਹੋਇ॥ ਦੇ ਸਾਬੂਣੁ ਲਈਐ ਓਹੁ ਧੋਇ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-4)

ਪਾਣੀ ਦੀ ਬਦੌਲਤ ਹੀ ਅੰਨ, ਕਮਾਦ, ਕਪਾਹ ਅਤੇ ਗੰਨਾ ਆਦਿਕ ਫ਼ਸਲਾਂ ਉਪਜਦੀਆਂ-ਵਿਗਸਦੀਆਂ ਹਨ। ਇਸ ਪਾਣੀ ਦੇ ਸਦਕਾ ਹੀ ਸਾਰੀ ਬਨਸਪਤੀ ਮੌਲਦੀ ਹੈ। ਜਲ ਤੋਂ ਬਿਨਾ ਮਨੁੱਖ ਦੀ ਪਿਆਸ ਵੀ ਕਦ ਬੁਝੀ ਹੈ?:

ਤੋਇਅਹੁ ਅੰਨੁ ਕਮਾਦ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ॥
(ਮ:1, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-1290)

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਤਾਂ ਕੁਦਰਤ ਦੇ ਇਹ ਰੂਪ ਵਿਸਮਾਦਿਤ ਕਰ ਦਿੰਦੇ ਹਨ। ਆਪ ਜੀ ਨੂੰ ਇਨ੍ਹਾਂ ਵਿੱਚ ਰੱਬ ਦੇ ਦੀਦਾਰ ਹੁੰਦੇ ਹਨ:

ਵਿਸਮਾਦੁ ਪਉਣੁ ਵਿਸਮਾਦੁ ਪਾਣੀ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-464)
ਆਪੇ ਪਉਣੁ ਪਾਣੀ ਬੈਸੰਤਰ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-1020)
ਏਕੁ ਅਚਾਰੁ ਰੰਗੁ ਇਕੁ ਰੂਪੁ॥
ਪਉਣ ਪਾਣੀ ਅਗਨੀ ਅਸਰੂਪ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-929)
ਊਰਧ ਧੂਰਮ ਜੋਤਿ ਉਜਾਲਾ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-930)
ਆਪੇ ਭਵਰੁ ਫੁਲੁ ਫਲੁ ਤਰਵਰੁ॥
ਆਪੇ ਜਲੁ ਥਲੁ ਸਾਗਰੁ ਸਰਵਰੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-1020)

ਇਸ ਸੰਦਰਭ ਵਿੱਚ ਨਿਰਾਕਾਰ-ਅਰੂਪ, ਅਦ੍ਰਿਸ਼ਟ ਪ੍ਰਭੂ ਦਾ ਸਾਕਾਰ-ਸਰਗੁਣ ਰੂਪ ਕੁਦਰਤ ਆਖੀ ਜਾ ਸਕਦੀ ਹੈ। ਇਸ ਲਈ ਸਾਡਾ ਫ਼ਰਜ਼ ਬਣ ਜਾਂਦਾ ਹੈ ਕਿ ਅਸੀਂ ਕਾਦਰ ਦੇ ਸਰਗੁਣ ਰੂਪ ਨੂੰ ਮੈਲਾ ਨਾ ਹੋਣ ਦੇਈਏ। ਗੁਰੂ ਸਾਹਿਬ ਦਾ ਆਖਣਾ ਹੈ ਕਿ ਪਾਣੀ ਦੇ ਵੱਡੇ ਵਹਿਣ (ਦਰਿਆ) ਵੀ ਪ੍ਰਭੂ ਦੇ ਹੁਕਮਾਂ ਵਿੱਚ ਵਗ ਰਹੇ ਹਨ। ਹਵਾ, ਪਾਣੀ ਅਤੇ ਅੱਗ ਕੁਦਰਤ ਦੇ ਗਹਿਣੇ ਰੂਪ ਹਨ। ਪਾਣੀ ਵਿੱਚ (ਜ਼ਮੀਨ ਸਮੇਤ) ਜੀਵਾਂ ਦਾ ਨਿਵਾਸ ਹੈ। (ਜਲਿ ਥਲਿ ਜੀਆ -ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-466) ਪਾਣੀ ਜੀਵ ਵਿੱਚ ਪ੍ਰਾਣਾਂ ਦਾ ਸੰਚਾਰ ਕਰਦਾ ਹੈ:

ਭੈ ਵਿਚਿ ਚਲਹਿ ਲਖ ਦਰੀਆਉ॥ (ਸਲੋਕ ਮ:1, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-464)
ਗਹਣੇ ਪਉਣੁ ਪਾਣੀ ਬੈਸੰਤਰੁ (ਸਲੋਕ ਮ:1, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-465)
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥
(ਸਲੋਕੁ ਮ:1, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-472)

ਗੁਰੂ ਨਾਨਕ ਸਾਹਿਬ ਜਲ ਨੂੰ ਜੀਵਨ-ਦਾਤਾ ਖ਼ਿਆਲ ਕਰਦੇ ਹਨ। ਧਰਤੀ (ਦੀ ਹੋਂਦ) ਵੀ ਪਾਣੀ ਕਰਕੇ ਹੀ ਹੈ। ਇਸੇ ਲਈ ਗੁਰੂ ਸਾਹਿਬ ਪਾਣੀ ਨੂੰ ਸੰਸਾਰ ਦਾ ਪਿਤਾ ਆਖਦੇ ਹਨ। ਜੀਵ ਪ੍ਰਤਿਪਾਲਨਾ ਦੇ ਇਨਾਂ ਗੁਣਾਂ ਕਾਰਨ ਹੀ ਗੁਰੂ ਨਾਨਕ ਅਤੇ ਹੋਰ ਬਾਣੀਕਾਰ ਪਾਣੀ ਨੂੰ ਵਾਰ-ਵਾਰ ਪਿਤਾ ਆਖ ਕੇ ਸਤਿਕਾਰਦੇ ਹਨ:

ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ
(ਸਲੋਕੁ ਮ:1, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-473)
ਪਾਣੀ ਪਿਤਾ ਜਗਤ ਕਾ (ਮਹਲਾ 1, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-1240)
ਪਉਣ ਗੁਰੂ ਪਾਣੀ ਪਿਤ ਜਾਤਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-1021)
ਪਉਣੁ ਗੁਰੂ ਪਾਣੀ ਪਿਤਾ (ਮ:2, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-146)

ਧਰਤੀ ਉਮਾਤਾ ਧਰਤਿ ਮਹਤੁ'' ਰਾਹੀਂ ਗੁਰੂ ਸਾਹਿਬ ਨੇ ਧਰਤੀ ਦਾ ਮਹੱਤਵ ਮਾਂ ਜਿਹਾ ਦੱਸਿਆ ਹੈ। ਮਨੁੱਖ ਦੇ ਜੀਵਨ ਵਿੱਚ ਮਾਂ ਦਾ ਬੜਾ ਵੱਡਾ ਮਹੱਤਵ ਹੁੰਦਾ ਹੈ। ਉਹ ਮਨੁੱਖ ਨੂੰ ਜਨਮ ਦਿੰਦੀ ਹੈ, ਉਸਦਾ ਪਾਲਣ-ਪੋਸ਼ਣ ਕਰਦੀ ਹੈ ਤੇ ਆਪ ਦੁੱਖ ਸਹਿੰਦੀ ਹੋਈ, ਸਾਰੀ ਉਮਰ, ਉਸ 'ਤੇ ਕੋਈ ਕਸ਼ਟ ਨਹੀਂ ਆਉਣ ਦਿੰਦੀ। ਉਹ ਮਨੁੱਖ ਦੇ ਸਿਰ 'ਤੇ ਗੂੜ੍ਹੀ ਛਾਂ ਵਰਗੀ ਹੁੰਦੀ ਹੈ, ਜੋ ਉਸਨੂੰ ਦੁੱਖਾਂ-ਕਸ਼ਟਾਂ ਦੀ ਤਪਸ਼ ਤੋਂ ਬਚਾ ਕੇ ਰੱਖਦੀ ਹੈ। ਮਨੁੱਖ ਆਪਣੀ ਮਾਤਾ ਦੇ ਗਰਭ ਵਿੱਚ ਲਗਭਗ ਨੌਂ ਮਹੀਨੇ ਰਹਿੰਦਾ ਹੈ ਤੇ ਮਗਰੋਂ ਉਹ ਸਾਰੀ ਉਮਰ ਧਰਤੀ ਰੂਪ ਮਾਂ ਦੀ ਗੋਦ ਵਿੱਚ ਹੀ ਗੁਜ਼ਾਰਦਾ ਹੈ। ਧਰਤੀ ਮਾਂ ਮਨੁੱਖ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਦੀ ਹੈ।

ਧਰਤੀ ਮਾਂ ਆਪਣੇ ਕੋਲ਼ ਪਏ ਹੋਏ ਕੁਦਰਤ ਦੇ ਅਮੁੱਲ ਖ਼ਜ਼ਾਨੇ ਆਪਣੀ ਸੰਤਾਨ ਦੇ ਹਵਾਲੇ ਕਰਦੀ ਹੈ ਅਤੇ ਆਪਣੀ ਸੰਤਾਨ ਨੂੰ ਸਾਧਨ-ਸੰਪੰਨ ਦੇਖਣਾ ਚਾਹੁੰਦੀ ਹੈ। ਮਨੁੱਖ ਜੇਕਰ ਚੰਗਾ ਪੁੱਤ ਬਣ ਕੇ ਮਾਂ ਵਾਂਗ ਧਰਤੀ ਦਾ ਸਤਿਕਾਰ ਕਰੇ ਅਤੇ ਇਸ ਨਾਲ ਚੰਗਾ ਵਤੀਰਾ ਰੱਖੇ ਤਾਂ ਉਹ ਕਈ ਬਿਪਤਾਵਾਂ ਤੋਂ ਬਚ ਸਕਦਾ ਹੈ। ਧਰਤੀ ਮਾਤਾ ਖਿਮਾ ਦਾ ਚਿੰਨ੍ਹ ਹੈ। ਧਰਤੀ ਨੂੰ ਚਾਹੇ ਕੋਈ ਖੋਦੇ, ਚਾਹੇ ਉਸ ਉੱਪਰ ਚੰਦਨ ਆਦਿਕ ਸੁਗੰਧਤ ਵਸਤਾਂ ਦਾ ਲੇਪ ਕਰਦਾ ਫਿਰੇ, ਧਰਤੀ ਸਭ ਨਾਲ ਇੱਕੋ ਜਿਹਾ ਹੀ ਸਲੂਕ ਰੱਖਦੀ ਹੈ। ਧਰਤੀ ਉੱਪਰ ਲੇਪ ਕਰਨ ਵਾਲੇ ਨੂੰ ਉਹ ਕੋਈ ਵਿਸ਼ੇਸ਼ ਵਸਤੂ ਨਹੀਂ ਬਖ਼ਸ਼ਦੀ ਅਤੇ ਇਸ ਨੂੰ ਖੋਦਣ ਵਾਲੇ ਨੂੰ ਕੋਈ ਚੀਜ਼ ਘੱਟ ਨਹੀਂ ਦਿੰਦੀ, ਉਸਦੀਆਂ ਦਾਤਾਂ ਤਾਂ ਉਸਦੀਆਂ ਸਾਰੀਆਂ ਸੰਤਾਨਾਂ ਲਈ ਸਾਵੀਆਂ ਅਤੇ ਸੰਤੁਲਿਤ ਹੁੰਦੀਆਂ ਹਨ। ਬ੍ਰਹਮ-ਗਿਆਨੀਆਂ ਨੂੰ ਧਰਤੀ ਜਿਹੇ ਖਿਮਾਵੰਤ ਅਤੇ ਵਿਸ਼ਾਲ ਹਿਰਦੇ ਵਾਲੇ ਦਰਸਾਇਆ ਗਿਆ ਹੈ। ਮਨੁੱਖ ਨੂੰ ਵੀ ਸ਼ਹਿਨਸ਼ੀਲਤਾ ਅਤੇ ਖਿਮਾ ਦੇ ਗੁਣ ਧਰਤੀ ਤੋਂ ਧਾਰਨ ਕਰਨੇ ਚਾਹੀਦੇ ਹਨ।

ਧਰਤੀ, ਸਭ ਦੇ ਜਨਮ ਹਿਤ ਮਹੱਤਵਪੂਰਨ ਕਾਰਕ ਹੈ। ਇਹ ਮਾਂ ਵਾਂਗ ਆਪਣੀ ਗੋਦ ਵਿੱਚ ਸਾਰਿਆਂ ਨੂੰ ਖਿਡਾਉਂਦੀ ਹੈ ਅਤੇ ਅੰਤ ਸਾਰਾ ਦਿਸਦਾ ਇਸੇ ਮਾਂ ਦੀ ਗੋਦ ਵਿੱਚ ਹੀ ਸਦਾ ਦੀ ਨੀਂਦ ਸੌਂ ਜਾਂਦਾ ਹੈ। ਇਸੇ 'ਉਦਰ ਸੰਜੋਗ' ਕਾਰਨ ਧਰਤੀ, ਮਾਂ ਅਖਵਾਏ ਜਾਣ ਦੀ ਪੂਰਨ ਅਧਿਕਾਰੀ ਹੈ। ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਸ੍ਰਿਸ਼ਟੀ ਦੇ ਸਮੁੱਚੇ ਜੀਵ-ਜੰਤੂਆਂ ਦੀ ਇਹ ਮਾਂ ਧਰਤੀ, ਪਰਮਾਤਮਾ ਨੇ ਆਪ ਸਾਜੀ ਹੈ ਅਤੇ ਮਨੁੱਖ ਨੇ ਇਸੇ ਧਰਤੀ ਤੋਂ ਜਨਮ ਲੈ ਕੇ ਕੁਦਰਤ ਦੀ ਸਰਬ-ਉੱਤਮ ਰਚਨਾ ਵਜੋਂ ਮਾਣ ਪਾਇਆ ਹੈ।

ਪਰਮਾਤਮਾ ਦੇ ਹੁਕਮ ਵਿੱਚ ਸਾਜੀ ਗਈ ਇਸ ਧਰਤੀ ਨੂੰ ਗੁਰੂ ਅਮਰਦਾਸ ਜੀ 'ਸਚੀ ਧਰਮਸਾਲਾ' ਆਖਦੇ ਹਨ। ਗੁਰੂ ਸਾਹਿਬ ਦੱਸਦੇ ਹਨ ਕਿ ਇਸ ਦਾਤੀ ਮਾਂ (ਜਿਹੜੀ ਹਰ ਦਾਤ ਦੇਣ ਦੇ ਸਮਰੱਥ ਹੈ) ਨੂੰ ਮਨੁੱਖ ਪਾਸੋਂ ਕਿਸੇ ਭੇਟਾ ਜਾਂ ਚੀਜ਼ ਦੀ ਲੋੜ ਨਹੀਂ। ਭਾਵ ਇਹ ਮਨੁੱਖ ਪਾਸੋਂ ਕੋਈ ਆਸ ਨਹੀਂ ਰੱਖਦੀ (ਕਿਉਂਕਿ ਮਾਂ ਹੈ) ਪਰ ਮਨੁੱਖ ਦਾ ਇਹ ਇਖ਼ਲਾਕੀ ਫ਼ਰਜ਼ ਤਾਂ ਬਣ ਹੀ ਜਾਂਦਾ ਹੈ ਕਿ ਆਪਣੀ ਮਾਂ ਦੀ ਸੇਵਾ-ਸੰਭਾਲ ਕਰੇ। ਲਾਇਕ ਪੁੱਤਰ ਦੇ ਹੁੰਦਿਆਂ-ਸੁੰਦਿਆਂ ਉਸ ਦੀ ਮਾਂ ਦੀ ਕਿਸੇ ਵੀ ਪੱਖ ਤੋਂ ਬੇ-ਪਤੀ ਨਾ ਹੋਵੇ। ਆਪਣੀ ਧਰਤੀ ਮਾਂ ਨੂੰ ਸਦਾ ਲਈ ਹਰੀ-ਭਰੀ ਰੱਖਣ ਹਿਤ ਸੁਹਿਰਦ ਯਤਨ ਕਰਨੇ ਚਾਹੀਦੇ ਹਨ।

**(ਬਾਕੀ ਅਗਲੇ ਸਫੇ 'ਤੇ)**

# ਮੇਰੇ ਦਿਨੇਸ਼ ਭਾਜੀ



ਸੀਤਾ ਰਾਮ ਮਾਧੋਪੁਰੀ

ਸੰਨ 1986 ਦੇ ਆਖਰੀ ਮਹੀਨੇ ਦੀ ਗੱਲ ਐ। ਇਲੈਕਟਰੀਕਲ ਇੰਜੀਨੀਅਰਿੰਗ ਦੇ ਤੀਜੇ ਸਮੈਸਟਰ ਦਾ ਰਿਜਲਟ ਆਇਆ, ਚਾਰ ਪੇਪਰਾਂ ਚੋਂ ਦੋ ਵਿੱਚੋਂ ਕੰਪਾਰਟਮੈਂਟਾਂ। ਨਿੱਤ ਦੀ ਰੁਟੀਨ ਸੀ ਮੈਂ ਆਪਣੇ ਪਰਮ ਮਿੱਤਰ ਟੌਨੀ ਕੋਲ਼ ਰੋਜ ਸ਼ਾਮ ਨੂੰ ਜਾਂਦਾ ਸਾਂ। ਉਨ੍ਹਾਂ ਦੀ ਹਵੇਲੀ ਦੇ ਮੁੱਖ ਦਰਵਾਜ਼ੇ ਦੀ ਸਰਦਲ ਤੇ ਮੈਂ ਤੇ ਟੌਨੀ ਬੈਠੇ ਸੀ। ਟੌਨੀ ਨੇ ਰਿਜਲਟ ਬਾਰੇ ਪੁੱਛਿਆ। ਦੋ ਕੰਪਾਰਟਮੈਂਟਾਂ ਦਾ ਸੁਣਦਿਆਂ ਟੌਨੀ ਅੱਗ ਬਗੂਲਾ ਹੁੰਦਿਆਂ ਮੋਟੀ ਜਿਹੀ ਗਾ਼ਲ ਕੱਢਕੇ ਬੋਲਿਆ--ਤੂੰ...... ਸ਼ਹਿਰ ਜਾਣ ਲੱਗ ਪਿਆਂ, ਤੇਰਾ ਦਿਮਾਗ ਖ਼ਰਾਬ ਹੋ ਗਿਆ, ਤੂੰ ਏਨਾਂ ਹੁਸ਼ਿਆਰ ਆਂ ਤੇਰੀਆਂ ਕੰਪਾਰਟਮੈਂਟਾਂ ਕਿੱਦਾਂ ਆ ਗਈਆਂ, ਤੂੰ ਪੱਕਾ ਕੁੜੀਆਂ ਦੇ ਚੱਕਰ ਵਿੱਚ ਪੈ ਗਿਆ ਹੁਣਾਂ।

"ਓ ਭਰਾਵਾ ਪਹਿਲਾਂ ਮੇਰੀ ਗੱਲ ਸੁਣ ਲਾ ਫਿਰ ਜੋ ਮਰਜੀ ਕਹਿ ਲਈਂ," ਮੈਂ ਹੋਲੀ ਜਿਹੀ ਕਿਹਾ, "ਅਸਲ ਚ ਗੱਲ ਇਹ ਐ ਕਿ ਮੇਰੇ ਕੋਲ ਸਾਇੰਟਿਫਿਕ ਕੈਲਕੁਲੇਟਰ ਹੈਨੀ। ਖ਼ਰੀਦਣ ਲਈ ਪੈਸੇ ਵੀ ਹੈ ਨਹੀਂ। ਉਹਦੇ ਬਿਨਾਂ ਪੇਪਰ ਦਿੱਤੇ ਐ। ਤਾਂ ਆਈਆਂ ਕੰਪਾਰਟਮੈਂਟਾਂ।"

"ਚਲ ਫਿਰ ਏਦਾਂ ਕਰ।ਫੀਰੀ ਕੋਲੋਂ ਬਾਹਰਲਾ ਲਿਫ਼ਾਫ਼ਾ ਲੈ ਕੇ ਦਿਨੇਸ਼ ਭਾਜੀ ਨੂੰ ਚਿੱਠੀ ਲਿਖ ਕੇ ਮੈਨੂੰ ਦੇ। ਮੈਂ ਐਡਰੈੱਸ ਲਿਖ ਕੇ ਭੇਜ ਦਊਂਗਾ," ਟੌਨੀ ਇੱਕਦਮ ਠੰਡਾ ਹੋ ਕੇ ਬੋਲਿਆ। ਮੈਂ ਸਾਢੇ ਛੇ ਰੁਪਿਆਂ ਦਾ ਅੰਤਰਦੇਸੀ ਲਿਫ਼ਾਫ਼ਾ ਲੈ ਕੇ ਉਹਦੇ ਤੇ ਦਿਨੇਸ਼ ਭਾਜੀ ਨੂੰ ਚਿੱਠੀ ਲਿਖ ਕੇ ਟੌਨੀ ਨੂੰ ਫੜਾ ਆਇਆਂ। ਉਦੋਂ ਮਜ਼ਦੂਰ ਦੀ ਦਿਹਾੜੀ ਦਸ ਰੁਪਏ ਸੀ। ਮਹੀਨੇ ਕੁ ਬਾਅਦ ਮੇਰੇ ਐਨ ਸੀ ਸੀ ਇੰਚਾਰਜ ਮੇਜਰ ਵੀ ਬੀ ਸਿੱਕਾ ਜੀ ਨੇ ਮੈਨੂੰ ਆਪਣੇ ਦਫ਼ਤਰ ਬੁਲਾ ਕੇ ਇੱਕ ਪੈਕਟ ਫੜਾਉਂਦਿਆਂ ਕਿਹਾ-- ਬੇਟਾ ਜੀ ਆਹ ਤੁਹਾਡਾ ਪਾਰਸਲ ਆਇਆ ਸੈਨਹੋਜੇ ਅਮਰੀਕਾ ਤੋਂ। ਪਾਰਸਲ ਵਿੱਚੋਂ ਕੈਸੀਓ ਕੰਪਨੀ ਦਾ ਐਫ ਐਕਸ 82 ਮਾਡਲ ਦਾ ਕੈਲਕੁਲੇਟਰ ਨਿਕਲ਼ਿਆ। ਕੈਲਕੁਲੇਟਰ ਦੇਖ ਕੇ ਮੇਰੇ ਅੱਖਾਂ ਚੋਂ ਅੱਥਰੂ ਵਹਿ ਤੁਰੇ। ਨਾਲ ਆਈ ਚਿੱਠੀ ਪੜ੍ਹਦਿਆਂ ਮੈਂ ਹੁਬਕੀਂ ਹੁਬਕੀਂ ਰੋਣ ਲੱਗ ਪਿਆ। ਸਿੱਕਾ ਸਰ ਨੇ ਮੈਨੂੰ ਚੁੱਪ ਕਰਾਇਆ। ਡੇੜ ਸਾਲ ਪਹਿਲਾਂ ਮੈਂ ਜਦੋਂ ਕਾਲਜ ਵਿੱਚ ਦਾਖਲਾ ਲੈਣਾਂ ਸੀ ਤਾਂ ਚਾਰ ਸੌ ਰੁਪਿਆਂ ਬਾਰੇ ਪਤਾ ਕਰਨ ਗਏ ਨੂੰ ਟੱਬਰ ਚੋਂ ਇੱਕ ਭਰਾ ਨੇ ਕਿਹਾ ਸੀ-- ਪੈਸੇ ਤਾਂ ਮੇਰੇ ਕੋਲ ਹੈਗੇ ਛੇ ਹਜ਼ਾਰ ਰੁਪਏ ਪਰ ਮੈਂ ਤੈਨੂੰ ਦੇਣੇ ਨਹੀਂ। ਜੇ ਮੈਂ ਤੈਨੂੰ ਦੇ ਦਿੱਤੇ ਤਾਂ ਮੇਰੀ ਰਕਮ ਟੁੱਟ ਜਾਣੀ ਆਂ। ਮੈਂ ਥਾਂ ਖਰੀਦਣਾਂ।

ਇਹ ਗੱਲ ਚੇਤੇ ਆਉਣ ਨਾਲ ਮੈਨੂੰ ਰੋਣਾਂ ਆ ਗਿਆ ਸੀ। ਜਿਹੜੇ ਭਾਈਚਾਰਾ, ਆਪਣਾ ਟੱਬਰ, ਆਪਣੇ ਵਰਗੇ ਸ਼ਬਦ ਵਰਤਦੇ ਆ ਉਹ ਖੂਹ ਦੇ ਡੱਡੂ ਹੁੰਦੇ ਐ। ਆਪਣੇ ਉਹ ਹੁੰਦੇ ਐ ਜਿਹੜੇ ਔਖੇ ਵੇਲੇ ਨਾਲ ਖੜ੍ਹਨ। ਜਾਤ, ਗੋਤ, ਮੁਹੱਲੇ ਜਾਂ ਪਰਿਵਾਰ ਵਾਲੇ ਉਹ ਆਪਣੇ ਨਹੀਂ ਹੁੰਦੇ ਜਿਹੜੇ ਔਖੇ ਵੇਲੇ ਮੂੰਹ ਮੋੜ ਲੈਣ।




ਚਿੱਠੀ ਵਿੱਚ ਦਿਨੇਸ਼ ਭਾਜੀ ਨੇ ਲਿਖਿਆ ਸੀ- ਪਿਆਰੇ ਸੀਤਾ ਰਾਮ ਤੇਰੀ ਚਿੱਠੀ ਮਿਲ਼ੀ। ਕੈਲਕੁਲੇਟਰ ਭੇਜ ਦਿੱਤਾ। ਦਿਲ ਲਾ ਕੇ ਪੜ੍ਹਾਈ ਕਰੀਂ । ਤੈਨੂੰ ਪੜ੍ਹਾਈ ਲਈ ਜਦੋਂ ਵੀ ਪੈਸਿਆਂ ਦੀ ਲੋੜ ਪਵੇ ਤੂੰ ਘਰੋਂ ਮੰਮੀ ਕੋਲ਼ੋਂ ਜਾ ਕੇ ਲੈ ਆਂਵੀਂ। ਮੈਂ ਮੰਮੀ ਨੂੰ ਫੋਨ ਤੇ ਕਹਿ ਦਿੱਤਾ ਐ। ਤੂੰ ਕਿਸੇ ਕਿਸਮ ਦੀ ਪਰਵਾਹ ਨਹੀਂ ਕਰਨੀ। ਨਿਸ਼ਚਿੰਤ ਹੋ ਕੇ ਪੜ੍ਹਾਈ ਕਰ।

ਕੈਲਕੁਲੇਟਰ ਦੀ ਉਦੋਂ ਕੀਮਤ ਸੀ 460 ਰੁਪਏ। ਏਨੇ ਰੁਪਏ ਮੇਰੀ ਦਾਖਲਾ ਫੀਸ ਲੱਗੀ ਸੀ। ਜਿਹੜੀ ਕਿ ਢਾਈ ਸਾਲ ਪਹਿਲਾਂ ਨਾਂ ਦੇ ਸਕਣ ਕਾਰਨ ਮੈਂ ਮਿਹਰ ਚੰਦ ਪਾਲੀਟੈਕਨਿਕ ਜਲੰਧਰ ਵਿੱਚ ਦਾਖ਼ਲ ਨਹੀਂ ਸੀ ਹੋ ਸਕਿਆ। ਫਿਰ ਇੱਕ ਸਾਲ ਪੜ੍ਹਾਈ ਛੱਡ ਕੇ ਦਿਹਾੜੀਆਂ ਕੀਤੀਆਂ, ਪੈਸੇ ਜੋੜ ਕੇ ਦਾਖਲਾ ਲਿਆ ਸੀ ਅਗਲੇ ਸਾਲ। ਮੈਨੂੰ ਪੈਸਿਆਂ ਦੀ ਅਹਿਮੀਅਤ ਦਾ ਅਹਿਸਾਸ ਸੀ। ਜੇ ਉਹ ਕੈਲਕੁਲੇਟਰ ਦਿਨੇਸ਼ ਭਾਜੀ ਮੈਨੂੰ ਨਾਂ ਭੇਜਦੇ ਤਾਂ ਅੱਜ ਮੇਰੀ ਜਿੰਦਗੀ ਦੀ ਹੋਣੀ ਕੁਝ ਹੋਰ ਹੋਣੀ ਸੀ। ਮੈਂ ਦਿਹਾੜੀਆਂ ਕਰਨੀਆਂ ਸੀ। ਗਰੀਬੀ ਦੀ ਔਖੀ ਜੂਨ ਹੰਢਾਉਣੀ ਸੀ। ਰੁ਼ਲ ਜਾਣਾਂ ਸੀ ਮੇਰਾ ਮਨੁੱਖੀ ਜੀਵਨ। ਬੋਰਡ ਦੀ ਅੱਠਵੀਂ ਜਮਾਤ ਵਿੱਚ ਪੂਰੇ ਭੋਗਪੁਰ ਬਲਾਕ ਵਿੱਚੋਂ ਫਸਟ ਆਇਆਂ ਸਾਂ, 19 ਜੂਨ 1981 ਦੀ ਅਜੀਤ ਅਖ਼ਬਾਰ ਵਿੱਚ ਮੇਰੀ ਫੋਟੋ ਛਪੀ ਸੀ। ਇਹ ਫੋਟੋ ਛਪਣ ਤੋਂ ਬਾਅਦ ਪੰਜ ਪਿੰਡਾਂ ਦੇ ਲੋਕਾਂ ਨੇ ਆਪਣੇ ਬੱਚੇ ਦੂਸਰੇ ਸਕੂਲਾਂ ਚੋਂ ਹਟਾ ਕੇ ਸਰਕਾਰੀ ਹਾਈ ਸਕੂਲ ਰਾਸਤਗੋ ਵਿੱਚ ਦਾਖ਼ਲ ਕਰਾ ਦਿੱਤੇ ਸਨ ਕਿ ਇਸ ਸਕੂਲ ਵਿੱਚ ਵਧੀਆ ਪੜ੍ਹਾਈ ਕਰਾਉਂਦੇ ਐ। ਮੇਰੇ ਇਕ ਅਧਿਆਪਕ ਨੇ ਹੱਸਦਿਆਂ ਕਿਹਾ ਸੀ- ਉਏ ਤੂੰ ਤਾਂ ਫਸਟ ਆ ਕੇ ਸਾਡੇ ਲਈ ਪੰਗਾ ਖੜ੍ਹਾ ਕਰ ਦਿੱਤਾ। ਲੋਕੀਂ ਆਪਣੇ ਨਿਆਣੇ ਇੱਥੇ ਦਾਖਲ ਕਰਾਉਣ ਆ ਰਹੇ ਐ।

ਜੇ ਮੈਂ ਕਾਲਜ ਨਾਂ ਪੜ੍ਹਦਾ ਤਾਂ ਪਿੰਡ ਦਿਹਾੜੀਆਂ ਕਰਦਿਆਂ ਪਲ ਪਲ ਮਰਿਆ ਕਰਨਾ ਸੀ। ਹੋ ਸਕਦਾ ਐ ਖੁਦਕੁਸ਼ੀ ਕਰ ਲੈਂਦਾ। ਪਰ ਇਹ ਕੈਲਕੁਲੇਟਰ ਮੇਰੇ ਜੀਵਨ ਵਿੱਚ ਖੁਸ਼ੀਆਂ ਖੇੜੇ ਬਹਾਰਾਂ ਲੈ ਆਇਆ। ਪਿਛਲੇ ਸਾਲ ਮੇਰਾ ਬੇਟਾ ਗੌਰਵ ਕਨੇਡਾ ਪੋਸਟ ਗ੍ਰੈਜੂਏਸ਼ਨ ਕਰਨ ਗਿਆ ਟਰਾਂਟੋ ਏਅਰਪੋਰਟ ਤੇ ਪਹੁੰਚਿਆ ਤਾਂ ਮੈਂ ਸਭ ਤੋਂ ਪਹਿਲਾ ਫੋਨ ਦਿਨੇਸ਼ ਭਾਜੀ ਨੂੰ ਕੀਤਾ। ਮੈਂ ਗੱਲ ਕਰਦਿਆਂ ਭਾਵੁਕ ਹੋ ਕੇ ਕਿਹਾ ਭਾਜੀ ਤੁਸੀਂ ਔਖੇ ਵੇਲੇ ਮੇਰਾ ਸਾਥ ਨਾਂ ਦਿੰਦੇ ਤਾਂ ਮੈਂ ਅੱਜ ਆਹ ਦਿਨ ਨਹੀਂ ਸੀ ਦੇਖਣਾਂ। ਭਾਜੀ ਦਾ ਜਵਾਬ ਬਹੁਤ ਪਿਆਰਾ ਸੀ-- ਕਿਉਂ ਨਾਂ ਦਿੰਦਾ ਤੇਰਾ ਸਾਥ ਤੂੰ ਮੇਰਾ ਛੋਟਾ ਭਰਾ ਏਂ। ਉਹ ਮੇਰਾ ਫਰਜ਼ ਬਣਦਾ ਸੀ। ਫਿਰ ਭਾਜੀ ਨੇ ਐਨ ਆਰ ਆਈ ਵੀਰਾਂ ਵੱਲੋਂ ਪਿੰਡ ਵਿੱਚ ਕਰਵਾਏ ਜਾ ਰਹੇ ਲੋਕ ਭਲਾਈ ਦੇ ਕਾਰਜਾਂ ਦੀ ਤਾਰੀਫ਼ ਕੀਤੀ ਤੇ ਮੈਨੂੰ ਨਵੰਬਰ 2018 ਵਿੱਚ ਪਿੰਡ ਸੱਦ ਕੇ ਵਿਚਾਰ ਚਰਚਾ ਕੀਤੀ। ਭਾਜੀ ਵੱਲੋਂ ਪਿੰਡ ਵਿੱਚ ਕੀਤੀ ਜਾ ਰਹੀ ਲੋੜਵੰਦਾਂ ਦੀ ਮੱਦਦ ਬਾਰੇ ਇਸ ਕਰਕੇ ਨਹੀਂ ਲਿਖ ਰਿਹਾ ਕਿਉਂਕਿ ਉਹਨਾਂ ਨੇ ਮੇਰੇ ਕੋਲੋਂ ਵਾਅਦਾ ਲਿਆ ਸੀ ਕਿ ਮੈਂ ਕਿਸੇ ਨਾਲ ਵੀ ਇਸ ਬਾਰੇ ਜਿਕਰ ਨਾਂ ਕਰਾਂ। ਚੁੱਪ ਚੁਪੀਤੇ ਕਿਸੇ ਦੀ ਮੱਦਦ ਕਰਨਾਂ ਸਾਡੇ ਸਾਰੇ ਨਗਰ ਵਾਸੀਆਂ ਤੇ ਐਨ ਆਰ ਆਈਜ਼ ਦਾ ਸੁਭਾਅ ਹੈ। ਸਾਰੇ ਪਿੰਡ ਵਿੱਚ ਅੰਡਰਗਰਾਊਂਡ ਸੀਵਰੇਜ਼ ਸਿਸਟਮ ਪਾਉਣ ਲਈ ਦਿਨੇਸ਼ ਭਾਜੀ ਨੇ ਮੈਨੂੰ ਹੰਭਲਾ ਮਾਰਨ ਤੇ ਲੋਕਾਂ ਨੂੰ ਆਧੁਨਿਕ ਵਿਗਿਆਨਕ ਤੌਰ ਤਰੀਕੇ ਸਿਖਾਕੇ ਅਤੇ ਮੰਡੀ ਦੀ ਮੰਗ ਅਨੁਸਾਰ ਕੰਮ ਕਰਕੇ ਪਿੰਡ ਵਾਸੀਆਂ ਦਾ ਵਿਕਾਸ ਕਰ਼ਨ ਲਈ ਕਿਹਾ। ਜਾਤਾਂ ਦੇ ਨਾਂ ਤੇ ਰਾਜਨੀਤੀ ਕਰਨ ਵਾਲੇ ਕਦੀ ਵੀ ਮੇਰੇ ਇੱਕ ਸਵਾਲ ਦਾ ਜਵਾਬ ਨਹੀਂ ਦੇ ਸਕੇ ਕਿ ਜਦੋਂ ਮੈਨੂੰ ਮੱਦਦ ਦੀ ਲੋੜ ਸੀ ਤਾਂ ਮੇਰੇ ਇਹ ਅਖੌਤੀ ਆਪਣੇ ਉਦੋਂ ਕਿੱਥੇ ਸਨ। ਮੇਰੇ ਆਪਣੇ ਤਾਂ ਦਿਨੇਸ਼ ਭਾਜੀ ਹਨ ਜਿਨ੍ਹਾਂ ਨੇ ਵੇਲੇ ਸਿਰ ਮੇਰੀ ਮੱਦਦ ਕਰਕੇ ਮੈਨੂੰ ਗਰੀਬੀ ਦੀ ਦਲਦਲ ਵਿਚੋਂ ਕੱਢਕੇ ਖੁਸ਼ੀਆਂ ਭਰਿਆ ਜੀਵਨ ਦਿੱਤਾ।

# ਮਹਾਦੋਸ਼ ਜਾਂਚ ਰਿਪੋਰਟ 'ਚ ਟਰੰਪ ਦੋਸ਼ੀ ਕਰਾਰ, ਕਿਹਾ- ਦੇਸ਼ਹਿੱਤ ਨਾਲ ਕੀਤਾ ਸਮਝੌਤਾ

ਵਾਸ਼ਿੰਗਟਨ : ਰਾਸ਼ਟਰਪਤੀ ਡੋਨਾਲਡ ਟਰੰਪ ਖ਼ਿਲਾਫ਼ ਚੱਲ ਰਹੀ ਮਹਾਦੋਸ਼ ਜਾਂਚ ਦੀ ਮੁੱਢਲੀ ਰਿਪੋਰਟ ਜਾਰੀ ਹੋ ਗਈ ਹੈ। ਡੈਮੋਕ੍ਰੇਟਿਕ ਪਾਰਟੀ ਦੇ ਬਹੁਮਤ ਵਾਲੀ ਅਮਰੀਕੀ ਸਦਨ ਦੀ ਨਿਆਇਕ ਕਮੇਟੀ ਨੇ ਬੁੱਧਵਾਰ ਸਵੇਰੇ ਰਿਪੋਰਟ ਜਾਰੀ ਕੀਤੀ। ਇਸ ਰਿਪੋਰਟ 'ਚ ਡੋਨਾਲਡ ਟਰੰਪ ਨੂੰ ਆਪਣੇ ਨਿੱਜੀ ਤੇ ਸਿਆਸੀ ਉਦੇਸ਼ਾਂ ਲਈ ਦੇਸ਼ ਹਿੱਤ ਨਾਲ ਸਮਝੌਤਾ ਕਰਨ ਤੇ ਆਪਣੀਆਂ ਦਫ਼ਤਰੀ ਤਾਕਤਾਂ ਦੀ ਗ਼ਲਤ ਵਰਤੋਂ ਕਰਦਿਆਂ ਆਗਾਮੀ ਰਾਸ਼ਟਰਪਤੀ ਚੋਣਾਂ 'ਚ ਆਪਣੇ ਹੱਕ 'ਚ ਵਿਦੇਸ਼ੀ ਮਦਦ ਮੰਗਣ ਦਾ ਦੋਸ਼ੀ ਕਰਾਰ ਦਿੱਤਾ ਗਿਆ ਹੈ। ਦੂਸਰੇ ਪਾਸੇ ਵ੍ਹਾਈਟ ਹਾਊਸ ਦੇ ਬੁਲਾਰੇ ਨੇ ਇਸ ਰਿਪੋਰਟ ਦੀ ਨਿਖੇਧੀ ਕਰਦਿਆਂ ਇਸ ਨੂੰ ਇਕਪਾਸੜ ਝੂਠੀ ਕਾਰਵਾਈ ਕਰਾਰ ਦਿੱਤਾ ਹੈ।



ਜਾਂਚ ਰਿਪੋਰਟ 'ਚ ਕਿਹਾ ਗਿਆ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਯੂਕ੍ਰੇਨ ਨੂੰ ਸਾਬਕਾ ਰਾਸ਼ਟਰਪਤੀ ਜੋ ਬਿਡਨ ਤੇ ਉਨ੍ਹਾਂ ਦੇ ਪੁੱਤਰ ਨਾਲ ਜੁੜੀਆਂ ਕੰਪਨੀਆਂ ਖ਼ਿਲਾਫ਼ ਆਪਣੇ ਉੱਥੇ ਜਾਂਚ ਸ਼ੁਰੂ ਕਰਨ ਸਬੰਧੀ ਕਈ ਪ੍ਰਸਤਾਵ ਦਿੱਤੇ ਸਨ। ਟਰੰਪ ਨੂੰ ਦੁਬਾਰਾ ਰਾਸ਼ਟਰਪਤੀ ਬਣਾਉਣ ਦੀ ਮੁਹਿੰਮ 'ਚ ਮਦਦ ਲਈ ਯੂਕ੍ਰੇਨ ਦੇ ਰਾਸ਼ਟਰਪਤੀ ਨੂੰ ਫ਼ੌਜੀ ਮਦਦ ਦੇਣ ਦਾ ਵਾਅਦਾ ਕੀਤਾ ਗਿਆ ਸੀ। ਟਰੰਪ ਤੇ ਯੂਕ੍ਰੇਨ ਦੇ ਰਾਸ਼ਟਰਪਤੀ ਵਿਚਕਾਰ ਫੋਨ 'ਤੇ ਗੱਲਬਾਤ ਹੋਣ ਦੀ ਪੁਸ਼ਟੀ ਕੀਤੀ ਗਈ ਹੈ।

**300 ਪੰਨਿਆਂ ਦੀ ਰਿਪੋਰਟ 'ਚ ਟਰੰਪ 'ਤੇ ਕਈ ਦੋਸ਼**

300 ਪੰਨਿਆਂ ਦੀ ਇਸ ਰਿਪੋਰਟ 'ਚ ਦਾਅਵਾ ਕੀਤਾ ਗਿਆ ਹੈ ਕਿ ਅਮਰੀਕੀ ਇਤਿਹਾਸ 'ਚ ਟਰੰਪ ਨੂੰ ਛੱਡ ਕੇ ਕਿਸੇ ਵੀ ਰਾਸ਼ਟਰਪਤੀ ਨੇ ਐਗਜ਼ੀਕਿਊਟਿਵ ਅਧਿਕਾਰੀਆਂ ਨੂੰ ਸੰਸਦ ਸਾਹਮਣੇ ਗਵਾਹੀ ਨਾ ਦੇਣ ਦਾ ਸਿੱਧਾ ਹੁਕਮ ਨਹੀਂ ਦਿੱਤਾ ਹੈ। ਰਿਪੋਰਟ ਮੁਤਾਬਿਕ ਡੋਨਾਲਡ ਟਰੰਪ ਨੇ ਸੰਸਦੀ ਗਵਾਹਾਂ ਨੂੰ ਜਨਤਕ ਰੂਪ 'ਚ ਧਮਕੀ ਦਿੱਤੀ ਜੋ ਸੰਘੀ ਅਪਰਾਧ ਹੈ। ਰਿਪੋਰਟ 'ਚ ਟਰੰਪ 'ਤੇ ਮਹਾਦੋਸ਼ ਜਾਂਚ 'ਚ ਅੜਿੱਕਾ ਪਾਉਣ ਦੇ ਯਤਨ ਦਾ ਦੋਸ਼ ਵੀ ਲਗਾਇਆ ਗਿਆ ਹੈ। ਰਿਪੋਰਟ 'ਚ ਜਾਂਚ ਨੂੰ ਅੱਗੇ ਵੀ ਜਾਰੀ ਰੱਖਣ ਲਈ ਸਿਫ਼ਾਰਸ਼ ਕੀਤੀ ਗਈ ਹੈ।

# ਗੁਰੂ ਨਾਨਕ ਬਾਣੀ ਵਿੱਚ ਵਾਤਾਵਰਨ-ਚੇਤਨਾ

ਉਧਰਣਿ ਸੁਵੰਨੀ ਖੜ ਰਤਨ ਜੜਾਵੀ'' (ਅੰਗ-322) ਤੁਕਾਂਗ ਅਨੁਸਾਰ ਹਰੀ ਭਰੀ ਧਰਤੀ, ਜਿਸ ਉੱਪਰ ਤ੍ਰੇਲ ਰੂਪ ਮੋਤੀ ਬਿਖਰੇ ਹੋਏ ਹੋਣ, ਸੁੰਦਰ ਦਿਖਾਈ ਦਿੰਦੀ ਹੈ। ਇਸਦਾ ਭਾਵ ਹੈ ਕਿ ਹਰਿਆਵਲ ਵਿਹੂਣੀ ਧਰਤੀ ਸੁੰਦਰਤਾ ਤੋਂ ਕੋਰੀ ਹੋਵੇਗੀ। ਸੋ ਇਸ ਤੁਕਾਂਗ ਵਿੱਚ ਵੀ ਧਰਤੀ ਨੂੰ ਹਰਿਆਵਲ ਭਰਪੂਰ ਰੱਖੇ ਜਾਣ ਦਾ ਸੁਨੇਹਾ ਦਿੱਤਾ ਗਿਆ ਹੈ। ਜਿੱਥੇ ਪਿਆਰੇ ਸਤਿਗੁਰੂ ਬਿਰਾਜਦੇ ਹਨ, ਉਸ ਧਰਤੀ ਨੂੰ ਹਰੀ-ਭਰੀ ਆਖਿਆ ਗਿਆ ਹੈ। ਇਸ ਪੰਕਤੀ ਵਿੱਚ ਵੀ ਹਰਿਆਵਲ ਨੂੰ ਵਿਸ਼ੇਸ਼ਤਾ ਦਿੱਤੀ ਗਈ ਹੈ ਤਾਂ ਹੀ ਤਾਂ ਸਤਿਗੁਰੂ ਜੀ ਦੇ ਬਿਰਾਜਣ ਦੀ ਥਾਂ ਨੂੰ ਹਰਿਆ-ਭਰਿਆ ਦੱਸਿਆ ਗਿਆ ਹੈ। ਜਿਹੜੇ ਜੀਵ ਚੱਲ ਕੇ ਸਤਿਗੁਰੂ ਦੇ ਦਰਸ਼ਨ ਕਰਦੇ ਹਨ, ਉਨ੍ਹਾਂ ਦੇ ਮਨ ਦਾ ਹਰਿਆ-ਭਰਿਆ ਹੋ ਜਾਣਾ (ਖੇੜੇ ਵਿੱਚ ਆ ਜਾਣਾ) ਵੀ ਹਰਿਆਵਲ ਲਈ ਇੱਕ ਸ਼ਾਬਾਸ਼ੀ ਹੈ। ਹਰਿਆਵਲ ਖੇੜੇ ਦਾ ਪ੍ਰਤੀਕ ਮੰਨੀ ਗਈ ਹੈ:

ਪਉਣੁ ਗੁਰੂ ਪਾਣੀ ਪਿਤ ਜਾਤਾ॥
ਉਦਰ ਸੰਜੋਗੀ ਧਰਤੀ ਮਾਤਾ॥
ਰੈਣਿ ਦਿਨਸੁ ਦੁਇ ਦਾਈ ਦਾਇਆ ਜਗੁ ਖੇਲੈ ਖੇਲਾਈ ਹੇ॥
(ਮਹਲਾ 1, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-1021)

ਤਦ ਮਨੁੱਖ ਦਾ ਵੀ ਫ਼ਰਜ਼ ਬਣ ਜਾਂਦਾ ਹੈ ਕਿ ਜਿਹੜੀ ਮਾਂ (ਧਰਤੀ) ਉਸਦੀ ਖ਼ੁਸ਼ਹਾਲੀ ਦਾ ਆਧਾਰ ਹੈ, ਉਹ ਉਸਦੀ ਸੰਭਾਲ ਕਰੇ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ ਕਿ ਮਨੁੱਖ ਧਰਤੀ ਉੱਪਰ ਹੀ ਪੈਦਾ ਹੁੰਦਾ ਹੈ ਅਤੇ ਇਸੇ ਅੰਦਰ ਹੀ ਸਮਾਅ ਜਾਂਦਾ ਹੈ (ਭਾਵ ਧਰਤੀ ਹੀ ਇਸ ਦੇ ਜੀਵਨ ਦਾ ਆਧਾਰ ਹੈ) ਪਰ ਇਹ ਮਨੁੱਖ ਏਨੇ (ਬੇਅੰਤ) ਗੁਣਾਂ ਵਾਲੀ ਧਰਤੀ ਦੀ ਫਿਰ ਵੀ ਕਦਰ ਨਹੀਂ ਕਰਦਾ। ਇਹ ਪਾਵਨ ਬਚਨ ਮਨੁੱਖ ਨੂੰ ਇਸ ਧਰਤੀ ਦੀ ਸੇਵਾ-ਸੰਭਾਲ ਪ੍ਰਤੀ ਪ੍ਰੇਰਿਤ ਕਰਨ ਹਿਤ ਕਿੰਨਾ ਮਹੱਤਵਪੂਰਨ ਹੈ:

ਮਰਣ ਜੀਵਣ ਕਉ ਧਰਤੀ ਦੀਨੀ
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-877)

**ਰੁੱਖ**

ਮਨੁੱਖ ਦਾ ਜਨਮ, ਵਿਕਾਸ ਅਤੇ ਅੰਤ ਕੁਦਰਤ ਨਾਲ ਇਕਮਿਕ ਹੈ। ਇਸੇ ਕਰਕੇ ਦੋਹਾਂ ਦੀ ਦੀ ਆਪਸ ਵਿੱਚ ਡੂੰਘੀ ਸਾਂਝ ਹੈ। ਸੱਭਿਅਤਾ ਦੇ ਦੌਰ ਦੇ ਮੁਢਲੇ ਮਨੁੱਖ ਨੂੰ 'ਬਨਵਾਸੀ' ਆਖਿਆ ਗਿਆ ਹੈ, ਜਿਸਦਾ ਭਾਵ ਹੈ ਵਣਾਂ (ਜੰਗਲਾਂ) ਵਿੱਚ ਵਿਚਰਨ ਵਾਲਾ। ਇਹ ਤੱਥ ਵੀ ਮਨੁੱਖ ਦੀ ਕੁਦਰਤ ਨਾਲ ਨੇੜਤਾ ਅਤੇ ਇਕਮਿਕਤਾ ਨੂੰ ਦਰਸਾਉਂਦਾ ਹੈ। ਇਹ ਉਹ ਦੌਰ ਸੀ, ਜਦੋਂ ਮਨੁੱਖ ਆਪਣੀ ਹਰ ਛੋਟੀ-ਵੱਡੀ ਲੋੜ ਕੁਦਰਤ ਵਿੱਚੋਂ ਹੀ ਪੂਰੀ ਕਰਦਾ ਸੀ। ਇਹ ਰੁੱਖ ਹੀ ਸਨ, ਜਿਨ੍ਹਾਂ ਦੇ ਫ਼ਲ ਅਤੇ ਫੁੱਲ ਉਹ ਮਨੁੱਖ ਭੋਜਨ ਵਜੋਂ ਵਰਤਦਾ ਸੀ, ਫ਼ਲਾਂ ਅਤੇ ਫੁੱਲਾਂ ਦੇ ਅਭਾਵ ਵਿੱਚ ਰੁੱਖਾਂ ਦੇ ਪੱਤਿਆਂ ਨੂੰ ਹੀ ਆਹਾਰ ਬਣਾਇਆ ਜਾਂਦਾ ਸੀ। ਰੁੱਖਾਂ ਦੀ ਓਟ ਵਿੱਚ ਆਵਾਸ ਕੀਤਾ ਜਾਂਦਾ ਸੀ ਅਤੇ ਉਹ ਇਨ੍ਹਾਂ ਦੀਆਂ ਛਿੱਲਾਂ ਉਧੇੜ ਕੇ ਆਪਣਾ ਜਿਸਮ ਕੱਜਦਾ ਸੀ। ਪੱਤਿਆਂ ਆਦਿ ਦੀ ਵਰਤੋਂ ਵੀ ਇਸ ਕੰਮ ਲਈ ਕੀਤੀ ਜਾਂਦੀ ਸੀ।

ਅਜੋਕੇ ਦੌਰ ਦਾ ਮਨੁੱਖ ਭਾਵੇਂ ਰੁੱਖਾਂ ਦੀ ਮਹੱਤਤਾ ਨੂੰ ਓਨਾ ਨਹੀਂ ਪਛਾਣਦਾ ਪਰ ਉਸਦੀਆਂ ਬਹੁਤੀਆਂ ਲੋੜਾਂ ਹੁਣ ਵੀ ਇਨ੍ਹਾਂ ਦੀ ਸਹਾਇਤਾ ਨਾਲ ਹੀ ਪੂਰੀਆਂ ਹੁੰਦੀਆਂ ਹਨ। ਰੁੱਖ ਧਰਤੀ ਦਾ ਸ਼ਿੰਗਾਰ ਹਨ। ਗੁਰਬਾਣੀ ਵਿੱਚ ਗਾਹੇ-ਬਗਾਹੇ ਰੁੱਖਾਂ ਨੂੰ ਵਡਿਆਇਆ ਗਿਆ ਹੈ। ਗੁਰੂ ਸਾਹਿਬ ਆਖਦੇ ਹਨ ਕਿ ਕੁਦਰਤ ਦੀ ਸਾਰੀ ਰਚਨਾ ਉਸ ਕਾਦਰ ਪਰਮਾਤਮਾ ਵਲੋਂ ਖ਼ੁਦ ਕੀਤੀ ਗਈ ਹੈ। ਇਹ ਰਚਨਾ ਕਰ ਕੇ ਉਹ ਆਪ ਇਸ ਵਿੱਚ ਸਮਾਅ ਬੈਠਾ ਹੈ। ਸਤਿਗੁਰੂ ਦੁਆਰਾ ਬਖ਼ਸ਼ਿਸ਼ ਕੀਤੀ ਹੋਈ ਅੱਖ ਨਾਲ ਉਹ ਪਰਮਾਤਮਾ ਇਸ ਅੰਦਰੋਂ ਦਿਖਾਈ ਪੈਂਦਾ ਹੈ। ਜਿਸ ਤਰ੍ਹਾਂ ਦੁੱਧ ਵਿੱਚ ਘਿਓ ਹੁੰਦਾ ਹੈ ਪਰ ਸਹਿਜੇ ਹੀ ਦਿਖਾਈ ਨਹੀਂ ਦਿੰਦਾ (ਦੁੱਧ ਨੂੰ ਮਥਣਾ ਪੈਂਦਾ ਹੈ), ਇਸੇ ਤਰ੍ਹਾਂ ਬਨਸਪਤੀ ਅੰਦਰ ਕਾਰਜਰਤ ਅੱਗ ਦੀ ਨਿਆਈਂ ਉਹ ਕੁਦਰਤ ਵਿੱਚ ਪਸਰਿਆ ਹੋਇਆ ਹੈ, ਜਿਸ ਨੂੰ ਜਾਨਣ ਅਤੇ ਸਮਝਣ ਲਈ ਆਤਮ-ਮੰਥਨ ਦੀ ਲੋੜ ਹੁੰਦੀ ਹੈ। ਉਗੁਰਬਾਣੀ ਵਿਚ ਵੀ ਸਾਰੀ ਸ੍ਰਿਸ਼ਟੀ ਦੀ ਅਠਾਰਾਂ ਵਾਰ ਬਨਸਪਤੀ ਨੂੰ ਪ੍ਰਭੂ ਦੇ ਗੁਣ ਗਾਉਂਦਿਆਂ 'ਸਗਲ ਬਨਰਾਇ ਫੂਲੰਤ ਜੋਤੀ' ਅਤੇ 'ਪਾਤੀ ਪਾਤੀ ਜੀਉ' ਕਹਿ ਕੇ ਨਿਵਾਜਿਆ ਗਿਆ ਹੈ।'' (ਡਾ. ਸਰਬਜੀਤ ਕੌਰ ਸੰਧਾਵਾਲੀਆ ਦੁਆਰਾ ਲਿਖਤ 'ਆਪ ਸਹਿੰਦੇ ਦੁਖ, ਜਗ ਵਰੋਸਾਇਆ' ਪੰਫ਼ਲੈੱਟ ਵਿੱਚੋਂ : ਪੰਨਾ-2)

ਗੁਰੂ ਸਾਹਿਬ ਆਖਦੇ ਹਨ ਕਿ ਪੰਛੀਆਂ ਦੇ ਪੱਲੇ ਧਨ ਨਹੀਂ ਹੁੰਦਾ, ਜਿਸ ਨਾਲ ਉਹ ਆਪਣਾ ਭੋਜਨ ਖ਼ਰੀਦ ਸਕਣ। ਉਹ ਤਾਂ ਆਪਣੇ ਭੋਜਨ ਦੀ ਆਸ ਵਿੱਚ ਰੁੱਖਾਂ ਦੀ ਸ਼ਰਨ ਲੈਂਦੇ ਹਨ (ਰੁੱਖਾਂ ਦੇ ਆਸਰੇ ਜੀਵਨ ਬਸਰ ਕਰਦੇ ਹਨ)। ਰੁੱਖ ਜੀਵ-ਜੰਤੂਆਂ ਦੇ ਜੀਵਨ ਦਾ ਆਧਾਰ ਹਨ:

ਜਾ ਕੇ ਰੁਖ ਬਿਰਖ ਆਰਾਉ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-25)
ਪਰੰਦਏ ਨ ਗਿਰਾਹ ਜਰ॥ ਦਰਖਤ ਆਬ ਆਸ ਕਰ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-144)

ਭਾਈ ਗੁਰਦਾਸ ਜੀ ਦੀਆਂ ਹੇਠ ਲਿਖੀਆਂ ਪੰਕਤੀਆਂ ਵਿੱਚ ਵੀ ਆਪ ਨੇ ਰੁੱਖਾਂ ਦੀ ਵਡਿਆਈ ਕੀਤੀ ਹੈ, ਜਿਹੜੇ ਆਪ ਦੁੱਖ ਸਹਿ ਕੇ ਸੰਸਾਰ ਨੂੰ ਸੁੱਖ ਪ੍ਰਦਾਨ ਕਰਦੇ ਹਨ:

ਧਰਤੀ ਉਤੇ ਰੁਖ ਸਿਰ ਤਲਵਾਇਆ॥
ਆਪ ਸਹਿੰਦੇ ਦੁਖ ਜਗ ਵਰੋਸਾਇਆ॥

ਧਰਮ (ਜੀਵਨ ਜਿਊਣ ਦੇ ਢੰਗ) ਨੂੰ ਵੀ ਰੁੱਖ ਨਾਲ ਤੁਲਨਾ ਦਿੱਤੀ ਗਈ ਹੈ ਜਦਕਿ ਗਿਆਨ ਨੂੰ ਇਸ ਰੁੱਖ ਦੇ ਫੁੱਲ ਤੇ ਫ਼ਲ ਆਖਿਆ ਗਿਆ ਹੈ। ਅਕਾਲ ਪੁਰਖ ਨੂੰ ਵੀ 'ਸਫ਼ਲ ਰੁੱਖ' ਆਖਿਆ ਗਿਆ ਹੈ। ਇਹ ਤੁਲਨਾ ਰੁੱਖ ਦੇ ਗੁਣਾਂ ਕਾਰਨ ਹੀ ਤਾਂ ਦਿੱਤੀ ਗਈ ਹੈ:

ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ॥
(ਮ:1, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-147)
ਸਾਹਿਬ ਸਫਲਿਓ ਰੁਖੜਾ ਅੰਮ੍ਰਿਤੁ ਜਾ ਕਾ ਨਾਉ॥
(ਮਹਲਾ 1, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-557)

ਗੁਰੂ ਨਾਨਕ ਬਾਣੀ ਵਿੱਚ ਉਰਸਿ ਰਸਿਆ ਹਰਿਆ ਸਦਾ'' (ਅੰਗ-147) ਰਾਹੀਂ ਖਿੜੇ ਹੋਏ (ਪ੍ਰਸੰਨ) ਮਨ ਨੂੰ ਹਰਿਆਵਲ ਨਾਲ ਤੁਲਨਾਇਆ ਗਿਆ ਹੈ। ਇਸਨੂੰ ਹਰਿਆਵਲ ਦੀ ਮਹੱਤਤਾ ਹੀ ਆਖਿਆ ਜਾ ਸਕਦਾ ਹੈ। ਬਾਣੀਕਾਰਾਂ ਨੂੰ ਕੁਦਰਤ ਵਿੱਚੋਂ ਹੀ ਕਾਦਰ ਦੇ ਦਰਸ਼ਨ ਹੁੰਦੇ ਹਨ। ਇਸ ਲਈ ਉਹ ਇਸ ਤੋਂ ਬਲਿਹਾਰ-ਬਲਿਹਾਰ ਜਾਂਦੇ ਹਨ। ਕੁਦਰਤ ਦੀਆਂ ਇਨ੍ਹਾਂ ਦਾਤਾਂ ਲਈ ਬਾਣੀਕਾਰ ਦਾਤੇ ਦੇ ਸਦਕੇ ਜਾਂਦੇ ਹਨ। ਇਹ ਪੰਕਤੀਆਂ ਇਨ੍ਹਾਂ ਅਮੋਲਕ ਵਸਤਾਂ ਦੀ ਮਹੱਤਤਾ ਵਿੱਚ ਹੋਰ ਚਾਰ ਚੰਨ ਲਾਉਂਦੀਆਂ ਹਨ:

ਬਲਿਹਾਰੀ ਕੁਦਰਤ ਵਸਿਆ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-469)
ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ॥
ਵਾਹੁ ਖਸਮ ਤੂ ਵਾਹੁ ਜਿਨਿ ਰਚਿ ਰਚਨਾ ਹਮ ਕੀਏ॥
ਸਾਗਰ ਲਹਰਿ ਸਮੁੰਦ ਸਰ ਵੇਲਿ ਵਰਸ ਵਰਾਹੁ॥
(ਸਲੋਕ ਮ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ-788)

ਰੁੱਖ ਸਾਡੇ ਧਰਮ ਅਤੇ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹਨ। ਇਹ ਮਨੁੱਖ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਵਿੱਚ ਵੱਡੀ ਭੂਮਿਕਾ ਨਿਭਾਉਂਦੇ ਹਨ। ਮਨੁੱਖ ਦੀਆਂ ਬੁਨਿਆਦੀ ਲੋੜਾਂ ਦੀ ਗੱਲ ਕਰੀਏ ਤਾਂ ਘਰ ਦੀ ਉਸਾਰੀ ਵਿੱਚ ਰੁੱਖਾਂ ਤੋਂ ਮਿਲਦਾ ਵੱਡਾ ਸਹਿਯੋਗ ਕਿਸੇ ਤੋਂ ਲੁਕਿਆ ਹੋਇਆ ਨਹੀਂ। ਭੋਜਨ ਤਿਆਰ ਕਰਨ ਦੀ ਆਧਾਰਕ ਸਮਗਰੀ ਦੀ ਤਾਂ ਇਹ ਟਕਸਾਲ ਹਨ। ਕੱਪੜੇ ਦੀ ਬੁਣਾਈ ਵੀ ਇਨ੍ਹਾਂ ਦੇ ਰੇਸ਼ਿਆਂ ਤੋਂ ਹੁੰਦੀ ਰਹੀ ਹੈ ਅਤੇ ਅੱਜ ਵੀ ਇਨ੍ਹਾਂ ਦੇ ਰੇਸ਼ਿਆਂ ਤੋਂ ਤਿਆਰ ਕੀਤੇ ਹੋਏ ਕੱਪੜੇ ਖ਼ਾਸ ਪਸੰਦ ਕੀਤੇ ਜਾਂਦੇ ਹਨ। ਰੁੱਖ ਮਿੱਟੀ ਦੀ ਉਪਜਾਊ ਪਰਤ ਬਰਕਰਾਰ ਰੱਖਦੇ ਹਨ। ਰੁੱਖ ਪ੍ਰਾਣੀਆਂ ਦੁਆਰਾ ਸਾਹ ਰਾਹੀਂ ਛੱਡੀ ਗਈ ਕਾਰਬਨ ਡਾਈਆਕਸਾਈਡ ਨੂੰ ਸੋਖਦੇ ਹਨ ਅਤੇ ਇਸ ਨੂੰ ਆਕਸੀਜਨ ਵਿੱਚ ਤਬਦੀਲ ਕਰਦੇ ਹਨ, ਜਿਹੜੀ ਮਨੁੱਖ ਦੇ ਸਾਹ ਲੈਣ ਲਈ ਜ਼ਰੂਰੀ ਹੈ। ਮਨੁੱਖ ਜਾਤੀ ਅਤੇ ਰੁੱਖਾਂ ਦਾ ਆਪਸ ਵਿੱਚ ਇਹ ਦੁਪਾਸੜ ਸਬੰਧ ਹੈ, ਜਿਹੜਾ ਆਪਸੀ ਆਦਾਨ-ਪ੍ਰਦਾਨ 'ਤੇ ਆਧਾਰਿਤ ਹੈ। ਲੋੜ ਤੋਂ ਵੱਧ ਕੀਤੀ ਗਈ ਜਾਂ ਕੀਤੀ ਜਾ ਰਹੀ ਰੁੱਖਾਂ ਦੀ ਕਟਾਈ ਨੇ ਇਹ ਆਪਸੀ ਸਬੰਧ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਕੀਤਾ ਹੈ। ਇਸ ਨਾਲ ਕੁਦਰਤ ਦਾ ਸੰਤੁਲਨ ਵਿਗੜਿਆ ਹੈ। ਗੁਰੂ ਸਾਹਿਬਾਨ ਇਸ ਪੱਖ ਤੋਂ ਬੜੇ ਸੁਚੇਤ ਦਿਖਾਈ ਦਿੰਦੇ ਹਨ। ਗੁਰੂ ਪਾਤਿਸ਼ਾਹ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਸਾਨੂੰ ਗੁਰੂ ਸਾਹਿਬ ਜੀ ਦੀ ਵਿਚਾਰਧਾਰਾ ਉੱਪਰ ਦ੍ਰਿੜ੍ਹ ਹੋਣ ਦਾ ਪ੍ਰਣ ਲੈਂਦਿਆਂ ਵਾਤਾਵਰਨ-ਸੰਭਾਲ ਦਾ ਜ਼ਿੰਮਾ ਲੈਣਾ ਚਾਹੀਦਾ ਹੈ।

# ਦਿਲ ਨਿੱਜਰ-ਕਾਵਿ : ਸੁੱਚੇ ਸ਼ਬਦਾਂ ਦੀ ਸਾਖ਼ੀ


## ਰਵਿੰਦਰ ਕੌਰ
ਅਸੋਸੀਏਟ ਪ੍ਰੋਫੇਸਰ,
ਖ਼ਾਲਸਾ ਕਾਲਜ ਫਾਰ ਵਿਮਨ, ਅੰਮ੍ਰਿਤਸਰ


ਸੱਚ ਦੀ ਗਵਾਹੀ ਭਰਨ ਵਾਲੇ ਸ਼ਬਦ ਅਵੱਸ਼ ਹੀ ਸੁੱਚੇ ਹੁੰਦੇ ਹਨ। ਸੱਚ ਕੋਈ ਨਿਰਪੇਖ ਸਿਧਾਂਤ ਨਹੀਂ ਹੈ। ਇਹ ਤਾਂ ਸੰਬੰਧਿਤ ਸਥਿਤੀਆਂ'ਚ ਲੋਕ ਹਿੱਤ ਦਾ ਪੱਖ ਪੂਰਨ ਵਾਲਾ ਇਕ ਨੈਤਿਕ ਅਤੇ ਸਾਪੇਖਕ ਫਰਜ਼ ਹੈ ਜਿਸ ਨੂੰ ਧਰਮੀ ਲੋਕ ਇਕ ਅਧਿਕਾਰ ਸਮਝ ਕੇ ਨਿਭਾਉਂਦੇ ਹਨ। ਲੋਕਾਈ ਦਾ ਦਰਦ ਹਟਾਉਣ ਘਟਾਉਣ ਲਈ ਸੱਚੀ ਧਿਰ ਨਾਲ ਧਿਰ ਬਣਕੇ ਖੜੋਤਾ ਵਿਅਕਤੀ ਭਾਵੇਂ ਚੁੱਪ ਹੀ ਰਵੇ ਉਹ ਸੱਚ ਦੀ ਦੁਹਾਈ ਪਾ ਰਿਹਾ ਹੁੰਦਾ ਹੈ।

ਸੂਖ਼ਮ ਕਲਾ ਸਾਹਿਤ ਦੇ ਵਾਰਤਕ ਰੂਪ ਵੀ ਉਂਜ ਤਾਂ ਮਨੁੱਖੀ ਚੇਤਨਾ ਦਾ ਪ੍ਰਗਟਾਵਾ ਕਰਦਿਆਂ ਆਪਣੇ ਸਿਧਾਂਤਕ ਰੂਪ ਵਿਚ ਭਾਵੇਂ ਕਿੰਨੇ ਹੀ ਤਾਰਕਿਕ ਤੇ ਦਲੀਲ ਅਧਾਰਿਤ ਕਿਉਂ ਨਾ ਹੋਣ ਉਹ ਆਪਣੇ ਖ਼ਮੀਰ ਵਿਚੋਂ ਜ਼ਜ਼ਬਾਤ ਨੂੰ, ਭਾਵਨਾ ਨੂੰ ਮਨਫ਼ੀ ਨਹੀਂ ਕਰ ਸਕਦੇ। ਉਪਿਆਰ ਵਿਚ ਮੋਏ ਬੰਦਿਆਂ ਦੇ ਅੰਮ੍ਰਿਤ ਬਚਨ ਕਵਿਤਾ ਹੁੰਦੇ ਹਨ।" (ਪ੍ਰੋ. ਪੂਰਨ ਸਿੰਘ) "ਮਨੁੱਖ ਨਾਲ ਮਨੁੱਖ ਦਾ ਮੇਲ ਜ਼ਿੰਦਗੀ ਦੀ ਮਹਾਨ ਘਟਨਾ ਹੁੰਦੀ ਹੈ।" (ਗੁਰਬਖਸ਼ ਸਿੰਘ ਪ੍ਰੀਤ ਲੜੀ) ਉਜ਼ਿੰਦਗੀ ਤੁਹਾਡਾ ਉਦੋਂ ਸਭ ਤੋਂ ਵੱਧ ਸਤਿਕਾਰ ਕਰ ਰਹੀ ਹੁੰਦੀ ਹੈ ਜਦੋਂ ਤੁਹਾਨੂੰ ਕਿਸੇ ਕਠਿਨ ਕੰਮ ਲਈ ਚੁਣਦੀ ਹੈ।"

(ਡਾ. ਹਰਿਭਜਨ ਸਿੰਘ)

ਤਿੰਨੋਂ ਸਥਾਪਤ ਹਸਤਾਖ਼ਰਾਂ ਦੀਆਂ ਉਪਰੋਕਤ ਦਾਰਸ਼ਨਿਕ ਸੁਭਾਅ ਵਾਲੀਆਂ ਵਾਰਤਕ ਪੰਕਤੀਆਂ ਸਮੁੱਚੀ ਮਾਨਵਤਾ ਨੂੰ ਮੁੱਲਵਾਨ ਅਤੇ ਸਿਧਾਂਤਕ ਸੁਨੇਹਾ ਦੇਣ ਦੇ ਨਾਲ-ਨਾਲ ਇਕ ਦਿਲੀ ਸਕੂਨ, ਸ਼ਾਂਤੀ ਅਤੇ ਆਤਮਿਕ ਆਨੰਦ ਵੀ ਪ੍ਰਦਾਨ ਕਰਦੀਆਂ ਹਨ। ਫਿਰ ਕਵਿਤਾ ਤਾਂ ਹੈ ਹੀ ਹਿਰਦੇ ਦੀ ਹੂਕ। ਸਾਫ਼, ਸ਼ੁੱਧ ਸੱਚੀ ਤੇ ਸੁੱਚੀ। ਪ੍ਰੋ. ਪੂਰਨ ਸਿੰਘ ਅਨੁਸਾਰ ਉਕਵਿਤਾ ਨਿਰੀ ਅੱਖਰਾਂ ਵਿਚ ਰਾਗ ਗੋਂਦ ਦਾ ਨਾਮ ਨਹੀਂ ਇਹ ਸ਼ੁੱਧ ਅੰਦਰਲਾ ਆਵੇਸ਼ ਹੈ ਜੋ ਕਵੀ ਨੂੰ 'ਪਰਮ ਨਿੱਸਲਤਾ' ਜਾਂ 'ਸਮਾਧੀ' ਦੀ ਅਵਸਥਾ ਵਿਚ ਲੈ ਜਾਂਦਾ ਹੈ, ਜਿਥੇ ਕੁਦਰਤ ਤੋਂ ਉੱਚੇ ਰੂਹਾਨੀ ਜਗਤ ਦੇ ਝਾਵਲੇ ਪੈਂਦੇ ਹਨ। ਕਵਿਤਾ ਸ਼ੁੱਧ ਅਦੰਰ ਦਾ ਕੋਈ ਜੀਵਨ ਰੰਗ ਹੈ ਜਿਸ ਨੂੰ ਸਾਖ਼ੀ ਆਤਮਾ ਆਪਣੇ ਆਪ ਵਿਚ ਅਨੁਭਵ ਕਰਦੀ ਹੈ।"1

ਕਵਿਤਾ ਪਰਆਿਏਵਾਚੀ ਹੈ ਪਿਆਰ ਦਾ, ਸੱਚ ਦਾ, ਸੁੱਚ ਦਾ, ਮਾਨਵਤਾ ਦਾ, ਹਿਰਦੇ ਦਾ।

ਕਵੀ ਕਾਵਿ-ਸਿਰਜਣਾਂ ਪਲਾਂ'ਚ ਕਾਇਨਾਤ ਨੂੰ ਆਤਮ ਚਸ਼ਮਾਂ ਰਾਹੀਂ ਤਕਦਾ ਹੈ। ਕਾਇਨਾਤ ਵਿਚਲੀ ਜ਼ਰਾ ਕੁ ਉੱਨੀ ਇੱਕੀ ਵੀ ਕਵੀ ਹਿਰਦੇ ਨੂੰ ਰੜਕਦੀ ਹੈ। ਮਾਨਵਤਾ ਦੇ 'ਸੁੱਖ ਸਾਂਦ', 'ਇਕਸਾਰਤਾ' ਅਤੇ 'ਹਾਸੇ ਖੇੜੇ' ਨੂੰ ਭੰਗ ਕਰਨ ਵਾਲੀ ਕੋਈ ਵਧੀਕੀ, ਕੋਈ ਚਾਲ ਕੋਈ ਸਾਜਿਸ਼ ਭਾਵੇਂ ਜੀਵਨ ਦੇ ਕਿਸੇ ਵੀ ਖੇਤਰ ਨਾਲ ਸੰਬੰਧਿਤ ਹੋਵੇ ਇਕ ਦਰਦ ਬਣਕੇ ਕਵੀ ਹਿਰਦੇ ਨੂੰ ਵਲੂੰਧਰਦੀ ਹੈ। ਬਸ ਇਸੇ ਪਲ ਹੀ ਕਵੀ ਰਚਨਾ ਕਰਦਾ ਹੈ। ਕਵਿਤਾ ਜਿਵੇਂ ਮੈਂ ਪਹਿਲਾ ਕਿਹਾ ਸੁੱਚੇ ਸ਼ਬਦਾਂ ਦੀ ਸਾਖ਼ੀ ਹੈ। ਇਸੇ ਦ੍ਰਿਸ਼ਟੀ ਤੋਂ ਦਿਲ ਨਿੱਜਰ ਦੀ ਕਵਿਤਾ ਵੀ ਮੈਨੂੰ ਸੁੱਚੇ ਸ਼ਬਦਾਂ ਦੀ ਸਾਖ਼ੀ ਜਾਪੀ ਹੈ।

ਅਮਰੀਕਾ ਦੇ ਸੂਬੇ ਕੈਲੀਫੋਰਨੀਆਂ ਵਿਚ ਕਈ ਦਹਾਕਿਆਂ ਤੋਂ ਰਹਿ ਰਹੇ ਦਲਵੀਰ ਸਿੰਘ ਦਿਲ ਨਿੱਜਰ ਨੇ ਪੰਜਾਬੀ ਸਾਹਿਤ ਜਗਤ ਨੂੰ ਹੁਣ ਤਕ ਚਾਰ ਕਾਵਿ-ਸੰਗ੍ਰਹਿ ਦਿੱਤੇ ਹਨ। ਸਭ ਤੋਂ ਪਹਿਲਾਂ 'ਦਿਲ ਦਹਿਲੀਜ਼ 2013 ਵਿਚ ਫਿਰ ਪਰਵਾਜ਼-ਏ ਦਿਲ' ਵੀ 2013 ਵਿਚ ਉਸ ਤੋਂ ਬਾਅਦ 'ਦਿਲ ਦਰਿਆ ਦੇ ਵਹਿਣ' 2017 ਵਿਚ ਅਤੇ 2018 ਵਿਚ 'ਦਿਲ ਦੀ ਇਬਾਰਤ'। ਪਹਿਲੇ ਦੋਵੇਂ ਸੰਗ੍ਰਹਿ ਦੁਬਾਰਾ 2018 ਵਿਚ ਛਪਣ ਤੋਂ ਦਿਲ ਨਿੱਜਰ ਦੀ ਸਮਰਥਾ ਅਤੇ ਹਰਮਨ ਪਿਆਰਤਾ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਦਿਲ ਨਿੱਜਰ-ਕਾਵਿ ਦੇ ਮੁੱਖ ਸਰੋਕਾਰਾਂ ਦੀ ਨਿਸ਼ਾਨ ਦੇਹੀ ਕਰੀਏ ਤਾਂ ਕਾਵਿ ਵਿਸ਼ੇ ਦੇ ਰੂਪ ਵਿਚ ਕਵੀ ਉਕਦੇ ਆਪਣੇ ਵਤਨ ਨੂੰ ਯਾਦ ਕਰਦਾ ਹੈ ਕਦੇ ਉਸ ਨੂੰ ਵਤਨ ਦੀ ਮਿੱਟੀ ਦਾ ਮੋਹ ਮਾਰਦਾ ਹੈ। ਰਿਸ਼ਤਿਆਂ ਦਾ ਉਦਰੇਵਾਂ ਹੈ, ਭ੍ਰਿਸ਼ਟ ਸਿਸਟਮ ਉਸ ਨੂੰ ਤੰਗ ਕਰਦਾ ਹੈ ਅਤੇ ਕਦੇ ਪੰਜਾਬੀ ਸਭਿਆਚਾਰ ਵਿਚ ਆ ਰਿਹਾ ਨਿਘਾਰ ਉਸ ਨੂੰ ਤੰਗ ਕਰਦਾ ਹੈ।" ਪਰੰਤੂ ਉਨਜ਼ਰ ਆਉਂਦੇ ਸੁਲਗਦੇ ਪੰਜਾਬ ਦੀ ਇਹ ਕਵਿਤਾ ਰੁਦਨ ਅਤੇ ਹੇਰਵੇ ਤੋਂ ਮੁਕਤ ਹੈ। ਇਸ ਵਿਚ ਜੜ੍ਹਾਂ ਦੀ ਤਲਾਸ਼ ਅਤੇ ਪੁਰਖਿਆਂ ਦੀ ਵਿਰਾਸਤ ਦਾ ਮਾਮਲਾ ਅਗਰਭੂਮੀ ਵਿਚ ਬਣਿਆ ਰਹਿੰਦਾ ਹੈ ਇਹ ਕਵਿਤਾ ਆਪਣੀ ਚੇਤਨਾ ਦੇ ਅਰਪਾਰ ਫੈਲਦੀ ਹੋਈ ਵਾਰ-ਵਾਰ ਆਪਣੇ ਇਤਿਹਾਸ, ਵਿਰਾਸਤ ਅਤੇ ਜੜ੍ਹਾਂ ਪ੍ਰਤੀ ਅਹਿਦਨਾਮਾ ਜ਼ਾਹਿਰ ਕਰਦੀ ਹੈ।"

ਇਨ੍ਹਾਂ ਉਪਰੋਕਤ ਸਰੋਕਾਰਾਂ ਨੂੰ ਕਵੀ ਨੇ ਆਪਣੇ ਪਹਿਲੇ ਕਾਵਿ ਸੰਗ੍ਰਹਿ 'ਦਿਲ ਦਹਿਲੀਜ਼' ਵਿਚ ਮੁੱਖ ਰੂਪ ਵਿਚ 'ਗੀਤ' ਕਾਵਿ ਰੂਪ ਵਿਚ ਪੇਸ਼ ਕੀਤਾ ਹੈ ਜਦੋਂ ਕਿ 'ਪਰਵਾਜ਼-ਏ-ਦਿਲ' ਵਿਚ ਨਜ਼ਮਾਂ ਵੀ ਹਨ ਗੀਤ ਵੀ ਤੇ ਗ਼ਜ਼ਲਾਂ ਵੀ। ਤੀਜੇ ਅਤੇ ਚੌਥੇ 'ਭਾਵ ਦਿਲ ਦਰਿਆ ਦੇ ਵਹਿਣ' ਅਤੇ 'ਦਿਲ ਦੀ ਇਬਾਰਤ' ਵਿਚ ਮੁੱਖ ਤੌਰ ਤੇ ਕਾਵਿ ਰੂਪ 'ਗ਼ਜ਼ਲ' ਨੂੰ ਪਹਿਲ ਦਿੱਤੀ ਹੈ। ਮੇਰੀ ਜਾਚੇ ਠੀਕ ਵੀ ਲਗਦਾ ਹੈ ਕਿਉਂਕਿ ਅਜੋਕੇ ਵਿਸ਼ਵ ਪੱਧਰੀ ਗੁੰਝਲਦਾਰ ਹੋ ਚੁੱਕੇ ਵਰਤਾਰੇ ਦੀਆਂ ਬਰੀਕੀਆਂ ਨੂੰ ਕਹਿ ਸਕਣ ਲਈ ਕਾਵਿ-ਰੂਪ ਗ਼ਜ਼ਲ ਦੇ ਸ਼ੇਅਰ ਹੀ ਢੁਕਵੇਂ ਅਤੇ ਲੋੜੀਂਦੇ ਹਨ।

ਰਾਤ ਆਉਂਦੀ ਬਾਤ ਪਾਉਂਦੀ
ਗਰਾਂ ਦੀ ਉਏ
ਯਾਦ ਆਉਂਦੀ ਬਹੁਤ ਆਉਂਦੀ
ਮਾਂ ਦੀ ਉਏ
(ਦਿਲ ਦਹਿਲੀਜ਼, ਪੰਨਾ-16)

ਹਰ ਬੱਚੇ ਦੇ ਦੁੱਖ ਦਾ ਦਾਰੂ ਮਾਂ ਹੁੰਦੀ



ਮਾਂ ਦੀ ਮਮਤਾ ਦੇ ਵਿਚ ਠੰਡੀ ਛਾਂ ਹੁੰਦੀ
(ਪਰਵਾਜ਼-ਏ-ਦਿਲ, ਪੰਨਾ-49)
ਮਾਵਾਂ ਦੇ ਜਾਏ ਜੋ ਵਾਪਿਸ ਨਈਂ ਆਏ
ਜੋ ਕਾਲੇ ਦਿਨਾਂ ਨੇ ਉਹ ਮਾਰ ਮੁਕਾਏ
ਹੈ ਅੱਧਾ ਕੁ ਸੜਿਆ ਚੁਰਾਹੇ ਤੇ ਮਰਿਆ
ਕਿਤੇ ਲਾਲ ਤੇਰਾ ਜਾ ਮੇਰਾ ਨਾ ਹੋਵੇ
(ਦਿਲ ਦਰਿਆ ਦੇ ਵਹਿਣ, ਪੰਨਾ-39)

ਆਦਿ ਵਾਸੀ ਭਾਵ ਅਵਿਕਸਤ ਜਾਂ ਵਿਕਸਤ ਮਨੁੱਖ ਹਰ ਹਾਲਤ ਵਿਚ ਸਮਾਜਕ ਹੈ। ਫਿਰ ਸੰਬੰਧਾਂ ਅਤੇ ਰਿਸ਼ਤਿਆਂ ਦੇ ਹਾਵਾਂ ਭਾਵਾਂ ਨੂੰ ਸਮਝਣ ਸਮਝਾਉਣ ਲਈ ਭਾਸ਼ਾ ਈਜਾਦ ਕੀਤੀ ਗਈ। ਫਿਰ ਇਸ ਭਾਸ਼ਾਈ ਸੰਚਾਰ ਨੂੰ ਸਾਊ ਸਲੀਕੇ ਵਿਚ ਸੰਚਾਰਨ ਲਈ ਸਾਹਿਤਕਿ ਕਾਵਿਕ ਭਾਸ਼ਾ ਹੋਂਦ ਵਿਚ ਆਈ। ਸੋ ਰਿਸ਼ਤਿਆਂ ਦੇ ਰੂ-ਬ-ਰੂ ਪਿਆਰ ਬਣਕੇ ਅਤੇ ਦੂਰੋਂ ਯਾਦ ਬਣਕੇ ਇਹ ਭਾਸ਼ਾ ਖ਼ਾਸ ਕਰਕੇ ਭਾਸ਼ਾ ਦੇ ਰੂਪ ਵਿਚ ਇਹ ਕਵਿਤਾ ਯਾਦ ਬਣਕੇ ਪਿਆਰ ਬਣਕੇ ਗੁੱਸਾ, ਗਿਲਾ, ਨਹੋਰਾ, ਸਾਂਝ, ਉਦਰੇਵਾਂ ਅਤੇ ਹੇਰਵਾ ਆਦਿ ਬਣਕੇ ਸਮਾਜਿਕ ਰਿਸ਼ਤਿਆਂ ਅਤੇ ਸੰਬੰਧਾਂ ਦੀ ਹੀ ਬਾਤ ਪਾਉਂਦੀ ਹੈ। ਸਮਾਜਕ ਹੋਣ ਦੇ ਨਾਤੇ ਸੋਚ ਰਹੀ ਸਾਂ ਕਿ ਦੇਸ ਵਿਚ ਜਾਂ ਪ੍ਰਦੇਸ ਵਿਚ ਰਹਿੰਦਿਆਂ, ਫ਼ੁਰਸਤ ਦੇ ਪਲਾਂ'ਚ ਜਾਂ ਕੰਮ ਦੇ ਪਲਾਂ'ਚ ਜਾਂ ਰੋਜ਼ ਦੀ ਦਿਨ ਚਰਿਆ'ਚ ਇਹ ਦੂਸਰਾ' ਕੌਣ ਹੈ ਜੋ ਮਨੁੱਖੀ ਹਿਰਦੇ ਵਿਚ ਯਾਦ ਬਣਕੇ ਕਦੇ ਪਿਆਰ ਬਣਕੇ, ਕਦੇ ਦੁੱਖ ਬਣਕੇ ਕਦੇ ਸੁੱਖ ਬਣਕੇ ਧੜਕਦਾ ਰਹਿੰਦਾ ਹੈ। ਫਿਰ ਇਸੇ ਦੀ ਘੋਖ ਕਰਦਿਆਂ ਮੈਨੂੰ ਪੰਜਾਬੀ ਸਭਿਆਚਾਰ ਦੀ ਰਿਸ਼ਤਾ ਪ੍ਰਣਾਲੀ ਚੰਗੀ ਲੱਗਣ ਲੱਗ ਪਈ ਪਿਆਰਨ ਤੇ ਸਤਿਕਾਰਨ ਯੋਗ ਕਿਉਂਕਿ ਇਹ ਰਿਸ਼ਤੇ ਹੀ ਆਪਣੇ ਵਿਹਾਰਕ ਰੂਪ ਵਿਚ ਮਨੁੱਖ ਨੂੰ ਮਨੁੱਖ ਹੋਣ ਦਾ ਅਹਿਸਾਸ ਕਰਾਉਂਦੇ ਰਹਿੰਦੇ ਹਨ ਅਤੇ ਜੀਵਨ ਦਾ ਮਕਸਦ ਸਮਝਾਉਂਦੇ ਰਹਿੰਦੇ ਹਨ।

ਸਾਰੇ ਮਨੁੱਖੀ ਜੀਵਨ ਸੰਘਰਸ਼ ਵਿਚ ਮਨੁੱਖ ਦਾ ਹਾਸਿਲ ਅਤੇ ਉਸ ਦੇ ਪਹੁੰਚਣ ਵਾਲੀ ਮੰਜ਼ਿਲ ਹੈ ਪਿਆਰ ਯਾਨੀ ਨੂਰ। ਇਸ 'ਨੂਰ' ਤੋਂ ਸਾਰਾ ਕਥਿਤ 'ਮੰਦਾ ਚੰਗਾ' ਜਗਤ ਪਸਾਰਾ ਉਪਜਿਆ ਹੈ। ਇਹ ਰਿਸ਼ਤੇ ਅਤੇ ਇਨ੍ਹਾਂ ਦਾ ਵਿਹਾਰਿਕ ਰੂਪ ਹੀ ਇਕ ਸੱਚੀ ਸੁੱਚੀ ਨੈਤਿਕਤਾ ਦੀ ਪਾਲਣਾ ਰਾਹੀਂ ਜੀਵਨ ਦੀ ਪਰਾਪਤੀ ਅਤੇ ਮੰਜ਼ਿਲ ਜਿਸ ਨੂੰ ਮੈਂ ਪਿਆਰ ਅਤੇ ਨੂਰ ਸੱਦਿਆ ਹੈ, ਤੱਕ ਪਹੁੰਚਾਉਂਦਾ ਹੈ। ਇਸ ਦ੍ਰਿਸ਼ਟੀ ਤੋਂ ਨਫ਼ਰਤ, ਸਾੜਾ, ਈਰਖਾ, ਲੜਾਈ, ਝਗੜਾ, ਦੂਜ, ਵਿਤਕਰਾ
ਅਦਿ ਸ਼ਬਦ ਸਭ ਪਿਆਰ ਦੇ ਹੀ ਪਰਿਆਏਵਾਚੀ ਸ਼ਬਦ ਹੋ ਨਿਬੜਦੇ ਹਨ ਕਿਉਂਕਿ ਇਹ ਸਾਰਾ ਕੁਝ ਹੈ ਤਾਂ ਰਿਸ਼ਤਿਆਂ ਦੇ ਮੰਚ (ਸਭਿਆਚਾਰ) ਜਾਂ ਪਿਆਰ ਦੀ ਖੇਡ ਦਾ ਹੀ ਹਿੱਸਾ।

ਸੋ ਪਿਆਰ ਆਪਣੇ ਸ਼ੁਧ ਰੂਪ ਵਿਚ ਪ੍ਰਭੂ ਰੂਪ ਹੈ ਅਤੇ ਵਿਹਾਰ ਰੂਪ ਵਿਚ ਮਨੁੱਖ ਰੂਪ। ਨਿਸ਼ਚੇ ਹੀ ਜਦੋਂ ਮਨੁੱਖ ਖੋਟ ਰਹਿਤ ਤੇ ਮਿਲਾਵਟ ਰਹਿਤ ਯਾਨੀ ਖ਼ਾਲਸ ਹੋ ਜਾਂਦਾ ਹੈ ਤਾਂ 'ਪਿਆਰਾ ਹੋ ਜਾਂਦਾ ਹੈ ਪੰਜਾਂ ਪਿਆਰਿਆਂ'ਚੋਂ ਇੱਕ ਤੇ ਹੁਣ

ਹਰਿ ਜਨ ਹਰਿ ਅੰਤਰੁ ਨਹੀਂ ਨਾਨਕ ਸਾਚੀ ਮਾਨੁ
(ਆਦਿ ਗ੍ਰੰਥ, ਪੰਨਾ-1427)
ਹਰਿ ਜਨੁ ਐਸਾ ਚਾਹੀਏ ਜੈਸਾ ਹਰਿ ਹੀ ਹੋਇ
(ਆਦਿ ਗ੍ਰੰਥ, ਪੰਨਾ-1372)
ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ
(ਆਦਿ ਗ੍ਰੰਥ, ਪੰਨਾ-93)
ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ।10
(ਆਦਿ ਗ੍ਰੰਥ, ਪੰਨਾ-695)

ਸਪੱਸ਼ਟ ਹੈ ਕਿ ਮਨੁੱਖੀ ਰਿਸ਼ਤਿਆਂ ਦੇ ਵਿਹਾਰਿਕ ਪਿਆਰ ਰਾਹੀਂ ਹੀ ਸ਼ੁੱਧ ਰੂਪੀ ਪਿਆਰ (ਪਰਮਾਤਮਾ) ਦੀ ਝਲਕ ਪ੍ਰਾਪਤ ਹੋ ਸਕਦੀ ਹੈ।

ਇਕ ਸੋਚ ਜੋ ਕੋਲ ਹੀ ਰਹਿੰਦੀ
ਪਿੱਛਾ ਕਰਦੀ ਦੂਰ ਨਾ ਜਾਂਦੀ
ਨਾ ਹੀ ਸੰਗਦੀ ਨਾ ਕੁਝ ਕਹਿੰਦੀ
ਕੀ ਦੱਸਾਂ ਉਹ ਕੌਣ ਹੋ ਸਕਦੀ
ਮੇਰੀ ਪਿਆਰੀ ਧੀ ਮਰ ਜਾਣੀ
ਹੋਰ ਭਲਾ ਉਹ ਕੌਣ ਹੋ ਸਕਦੀ
ਨਿੱਜਰ ਉਹ ਬਸ ਧੀ ਹੋ ਸਕਦੀ
(ਪਰਵਾਜ਼-ਏ-ਦਿਲ, ਪੰਨਾ-47)

'ਦਿਲ ਦਹਿਲੀਜ਼' ਕਾਵਿ ਸੰਗ੍ਰਹਿ ਵਿਚਲੇ ਗੀਤ : ਰਾਤਾਂ ਜਾਣ ਨਾ ਲੰਘਾਈਆਂ, ਰੰਗ ਬਰੰਗੀ ਦੁਨੀਆਂ, ਰੱਬਾ ਦੇਈ ਭੈਣਾਂ ਨੂੰ, ਮਾਂ ਦੀ ਯਾਦ, ਪਿਆਰ ਵਾਲੇ ਦਿਨ, ਤੈਨੂੰ ਹੋਇਆ ਦੱਸ ਕੀ, ਪਿਆਰ ਦਾ ਹੁੰਗਾਰਾ, ਪਿੰਡ ਭੁਲਾਇਆ ਏ, ਰਾਤਾਂ ਕਟੀਆਂ ਅਸੀ ਵੀ, ਕਿੱਦਾਂ ਹੋਸ਼ ਵਿਚ ਰਹੀਏ, ਪਿੰਡ ਮਿੱਤਰਾਂ ਦੇ ਆਈ, ਪਿਆਰ ਵਿੱਚ, ਕਾਵਾਂ ਵੇ ਕਾਵਾਂ, ਕੌਣ ਦਿਲਾਂ ਦੀਆਂ ਜਾਣੇ, ਗੱਲ ਸੱਚੀ ਸੱਚੀ ਦੱਸੀਂ, ਬਾਪੂ ਤੇਰੀਆਂ ਗੱਲਾਂ, ਆਦਿ ਅਤੇ ਕਾਵਿ ਸੰਗ੍ਰਹਿ 'ਪਰਵਾਜ਼-ਏ-ਦਿਲ' ਵਿਚਲੇ ਗੀਤ: ਅਰਮਾਨਾਂ ਦੀ ਕਿਸ਼ਤੀ, ਅਮਰੀਕਾ ਦੇ ਦੁੱਖ, ਬਾਬਲ ਦੇ ਵਿਹੜੇ, ਚਿੱਠੀਏ, ਦਾਦੀ ਮਾਂ ਦੀ ਯਾਦ ਵਿੱਚ ਧੀ, ਦੁੱਖ ਦਾ ਦਾਰੂ ਮਾਂ, ਹਾਲ ਪੰਜਾਬ ਦੇ, ਬਿਰਹੋ ਰੜਕਾਂ, ਦੇਸ਼ ਵਾਸੀਓ ਆਦਿ ਆਦਿ ਸਾਰੇ ਮਨੁੱਖੀ ਰਿਸ਼ਤਿਆਂ ਦੇ ਦੁੱਖ ਸੁੱਖ ਦੀ ਬਾਤ ਹੀ ਪਾਉਂਦੇ ਅਤੇ ਰਿਸ਼ਤਿਆਂ ਵਿਚਲੀ ਇਸ ਦੁੱਖ ਸੁਖ ਦੀ ਬਾਤ ਨੂੰ ਜਿਸ ਅਹਿਸਾਸ ਅਤੇ ਸੰਜੀਦਗੀ ਨਾਲ ਕਵੀ ਨੇ ਇਨਾਂ ਗੀਤਾਂ ਵਿਚ ਪੇਸ਼ ਕੀਤਾ ਹੈ ਇਸੇ ਨੇ ਕਵੀ ਦਿਲ ਨਿੱਜਰ ਨੂੰ ਪੰਜਾਬੀ ਕਾਵਿ ਖੇਤਰ ਵਿਚ ਇਕ ਗੌਲਣਯੋਗ ਅਤੇ ਮਹੱਤਵਪੂਰਨ ਹਸਤਾਖ਼ਰ ਬਣਾਇਆ ਹੈ।

'ਦਿਲ ਦਹਿਲੀਜ਼' ਅਤੇ 'ਪਰਵਾਜ਼-ਏ-ਦਿਲ' ਸੰ-ਗ੍ਰਹਿਾਂ ਵਿਚ ਕਵਿਤਾਵਾਂ ਦਸਮਪਿਤਾ ਦੀ ਕੁਰਬਾਨੀ, ਜੇ ਨਾ ਹੁੰਦੇ ਗੁਰੂ ਗੋਬਿੰਦ ਸਿੰਘ, ਤੇਰੇ ਦਰ ਦਾਤਿਆ, ਤੂੰ ਨਾਮ ਨੂੰ ਧਿਆ ਲੈ ਬੰਦਿਆ, ਪੰਜਾਬ, ਸੰਦੇਸ਼ ਆਦਿ ਦਾ ਸੰਦੇਸ਼ ਵੀ ਮਨੁੱਖੀ ਹੋਂਦ ਨੂੰ ਖੋਟ ਰਹਿਤ ਕਰਨ ਅਤੇ ਪਿਆਰ ਮੁਹੱਬਤ ਨਾਲ ਜੀਵਨ ਬਿਤ-ਾਉਣ ਲਈ ਹੀ ਪ੍ਰੇਰਦਾ ਹੈ। ਢੁਕਵਾਂ ਅਤੇ ਠੀਕ ਕਿਹਾ ਗਿਆ ਹੈ ਕਿ "ਮਨੁੱਖ ਧਰਤੀ ਅਤੇ ਅਸਮਾਨ ਦੇ ਜਿਨ੍ਹਾਂ ਮੋਹ ਭਰੇ ਰਿਸ਼ਤਿਆਂ ਵਿਚ ਜੀਉਂਦਾ ਹੈ, ਮਹਾਨ ਕਵਿਤਾ ਉਨ੍ਹਾਂ ਦੀ ਸਰਬ ਕਾਲੀ ਅਹਿਮੀਅਤ ਦ੍ਰਿੜ੍ਹ ਕਰਾਉਂਦੀ ਹੈ।"

'ਦਿਲਾ' ਜੇ ਕੋਲ ਦਿਲਬਰ ਨਹੀਂ
ਜ਼ਿੰਦਗੀ ਤੋਂ ਵੀ ਦੂਰੀ ਦੇਦੇ।
(ਦਿਲ ਦਰਿਆ ਦੇ ਵਹਿਣ, ਪੰਨਾ-142)
ਊਚ ਨੀਚ ਭੇਦ ਭਾਵ ਨੂੰ ਜੋ ਮਿਟਾਉਣ ਵਾਲੇ
ਦੇਖੇ ਲਾਉਂਦੇ ਠੋਕ ਠੋਕ ਨਾਵਾਂ ਪਿਛੇ ਅੱਲ
(ਦਿਲ ਦਰਿਆ ਦੇ ਵਹਿਣ, ਪੰਨਾ-146)
ਕਾਹਦਾ ਮਾਹੀਆ ਦੂਰ ਗਿਆ ਏ ਸੁਪਨੇ ਕਰਕੇ ਚੂਰ ਗਿਆ ਏ
ਦੂਰ ਦੁਰਾਡੇ ਜਾ ਬੈਠਾ ਏ ਕੱਲੀ ਛਡ ਕੇ ਹੂਰ ਗਿਆ ਏ
(ਦਿਲ ਦਰਿਆ ਦੇ ਵਹਿਣ, ਪੰਨਾ-114)
ਮੌਤ ਦੀ ਨੀਂਦੋਂ ਸੁੱਤੇ ਉੱਠਦੇ ਦੇਖੇ 'ਦਿਲ'
ਨਾਲ ਮੁਹੱਬਤ ਜਦ ਵੀ ਕਿਸੇ ਉਠਾਇਆ ਏ
(ਦਿਲ ਦਰਿਆ ਦੇ ਵਹਿਣ, ਪੰਨਾ 79)
ਬੇਈਮਾਨੀ ਤੇ ਮਕਾਰੀ ਅੰਦਰ ਕਿਦਾਂ ਹੱਕ ਇਨਸਾਫ਼ ਮਿਲੂ
ਮੁਨਸਿਫ਼ ਜਿੱਥੇ ਕਾਤਿਲ ਹੈ ਉਥੇ ਸੱਚ ਸੁਣਾਉਂਣੇ ਔਖੇ ਨੇ
(ਦਿਲ ਦਰਿਆ ਦੇ ਵਹਿਣ, ਪੰਨਾ-47)
ਧਰਮ ਸਥਾਨਾਂ ਤੇ ਨਾ ਲੱਭਣਾ ਨਾ ਲੱਭਿਆ ਹੈ ਰੱਬ
ਜਿਸ ਜਗ੍ਹਾ ਉਹ ਬੈਠਾ ਉਥੇ ਵੜ੍ਹਨਾ ਸੌਖਾ ਨਈਂ
(ਦਿਲ ਦੀ ਇਬਾਰਤ,
ਪੰਨਾ-20)
ਦਾਨੀ ਮੰਗਤਾ ਇਕੋ ਹੀ ਨੇ
ਵੱਧ ਪੈਸੇ ਦੀ ਕਰਦੇ ਮੰਗ
(ਦਿਲ ਦੀ ਇਬਾਰਤ,
ਪੰਨਾ-23)
ਨਹੀਂ ਫ਼ਿਕਰ ਲੋਕਾਂ ਦਾ ਕੋਈ ਕਿਤੇ ਕਿਸੇ ਨੂੰ
ਆਦਮੀ ਤੋਂ ਮੁੱਲਵਾਨ ਇੱਥੇ ਵਸਤਾਂ ਨੇ ਦੇਖੋ
(ਦਿਲ ਦੀ ਇਬਾਰਤ, ਪੰਨਾ-30)
ਸਿਆਸਤ ਖੇਡ ਹੈ ਕੈਸੀ ਇਸ ਦਾ ਭੇਦ ਨਹੀਂ ਆਉਂਦਾ ਆਂਗਣ ਘੁਗੀਆਂ ਦੇ ਵਿੱਚ ਦੇਖੋ ਕਾਵਾਂ ਦੇ ਬੋਟ ਨਿਕਲੇ
(ਦਿਲ ਦੀ ਇਬਾਰਤ, ਪੰਨਾ-66)
ਤਾ-ਉਮਰ ਰਿਹਾ ਬਣ ਕੇ ਮਿਸਾਲ ਇਮਾਨਦਾਰੀ ਦੀ ਟੁਟਿਆ ਭਰਮ ਜਦ ਘਰ'ਚ ਰਿਸ਼ਵਤ ਦੇ ਨੋਟ ਨਿਕਲੇ
(ਦਿਲ ਦੀ ਇਬਾਰਤ, ਪੰਨਾ-66)

ਇਸ ਤਰ੍ਹਾਂ ਦਿਲ ਨਿੱਜਰ-ਮਾਨਸਿਕਤਾ ਹਰ ਵੇਲੇ ਲੋਕਾਈ ਦੇ ਫ਼ਿਕਰ ਅਤੇ ਉਸ ਦੇ ਜ਼ਿਕਰ ਵਿਚ ਰਹਿੰਦੀ ਹੈ। ਕੋਈ ਆਰਥਿਕ ਤੰਗੀ, ਕੋਈ ਜੀਵਨ ਦੰਭ, ਕੋਈ ਸਿਆਸੀ ਚਾਲ ਅਤੇ ਸਾਜ਼ਿਸ, ਪੰਜਾਬੀ ਜਨ ਜੀਵਨ ਦੀਆਂ ਕਦਰਾਂ ਕੀਮਤਾਂ'ਚ ਆਇਆ ਨਿਘਾਰ, ਗੁਆਚ ਰਿਹਾ ਪੰਜਾਬੀ ਰਿਸ਼ਤਿਆਂ ਵਿਚਲਾ ਨਿੱਘ, ਭੰਗ ਹੋ ਰਹੀ ਪੰਜਾਬੀ ਸ਼ਾਨ ਅਤੇ ਸ਼ਾਂਤੀ, ਗੁੰਮ ਗੁਆਚ ਰਿਹਾ ਧਾਰਮਿਕ ਆਣਸ਼ਾਨ ਵਾਲਾ ਅਮੀਰ ਵਿਰਸਾ ਆਦਿ ਸਭ ਕੁਝ ਨੂੰ ਵਿਸ਼ਾ ਬਣਾਉਂਦਿਆਂ ਦਿਲ ਨਿੱਜਰ ਦੀ ਸ਼ਾਇਰੀ ਵਿਚਲੀ ਤੜਪ ਸਾਹਮਣੇ ਆਉਂਦੀ ਹੈ। ਇਸ ਤਰ੍ਹਾਂ ਨਿੱਜਰ ਦੀ ਸ਼ਾਇਰੀ ਸਮਾਜਕ ਰਿਸ਼ਤਿਆਂ ਅਤੇ ਸਾਡੇ ਨਰੋਏ ਸਭਿਆਚਾਰ ਦੀਆਂ ਖੁਸ਼ਬੋਆਂ ਦੀ ਸ਼ਾਇਰੀ ਹੈ। ਦਿਲ ਦੀ ਸ਼ਾਇਰੀ ਬਾਰੇ 'ਜੀਵਨ ਰੱਤੂ' ਲਿਖਦਾ ਹੈ ਕਿ ਉਉਸ ਦੀ ਸ਼ਾਇਰੀ ਸਾਰਥਕ, ਸਰਲ ਤੇ ਸਾਦੀ ਹੈ। ਸੁਚੱਜੇ ਵਿਚਾਰਾਂ ਤੇ ਜ਼ਿੰਦਗੀ ਪ੍ਰਤੀ ਹਾਂ ਪੱਖੀ ਹੁੰਗਾਰੇ ਨਾਲ ਭਰੀਆਂ ਗ਼ਜ਼ਲਾਂ ਉਸ ਨੂੰ ਪਰਪੱਕ ਕਵੀ ਹੋਣ ਦਾ ਮਾਣ ਦਿੰਦੀਆਂ ਹਨ।"

ਸਮੁੱਚੇ ਪੰਜਾਬੀ ਸਮਾਜ ਦਾ ਦਰਦ ਮਹਿਸੂਸ ਕਰਦਿਆਂ 'ਦਿਲ ਨਿੱਜਰ' ਹੌਂਸਲਾ ਨਹੀਂ ਹਾਰਦਾ ਸਗੋਂ ਸਮੱਸਿਆਵਾਂ ਦੇ ਕਾਰਨਾਂ ਦਾ ਪਤਾ ਕਰਦਾ ਹੋਇਆ ਉਨ੍ਹਾਂ ਨੂੰ ਏਕੇ ਅਤੇ ਮਿਲਵਰਤਣ ਦੀ ਭਾਵਨਾ ਨਾਲ ਹਲ ਕਰਕੇ ਮਾਨਵਤਾ ਦੇ ਚੰਗੇਰੇ ਭਵਿੱਖ ਦੀ ਕਾਮਨਾ ਕਰਦਾ ਹੈ। ਇਸੇ ਕਾਮਨਾ ਨੂੰ ਵਿਅਕਤ ਕਰਦੇ 'ਗੁਲਾਬ' ਸਿਰਲੇਖ ਹੇਠ ਗ਼ਜ਼ਲ ਦੇ ਸ਼ੇਅਰ ਪੁਸ਼ਟੀ ਵਜੋਂ ਲਿਖਦੀ ਹਾਂ।

ਐਵੈਂ ਨਾ ਘਬਰਾ ਜਾਇਓ ਕਿਤੇ ਦੇਖ ਡਾਲੀਆਂ ਖਾਲੀ
ਗੁਲ ਗੁਲਾਬ ਰਹਿਣਗੇ ਖਿੜਦੇ ਭਾਵੇ ਤੁਰ ਗਏ ਮਾਲੀ
ਘੜੀ ਪਲ ਦੇ ਇਸ ਨੇਰ੍ਹੇ ਤੋਂ ਐਵੇਂ ਨਾ ਘਬਰਾ ਜਾਇਓ
ਡੁੱਬਿਆ ਨਹੀਂ ਬਸ ਛੁਪਿਆ ਹੈ ਚੜੇਗਾ ਸੂਰਜ ਹਾਲੀ
ਉਹਦੇ ਦਰ ਤੋਂ ਮਿਲ ਜਾਵੇਗਾ ਉੱਤਰ ਭਲਿਓ ਲੋਕੋ
ਅੱਡ ਕੇ ਪੱਲੇ ਬਣ ਤਾਂ ਜਾਵੋ ਪਹਿਲਾਂ ਆਪ ਸਵਾਲੀ
ਚਾਨਣ ਚਾਨਣ ਹੀ ਹੋਵੇਗਾ ਥੋੜੀ ਹੋਰ ਉਡੀਕ ਕਰੋ
ਅਜੇ ਤਾਂ ਸੂਰਜ ਉਠਿਆ ਹੀ ਹੈ ਪਹੁ ਫੁੱਟੇ ਦੀ ਲਾਲੀ
ਜਾਤ-ਪਾਤ ਤੇ ਧਰਮਾਂ ਵਾਲੇ ਵੱਖਰੇ ਹੋ-ਹੋ ਬਹਿੰਦੇ
ਰਲ ਮਿਲਕੇ ਬੈਠਣਗੇ ਉਹੀ ਜਿਨ੍ਹਾਂ ਦੀ ਸਾਂਝ ਭਿਆਲੀ
ਲਿਖਿਓ 'ਨਿੱਜਰਾ' ਗੀਤ ਤੇ ਗ਼ਜ਼ਲ ਤੇ ਭਾਵੇਂ ਕਵਿਤਾਵਾਂ
ਲਿਖਤਾਂ ਅੰਦਰ ਭਰਿਓ ਯਾਰੋ ਦਿਲ ਆਪਣੇ ਦੀ ਲਾਲੀ।
(ਦਿਲ ਦਰਿਆ ਦੇ ਵਹਿਣ, ਪੰਨਾ-99)

ਇਸ ਤਰ੍ਹਾਂ ਦਿਲ ਨਿੱਜਰ ਗਲੋਬਲ ਪਿੰਡ ਦਾ ਉਹ ਸਰਵ ਸਾਂਝਾ ਬਸ਼ਿੰਦਾ ਬਣਕੇ ਉਭਰਦਾ ਹੈ ਜਿਹੜਾ ਕਿ ਵਿਸ਼ਵ-ਚੇਤਨਾ ਦਾ ਧਾਰਨੀ ਹੋ ਨਿਬੜਦਾ ਹੈ ਅਤੇ ਮਾਨਵ ਭਾਈਚਾਰੇ ਦਾ ਸੰਦੇਸ਼ ਦਿੰਦਾ ਹੈ। ਉਹ ਸਮੁੱਚੀ ਲੋਕਾਈ ਦੇ ਦੁੱਖ ਦਰਦ ਅਤੇ ਸਮੱਸਿਆਵਾਂ ਨੂੰ ਸਮਝਣ ਲਈ ਯਤਨਸ਼ੀਲ ਹੈ। ਉਹ ਖਪਤਵਾਦ ਦੀ ਇਸ ਆਪੋਧਾਪੀ ਵਿਚ ਨਿੱਜੀ ਗ਼ਰਜਾਂ ਵਿਚ ਡੁੱਬੇ ਇਨਸਾਨ ਦੀ ਜ਼ਮੀਰ ਨੂੰ ਹਲੂਣਾ ਦੇ ਕੇ ਉਸ ਨੂੰ ਆਪਣੀਆਂ ਜੜ੍ਹਾਂ ਵੱਲ ਪਰਤਣ ਦਾ ਇਸ਼ਾਰਾ ਅਤੇ ਸੰਕੇਤ ਵੀ ਦਿੰਦਾ ਹੈ। ਉਸਦੀ ਸ਼ਾਇਰੀ ਨਿੱਜ ਦੇ ਆਰ ਪਾਰ ਫੈਲਦੀ ਹੋਈ ਗਹਿਰ ਗੰਭੀਰ ਮਾਨਵੀ ਮੁੱਲਾਂ ਦਾ ਪ੍ਰਗਟਾਵਾ ਕਰਦੀ ਹੈ।

ਉਸ ਦੇ ਲੋਕ ਪੱਖੀ ਮੁਹਾਵਰੇ ਵਿਚੋਂ ਹੀ ਉਸ ਦੀ ਸ਼ਾਇਰੀ ਦੀ ਕਾਵਿ ਦ੍ਰਿਸ਼ਟੀ ਅਤੇ ਵਿਚਾਰਧਾਰਾ ਦੀ ਸ਼ਨਾਖ਼ਤ ਕੀਤੀ ਜਾ ਸਕਦੀ ਹੈ।" ਰਚਨਾ ਸਥਾਨ ਪ੍ਰਵਾਸੀ ਹੋਣ ਦੇ ਬਾਵਜੂਦ ਆਪਣੀ ਮੂਲ ਮਿੱਟੀ ਭਾਵ ਪੰਜਾਬ ਦੀ ਮਿੱਟੀ ਨਾਲ ਜੁੜੀ ਪੰਜਾਬੀ ਸਭਿਆਚਾਰ ਦਾ ਫ਼ਿਕਰ ਤੇ ਜ਼ਿਕਰ ਕਰਨ ਵਾਲੀ ਦਿਲ ਨਿਜ਼ਰ ਦੀ ਇਹ ਕਵਿਤਾ ਜਿਥੇ ਆਧੁਨਿਕ ਪੰਜਾਬੀ ਕਾਵਿ ਖੇਤਰ ਵਿਚ ਆਪਣੀ ਵਿਲਖਣ ਪਛਾਣ ਸਥਾਪਤ ਕਰਨ ਵਿਚ ਸਫ਼ਲ ਹੋਈ ਹੈ ਉਥੇ ਬਦਲੇ ਵਿਚ ਇਹ ਕਵਿਤਾ ਪੰਜਾਬੀ ਦੇ ਸਾਹਿਤਿਕ ਹਲਕਿਆਂ ਵਿਚ ਦਿਲ ਨਿੱਜਰ ਦੀ ਇਕ ਸਮਰੱਥ ਤੇ ਸਫ਼ਲ ਹਸਤਾਖ਼ਰ ਵਜੋਂ ਸਹਿਜ ਤੇ ਸੁਭਾਵਿਕ ਸਥਾਪਤੀ ਦੀ ਸਾਖ਼ੀ ਵੀ ਭਰਦੀ ਹੈ।

ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦਾ ਹਿਤੈਸ਼ੀ ਅਮਰੀਕਾ ਰਹਿ ਰਿਹਾ ਦਿਲ ਨਿੱਜਰ ਆਪਣੀ ਸਮਰੱਥ ਕਲਮਕਾਰੀ ਰਾਹੀਂ ਕਾਵਿ ਰਚਨਾ ਦੇ ਮੁਕੱਦਸ ਕਰਮ ਵਿਚ ਹੋਰ ਸੰਜੀਦਗੀ ਨਾਲ ਡਟਿਆ ਰਹੇਗਾ ਆਸ ਕਰਦੀ ਹਾਂ।

## ਯੂਬਾ ਸਿਟੀ ਦੇ ਸਕੂਲ ਵਿੱਚ ਮਨਾਈ ਦੀਵਾਲੀ

ਦੇਰ ਨਾਲ ਪੁੱਜੀ ਖਬਰ ਅਨੁਸਾਰ ਯੂਬਾ ਸਿਟੀ ਦੇ ਸਕੂਲ ਬਰਨਾਰਡ ਚਿਲਡਰਨ ਸੈਂਟਰ ਯੂਬਾ ਸਿਟੀ ਵਿਖੇ ਦੀਵਾਲੀ ਦੇ ਮੌਕੇ ਇੱਕ ਬਹੁਤ ਹੀ ਪ੍ਰਭਾਵਸ਼ਾਲੀ ਸਮਾਗਮ ਕੀਤਾ ਗਿਆ. ਇਸ ਸਮਾਗਮ ਦੀ ਕਰਤਾ ਧਰਤਾ ਹਰਜੀਤ ਕੌਰ ਉੱਪਲ ਵਲੋਂ ਕਰਵਾਇਆ ਗਿਆ ਇਹ ਦੂਸਰਾ ਦੀਵਾਲੀ ਸਮਾਗਮ ਸੀ। ਦਿਲਚਸਪ ਅਤੇ ਵਿਲੱਖਣ ਗੱਲ ਇਹ ਸੀ ਕਿ ਪੰਜਾਬਣਾਂ ਦੇ ਨਾਲ ਨਾਲ ਅਮਰੀਕਨ ਮੂਲ ਦੀਆਂ ਸਭ ਟੀਚਰਾਂ ਅਤੇ ਸਕੂਲ ਸਟਾਫ ਨੇ ਪੰਜਾਬੀ ਸੂਟ ਪਾਏ ਹੋਏ ਸਨ।।

ਇਥੋਂ ਤੱਕ ਕਿ ਸਕੂਲ ਦੇ ਸਾਰੇ ਬੱਚਿਆਂ ਨੇ ਵੀ ਭਾਰਤੀ ਪੁਸ਼ਾਕਾਂ ਪਾਈਆਂ ਹੋਈਆਂ ਸਨ. ਦੀਵਾਲੀ ਦੀ ਇਸ ਸ਼ਾਮ ਮੌਕੇ ਬੱਚਿਆਂ ਵਲੋਂ ਭੰਗੜੇ ਅਤੇ ਗਿੱਧੇ ਦੀਆਂ ਕਮਾਲ ਦੀਆਂ ਪੇਸ਼ਕਾਰੀਆਂ ਕੀਤੀਆਂ ਗਈਆਂ। ਪ੍ਰਬੰਧ ਦੇ ਨਾਲ ਨਾਲ ਸਟੇਜ ਸੰਚਾਲਨ ਵੀ ਹਰਜੀਤ ਉੱਪਲ ਨੇ ਬਾਖ਼ੂਬੀ ਨਿਭਾਇਆ। ਇਸ ਮੌਕੇ ਸਭ ਕੁੜੀਆਂ ਅਤੇ ਔਰਤਾਂ ਨੇ ਮਹਿੰਦੀ ਵੀ ਲਗਾਈ। ਬੱਚਿਆਂ ਦੇ ਮਾਪਿਆਂ ਨੇ ਵੀ ਵੱਡੀ ਗਿਣਤੀ ਵਿੱਚ ਪਹੁੰਚ ਕੇ ਸਮਾਗਮ ਅਤੇ ਭਾਰਤੀ ਖਾਣਿਆਂ ਦਾ ਭਰਪੂਰ ਆਨੰਦ ਮਾਣਿਆਂ ਅਤੇ ਹਰਜੀਤ ਉੱਪਲ ਦੇ ਇਸ ਉਪਰਾਲੇ ਨੂੰ ਸਭ ਨੇ ਸਰਾਹਿਆ।

### ਅੰਤਰਰਾਸ਼ਟਰੀ ਗੁਲਾਮੀ ਖਾਤਮਾ ਦਿਵਸ ਸਬੰਧੀ ਵਿਸ਼ੇਸ਼

# ਦੁਨੀਆਂ ਵਿੱਚ ਲੱਗਭੱਗ 03 ਕਰੋੜ ਲੋਕ ਗੁਲਾਮੀ ਵਿੱਚ ਫਸੇ ਹੋਏ ਹਨ



ਕੁਲਦੀਪ ਚੰਦ
91-9417563054

2 ਦਸੰਬਰ ਦਾ ਦਿਨ ਅੰਤਰਰਾਸ਼ਟਰੀ ਗੁਲਾਮੀ ਪ੍ਰਥਾ ਖਾਤਮਾ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਗੁਲਾਮੀ ਪ੍ਰਥਾ ਨੂੰ ਖਤਮ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਯੋਜਨਾਵਾਂ ਬਣਾਈਆਂ ਜਾਂਦੀਆਂ ਹਨ। ਮਨੁਖੀ ਸਭਿੱਅਤਾ ਸ਼ੁਰੂ ਵਿੱਚ ਬਿਲਕੁੱਲ ਅਜਾਦ ਸੀ ਪਰੰਤੂ ਹੋਲੀ ਹੋਲੀ ਕੁੱਝ ਲੋਕਾਂ ਨੇ ਬਾਕੀਆਂ ਨੂੰ ਗੁਲਾਮ ਬਣਾਉਣਾ ਸ਼ੁਰੂ ਕਰ ਦਿਤਾ। ਸਮੇਂ ਸਮੇਂ ਤੇ ਗੁਲਾਮੀ ਪ੍ਰਥਾ ਨੂੰ ਰੋਕਣ ਲਈ ਅਵਾਜ਼ ਬੁਲੰਦ ਕੀਤੀ ਗਈ ਹੈ ਅਤੇ ਇਸਨੂੰ ਖਤਮ ਕਰਨ ਲਈ ਕਨੂੰਨ ਬਣਾਏ ਗਏ ਹਨ। ਬੇਸ਼ੱਕ ਅਸੀਂ 21ਵੀਂ ਸਦੀ ਵਿੱਚ ਜੀਅ ਰਹੇ ਹਾਂ ਪ੍ਰੰਤੂ ਗੁਲਾਮੀ ਵਰਗੀ ਪ੍ਰਥਾ ਅਜੇ ਵੀ ਕਾਇਮ ਹੈ। ਲੱਗਭੱਗ 3000 ਸਾਲ ਪਹਿਲਾਂ ਗੁਲਾਮੀ ਦੀਆਂ ਸ਼ਰਤਾਂ ਤਹਿ ਕੀਤੀਆਂ ਗਈਆਂ ਜਿਸ ਅਨੁਸਾਰ ਗੁਲਾਮ ਔਰਤ ਤੋਂ ਪੈਦਾ ਹੋਇਆ ਬੱਚਾ ਗੁਲਾਮ ਰਹੇਗਾ, ਤੋਹਫੇ ਵਿੱਚ ਮਿਲਿਆ ਗੁਲਾਮ ਵਿਅੱਕਤੀ ਗੁਲਾਮ ਹੀ ਰਹੇਗਾ, ਖ੍ਰੀਦਿਆ ਗਿਆ ਗੁਲਾਮ ਵਿਅਕਤੀ ਗੁਲਾਮ ਹੀ ਹੋਵੇਗਾ, ਜਿਸ ਵਿਅਕਤੀ ਨੇ ਭੁੱਖ ਤੋਂ ਬਚਣ ਲਈ ਮਜ਼ਬੂਰੀਵਸ ਗੁਲਾਮੀ ਸਵਿਕਾਰ ਕੀਤੀ ਹੋਵੇ, ਜਿਸ ਵਿਅਕਤੀ ਨੂੰ ਜੰਗ ਵਿੱਚ ਗ੍ਰਿਫਤਾਰ ਕੀਤਾ ਹੋਵੇ, ਜਿਸ ਵਿਅਕਤੀ ਨੇ ਪੈਸੇ ਲੈਕੇ ਗੁਲਾਮੀ ਸਵਿਕਾਰ ਕੀਤੀ ਹੋਵੇ, ਕਿਸੇ ਵਿਸੇਸ਼ ਜਾਤ, ਨਸਲ ਆਦਿ ਨਾਲ ਸਬੰਧਿਤ ਵਿਅਕਤੀ ਗੁਲਾਮ ਹੋਵੇਗਾ। 02 ਦਸੰਬਰ, 1949 ਨੂੰ ਇਸ ਸਬੰਧੀ ਯੂਨਾਇਟਡ ਨੇਸ਼ਨਜ ਦੀ ਜਨਰਲ ਅਸੈਂਬਲੀ ਵਲੋਂ ਮਤਾ ਨੰਬਰ 317-(4) ਪਾਸ ਕੀਤਾ ਗਿਆ ਸੀ। 02 ਦਸੰਬਰ, 1985 ਨੂੰ ਗੁਲਾਮੀ ਨੂੰ ਖਤਮ ਕਰਨ ਲਈ ਕੰਮ ਕਰਨ ਵਾਲੇ ਸਮੂਹ ਨੇ ਯੂਨਾਇਟਡ ਨੇਸ਼ਨਜ਼ ਵਿੱਚ ਅਪਣੀ ਰਿਪੋਰਟ ਪੇਸ ਕੀਤੀ ਅਤੇ 02 ਦਸੰਬਰ ਦਾ ਦਿਨ ਵਿਸ਼ਵ ਪੱਧਰ ਤੇ ਗੁਲਾਮੀ ਖਾਤਮਾ ਦਿਵਸ ਵਜੋਂ ਮਨਾਉਣ ਲਈ ਸੁਝਾਓ ਦਿਤਾ। 1995 ਤੋਂ ਇਹ 02 ਦਸੰਬਰ ਦਾ ਦਿਨ ਅੰਤਰਰਾਸ਼ਟਰੀ ਗੁਲਾਮੀ ਪ੍ਰਥਾ ਖਾਤਮਾ ਦਿਵਸ ਵਜੋਂ ਜਾਣਿਆਂ ਜਾਂਦਾ ਹੈ। 18 ਦਸੰਬਰ, 2002 ਨੂੰ ਯੂਨਾਇਟਡ ਨੇਸ਼ਨਜ਼ ਦੀ ਜਨਰਲ ਅਸੈਂਬਲੀ ਨੇ ਸਾਲ 2004 ਨੂੰ ਗੁਲਾਮੀ ਵਿਰੋਧੀ ਅਤੇ ਗੁਲਾਮੀ ਖਾਤਮਾ ਦਿਵਸ ਵਜੋਂ ਘੋਸਿਤ ਕੀਤਾ ਸੀ। ਗੁਲਾਮੀ ਨੂੰ ਖਤਮ ਕਰਨ ਲਈ ਚੁੱਕੇ ਗਏ ਕਦਮਾਂ ਦੇ ਬਾਬਜੂਦ ਵਿਸ਼ਵ ਵਿੱਚ ਲੱਗਭੱਗ 03 ਕਰੋੜ ਵਿਅਕਤੀ ਗੁਲਾਮੀ ਵਿੱਚ ਫਸੇ ਹੋਏ ਹਨ ਅਤੇ ਦੁਨੀਆਂ ਦੇ ਲੱਗਭੱਗ ਅੱਧੇ ਗੁਲਾਮ ਦੁਨੀਆਂ ਦੇ ਸਭਤੋਂ ਵੱਡੇ ਲੋਕਤੰਤਰ ਭਾਰਤ ਦੇਸ਼ ਵਿੱਚ ਰਹਿੰਦੇ ਹਨ। ਅਸਟ੍ਰੇਲੀਆ ਦੇ ਮਨੁਖੀ ਅਧਿਕਾਰ ਸੰਗਠਨ ਵਾਕ ਫਰੀ ਫਾਊਂਡੇਸ਼ਨ ਵਲੋਂ ਵਿਸ਼ਵ ਗੁਲਾਮੀ ਸੂਚਕਾਂਕ ਸਬੰਧੀ ਜਾਰੀ ਕੀਤੀ ਗਈ ਰਿਪੋਰਟ ਵਿੱਚ ਹੈਰਾਨੀਜਨਕ ਸੱਚ ਸਾਹਮਣੇ ਆਇਆ ਹੈ। ਗੁਲਾਮੀ ਵਿੱਚ ਫਸੇ ਵਿਅਕਤੀਆਂ ਦੀ ਗਿਣਤੀ ਵਿੱਚ ਭਾਰਤ ਦਾ ਨਾਮ ਸਭ ਤੋਂ ਉਪਰ ਹੈ ਅਤੇ ਗਲੋਬਲ ਸਲੇਵਰੀ ਸੂਚਕਾਂਕ ਅਨੁਸਾਰ ਦੁਨੀਆਂ ਭਰ ਵਿੱਚ 3.60 ਕਰੋੜ ਲੋਕ ਗੁਲਾਮੀ ਦਾ ਜੀਵਨ ਗੁਜ਼ਾਰ ਰਹੇ ਹਨ। ਇਸ ਰਿਪੋਰਟ ਵਿੱਚ ਵਿਸ਼ਵ ਦੇ 167 ਦੇਸ਼ਾਂ ਵਿੱਚ ਨਾਗਰਿਕ ਪੱਧਰ ਤੇ ਸਰਵੇਖਣ ਅਤੇ ਖੋਜ ਕੀਤੀ ਗਈ ਹੈ ਜਿਸ ਅਨੁਸਾਰ ਭਾਰਤ ਗੁਲਾਮੀ ਦੇ ਮਾਮਲੇ ਵਿੱਚ ਪਹਿਲੇ ਸਥਾਨ ਤੇ ਹੈ ਅਤੇ ਇੱਥੇ ਲੱਗਭੱਗ 1.43 ਕਰੋੜ ਵਿਅਕਤੀ, ਜਦਕਿ ਚੀਨ ਦੂਸਰੇ ਸਥਾਨ ਤੇ ਜਿੱਥੇ 3240000 ਵਿਅਕਤੀ ਅਤੇ ਪਾਕਿਸਤਾਨ ਤੀਸਰੇ ਸਥਾਨ ਤੇ ਹੈ ਜਿੱਥੇ 2060000 ਵਿਅਕਤੀ ਗੁਲਾਮੀ ਵਿੱਚ ਫਸੇ ਹੋਏ ਹਨ। ਰਿਪੋਰਟ ਦੇ ਮੁਤਾਬਿਕ, ਭਾਰਤ ਅਤੇ ਪਾਕਿਸਤਾਨ ਵਿੱਚ ਇਸ ਤਰ੍ਹਾਂ ਦੇ ਲੋਕਾਂ ਦੀ ਸੰਖਿਆ ਵਿਸ਼ਵ ਦੇ 45 ਫੀਸਦੀ ਲੋਕਾਂ ਦੇ ਬਰਾਬਰ ਹੈ। 2.35 ਕਰੋੜ ਲੋਕ ਏਸ਼ੀਆ ਵਿੱਚ ਗੁਲਾਮੀ ਦਾ ਜੀਵਨ ਜੀਅ ਰਹੇ ਹਨ। ਭਾਰਤ ਅਤੇ ਪਾਕਿਸਤਾਨ ਤੋਂ ਇਲਾਵਾ ਉਜ਼ਬੇਕਿਸਤਾਨ ਵਿੱਚ 12 ਲੱਖ ਅਤੇ ਰੂਸ ਵਿੱਚ 1050000 ਲੋਕ ਗੁਲਾਮੀ ਵਿੱਚ ਰਹਿ ਰਹੇ ਹਨ। ਇਸ ਰਿਪੋਰਟ ਵਿੱਚ ਗੁਲਾਮੀ ਨੂੰ ਆਧੁਨਿਕ ਅਰਥਾਂ ਵਿੱਚ ਦੱਸਿਆ ਗਿਆ ਹੈ ਨਾ ਕਿ ਪਰੰਪਰਿਕ ਅਰਥਾਂ ਵਿੱਚ ਜਿੱਥੇ ਸਿਰਫ ਉਹਨਾਂ ਲੋਕਾਂ ਨੂੰ ਹੀ ਗੁਲਾਮ ਮੰਨਿਆ ਜਾਂਦਾ ਸੀ, ਜੋ ਕਿਸੇ ਦੀ ਕੈਦ ਵਿੱਚ ਰਹਿੰਦੇ ਸੀ। ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਦੇ ਅੰਕੜਿਆਂ ਦੇ ਅਨੁਸਾਰ ਹੀ ਤਕਰੀਬਨ 2 ਕਰੋੜ ਲੋਕਾਂ ਤੋਂ ਜ਼ਬਰਦਸਤੀ ਮਜ਼ਦੂਰੀ ਕਰਵਾਈ ਜਾ ਰਹੀ ਹੈ ਅਤੇ ਹਰ ਦੇਸ਼ ਵਿੱਚ ਗੁਲਾਮੀ ਨਾਲ ਜੁੜੀਆਂ ਸਮੱਸਿਆਵਾਂ ਹਨ। ਇਸ ਰਿਪੋਰਟ ਅਨੁਸਾਰ




ਏਸ਼ੀਆ ਅਤੇ ਅਫਰੀਕਾ ਵਿੱਚ ਗੁਲਾਮੀ ਨੂੰ ਖਤਮ ਕਰਨ ਦੀ ਚੁਣੌਤੀ ਸਭ ਤੋਂ ਵੱਡੀ ਹੈ। ਭਾਰਤ ਦੀ ਇਸ ਮਾੜੀ ਹਾਲਾਤ ਲਈ ਦੇਸ਼ ਵਿੱਚ ਨਾਗਰਿਕਾਂ ਦੇ ਖਰਾਬ ਹਾਲਾਤ ਜਿੰਮੇਵਾਰ ਹਨ। ਸਰਕਾਰ ਦੁਆਰਾ ਲੋਕਾਂ ਨੂੰ ਮੁਢਲੀਆਂ ਸੁਵਿਧਾਵਾਂ ਦੇਣ ਪ੍ਰਤੀ ਲਾਪਰਵਾਹੀ ਵਰਤੀ ਜਾ ਰਹੀ ਹੈ। ਭਾਰਤ ਵਿੱਚ ਸਿੱਖਿਆ ਅਤੇ ਸਿਹਤ ਸਹੂਲਤਾਂ ਵਰਗੀਆਂ ਮੁਢਲੀਆਂ ਸੁਵਿਧਾਵਾਂ ਵੀ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਰਹੀਆਂ ਹਨ। ਹਰ ਪੱਧਰ ਤੇ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ ਜਿਸ ਕਾਰਨ ਸਰਕਾਰੀ ਸੁਵਿਧਾਵਾਂ ਦਾ ਲਾਭ ਵੀ ਅਕਸਰ ਆਮ ਲੋਕਾਂ ਤੱਕ ਨਹੀਂ ਪਹੁੰਚਦੀਆਂ ਹਨ ਅਤੇ ਗਰੀਬਾਂ ਦੀ ਹਾਲਤ ਅਤਿ ਖਸਤਾ ਹੈ। ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂਐਨਡੀਪੀ) ਨੇ ਆਪਣੀ 2018 ਦੀ ਮਾਨਵ ਵਿਕਾਸ ਰਿਪੋਰਟ ਵਿੱਚ ਭਾਰਤ ਨੂੰ ਦੁਨੀਆਂ ਦੇ 189 ਦੇਸ਼ਾਂ ਵਿੱਚ 130ਵੇਂ ਸਥਾਨ ਤੇ ਰੱਖਿਆ ਹੈ। ਤੇਜ਼ ਆਰਥਿਕ ਵਿਕਾਸ ਦਾ ਦਾਅਵਾ ਕਰਨ ਵਾਲਾ ਭਾਰਤ ਅੱਜ ਗਰੀਬੀ ਪੱਖੋਂ ਅਫਗਾਨਿਸਤਾਨ, ਬੰਗਲਾਦੇਸ਼, ਕੰਬੋਡੀਆਂ, ਕਿਰਗਿਜਿਸਤਾਨ, ਲਾਓਸ, ਪਾਕਿਸਤਾਨ, ਨੇਪਾਲ, ਤਜ਼ਾਕਿਸਤਾਨ, ਉਜ਼ਬੇਕਿਸਤਾਨ, ਵੀਅਤਨਾਮ ਅਤੇ ਯਮਨ ਦੇ ਨੇੜੇ ਤੇੜੇ ਹੀ ਹੈ। ਇਹਨਾਂ ਵਿੱਚੋਂ ਵੀ ਵੀਅਤਨਾਮ ਅਤੇ ਉਜ਼ਬੇਕਿਸਤਾਨ ਦੇਸ਼ ਮਾਨਵ ਵਿਕਾਸ ਸੂਚਕਾਂਕ ਦੇ ਕਈ ਮਾਮਲਿਆਂ ਵਿੱਚ ਭਾਰਤ ਤੋਂ ਬਿਹਤਰ ਹਨ। ਪ੍ਰਾਪਤ ਅੰਕੜਿਆਂ ਅਨੁਸਾਰ ਵਿਸ਼ਵ ਦੇ ਸਭ ਤੋਂ ਗਰੀਬ 20ਗ਼ ਲੋਕਾਂ ਕੋਲ ਵਿਸ਼ਵ ਦੀ ਕੁੱਲ ਆਮਦਨ ਦਾ ਸਿਰਫ 01 ਪ੍ਰਤੀਸ਼ਤ ਪਹੁੰਚ ਰਿਹਾ ਹੈ ਜਦਕਿ ਦੂਜੇ ਪਾਸੇ ਵਿਸ਼ਵ ਦੇ ਸਭ ਤੋਂ ਅਮੀਰ 20 ਫੀਸਦੀ ਲੋਕ ਵਿਸ਼ਵ ਦੀ ਕੁੱਲ ਆਮਦਨ ਦਾ 86 ਫੀਸਦੀ ਹਿੱਸਾ ਹੜੱਪ ਰਹੇ ਹਨ। ਵਿਸ਼ਵ ਦੇ ਸਭ ਤੋਂ ਅਮੀਰ 3 ਵਿਅਕਤੀਆਂ ਦੇ ਕੋਲ ਜਿੰਨੀ ਸੰਪਤੀ ਹੈ, ਉਹ ਗਰੀਬ ਦੇਸ਼ਾਂ ਵਿੱਚ ਰਹਿਣ ਵਾਲੇ ਵਿਸ਼ਵ ਦੇ 60 ਕਰੋੜ ਲੋਕਾਂ ਦੀ ਸਾਲਾਨਾ ਆਮਦਨ ਦੇ ਬਰਾਬਰ ਹੈ। ਸਾਰਾ ਪੈਸਾ ਅਤੇ ਸਾਧਨ ਇਨ੍ਹਾਂ ਲੋਕਾਂ ਦੇ ਕਬਜ਼ੇ ਵਿੱਚ ਹੀ ਹੈ, ਜਦਕਿ ਬਾਕੀ ਲੋਕ ਕਿਸੇ ਤਰ੍ਹਾਂ ਨਾਲ ਸਿਰਫ ਆਪਣੀ ਜਿੰਦਗੀ ਗੁਜ਼ਰ ਬਸਰ ਕਰ ਰਹੇ ਹਨ। ਇਹੀ ਅਮੀਰ ਲੋਕ ਹੀ ਇਸ ਦੇਸ਼ ਦੇ ਨੀਤੀ ਨਿਰਮਾਤਾ ਹਨ। ਸਮਾਜ ਦੀਆਂ ਨੀਤੀਆਂ ਦੇ ਨਿਰਧਾਰਨ ਵਿੱਚ ਗਰੀਬਾਂ ਦਾ ਕੋਈ ਵੀ ਯੋਗਦਾਨ ਨਹੀਂ ਹੈ। ਗਰੀਬ ਸਿਰਫ ਅੰਕੜੇ ਬਣਾਉਣ ਜਾਂ ਬਣਨ ਦੇ ਲਈ ਹੀ ਹਨ। ਦੇਸ਼ ਦੀਆਂ ਸੜਕਾਂ ਤੇ ਨਵੀਆਂ ਨਵੀਆਂ ਦੋੜਦੀਆਂ ਲਗਜ਼ਰੀ ਕਾਰਾਂ, ਲਗਾਤਾਰ ਖੁੱਲਦੇ ਮਾਲ ਅਤੇ ਅਜਿਹੀਆਂ ਹੀ ਹੋਰ ਗਤੀਵਿਧੀਆਂ ਨਿਸ਼ਚਿਤ ਤੌਰ ਤੇ ਵਿਕਾਸ ਦੀਆਂ ਸੂਚਕ ਹਨ, ਪਰ ਇਹ ਵੀ ਸੱਚ ਹੈ ਕਿ ਦੇਸ ਵਿੱਚ ਬਹੁਤੇ ਲੋਕਾਂ ਲਈ ਦੋ ਜੂਨ ਦੀ ਰੋਟੀ ਦਾ ਪ੍ਰਬੰਧ ਕਰਨਾ ਵੀ ਮੁਸ਼ਕਿਲ ਹੈ। ਬੁਨਿਆਦੀ ਸਹੂਲਤਾਂ ਦੀ ਘਾਟ ਕਾਰਨ ਦੇਸ਼ ਦੇ ਕਰੋੜਾਂ ਲੋਕ ਗੁਲਾਮਾਂ ਵਰਗਾ ਜੀਵਨ ਜੀਣ ਲਈ ਮਜ਼ਬੂਰ ਹਨ। ਵਿਸ਼ਵ ਬੈਂਕ ਨੇ ਭਾਰਤ ਵਿੱਚ ਗਰੀਬੀ ਦੇ ਬਾਰੇ ਜੋ ਅੰਕੜੇ ਪੇਸ਼ ਕੀਤੇ ਹਨ ਉਹ ਵੀ ਹੈਰਾਨੀਜਨਕ ਹਨ। ਇਸ ਸੰਸਥਾ ਅਨੁਸਾਰ ਗਰੀਬੀ ਰੇਖਾ ਤੋਂ ਥੱਲੇ ਰਹਿਣ ਵਾਲੀ ਆਬਾਦੀ ਦੇ ਅਨੁਸਾਰ ਭਾਰਤ ਦੀ ਸਥਿਤੀ ਸਿਰਫ ਅਫਰੀਕਾ ਦੇ ਸਬ-ਸਹਾਰਾ ਦੇਸ਼ਾਂ ਤੋਂ ਹੀ ਬਿਹਤਰ ਹੈ। ਸਿਰਫ ਨਾਰਿਆਂ ਅਤੇ ਭਾਸ਼ਣਾਂ ਵਿੱਚ ਵਿਕਾਸ ਦਾ ਦਾਅਵਾ ਕਰਨ ਵਾਲੇ ਦੇਸ਼ ਦੇ ਨੇਤਾਵਾਂ ਅਤੇ ਨੀਤੀ ਨਿਰਮਾਤਾਵਾਂ ਦੇ ਲਈ ਵਿਸ਼ਵ ਗੁਲਾਮੀ ਸੂਚਕਾਂਕ ਦੀ ਇਹ ਰਿਪੋਰਟ ਅੱਖਾਂ ਖੋਲਣ ਵਾਲੀ ਹੈ। ਅੱਜ ਦੇਸ਼ ਵਿੱਚ ਹਾਲਾਤ ਅਜਿਹੇ ਹਨ ਕਿ ਆਮ ਆਦਮੀ ਦੀ ਸੁਣਨ ਵਾਲਾ ਕੋਈ ਨਹੀਂ ਹੈ ਸਰਕਾਰੀ ਵਿਭਾਗਾਂ ਵਿੱਚ ਲਾਲ ਫੀਤਾਸ਼ਾਹੀ ਇੰਨੀ ਹਾਵੀ ਹੈ ਕਿ ਆਮ ਆਦਮੀ ਆਪਣੇ ਛੋਟੇ-ਛੋਟੇ ਕੰਮਾਂ ਅਤੇ ਦੋ ਵਕਤ ਦੀ ਰੋਟੀ ਦੇ ਲਈ ਦਰ-ਦਰ ਭਟਕਦਾ ਰਹਿੰਦਾ ਹੈ। ਦੇਸ਼ ਵਿੱਚ ਦਿਖ ਰਿਹਾ ਕਾਗਜ਼ੀ ਵਿਕਾਸ ਕਿਸਦੇ ਲਈ ਹੈ ਅਤੇ ਕਿਸਨੂੰ ਲਾਭ ਪਹੁੰਚਾ ਰਿਹਾ ਹੈ, ਇਹ ਇੱਕ ਵੱਡਾ ਪ੍ਰਸ਼ਨ ਹੈ। ਦੇਸ ਵਿੱਚ ਬਹੁਤੇ ਲੋਕ ਮੁਢਲੀਆਂ ਸਹੂਲਤਾਂ ਨੂੰ ਤਰਸ ਰਹੇ ਹਨ। ਦੇਸ਼ ਦੇ ਕਈ ਹਿੱਸਿਆਂ ਵਿੱਚ ਪਰਿਵਾਰ ਦਾ ਪੇਟ ਪਾਲਣ ਲਈ ਮਹਿਲਾਵਾਂ ਅਪਣੇ ਆਪ ਨੂੰ ਵੇਚ ਰਹੀਆਂ ਹਨ, ਬੱਚੇ ਪੜ੍ਹਣ ਦੀ ਬਜਾਏ ਕੰਮ ਕਰ ਰਹੇ ਹਨ, ਕੁੱਝ ਵਿਸ਼ੇਸ ਜਾਤ ਅਤੇ ਵਰਗ ਦੇ ਲੋਕਾਂ ਤੋਂ ਬੇਗਾਰ ਕਰਵਾਈ ਜਾ ਰਹੀ ਹੈ। ਵਿਸ਼ਵ ਦੇ ਸਭਤੋਂ ਵੱਡੇ ਲੋਕਤੰਤਰ ਵਿੱਚ ਵਿਸ਼ਵ ਦੇ ਸਭਤੋਂ ਵੱਧ ਗੁਲਾਮ ਹੋਣਾ ਅਤਿ ਚਿੰਤਾ ਦਾ ਵਿਸ਼ਾ ਹੈ। ਸਾਡੇ ਦੇਸ ਵਿੱਚ ਸਮੇਂ ਸਮੇਂ ਤੇ ਸਮਾਜ ਦੇ ਚਿੰਤਕਾਂ ਅਤੇ ਸੁਧਾਰਕਾਂ ਨੇ ਗੁਲਾਮੀ ਦੇ ਇਸ ਚੁੰਗਲ ਵਿੱਚੋਂ ਲੋਕਾਂ ਨੂੰ ਬਾਹਰ ਕੱਢਣ ਲਈ ਮੁਹਿੰਮ ਚਲਾਈ ਹੈ ਪਰ ਦੇਸ ਵਿੱਚ ਸਭਤੋਂ ਵੱਡੀ ਗੁਲਾਮਾਂ ਦੀ ਗਿਣਤੀ ਇਹ ਸਾਬਿਤ ਕਰਦੀ ਹੈ ਕਿ ਉਹ ਮੁਹਿੰਮ ਸਫਲ ਨਹੀਂ ਹੋ ਸਕੀ ਹੈ। ਭਾਰਤੀ ਦੰਡ ਸਹਿੰਤਾ 1860 ਦੀ ਧਾਰਾ 374 ਅਨੁਸਾਰ ਜੇਕਰ ਕੋਈ ਵਿਅਕਤੀ ਜਾਂ ਸੰਗਠਨ ਕਿਸੇ ਵਿਅਕਤੀ ਨੂੰ ਉਸਦੀ ਮਰਜ਼ੀ ਤੋਂ ਬਿਨ੍ਹਾਂ ਕੰਮ ਕਰਨ ਲਈ ਕਨੂੰਨ ਵਿਰੁੱਧ ਮਜ਼ਬੂਰ ਕਰੇਗਾ ਤਾਂ ਉਸਨੂੰ ਸਜ਼ਾ ਅਤੇ ਜੁਰਮਾਨਾ ਹੋ ਸਕਦਾ ਹੈ। ਸਾਡੇ ਦੇਸ਼ ਦੇ ਸੰਵਿਧਾਨ ਦੀ ਧਾਰਾ 23 ਅਨੁਸਾਰ ਵੀ ਮਨੁਖੀ ਵਪਾਰ, ਜਬਰੀ ਮਜਦੂਰੀ ਅਤੇ ਬੇਗਾਰ ਤੇ ਪਬੰਦੀ ਲਗਾਈ ਗਈ ਹੈ। ਕਨੂੰਨ ਹੋਣ ਦੇ ਬਾਬਜੂਦ ਦੁਨੀਆਂ ਦੇ ਸਭਤੋਂ ਵੱਡੇ ਲੋਕਤੰਤਰ ਭਾਰਤ ਵਿੱਚ ਸਭਤੋਂ ਵੱਧ ਗੁਲਾਮਾਂ ਦੀ ਗਿਣਤੀ ਸਾਡੀਆਂ ਸਰਕਾਰਾਂ ਲਈ ਸ਼ਰਮਨਾਕ ਹੈ ਅਤੇ ਦੇਸ ਨੂੰ ਇਸ ਕਲੰਕ ਤੋਂ ਮੁਕੱਤ ਕਰਨ ਲਈ ਗੰਭੀਰਤਾ ਨਾਲ ਕੰਮ ਕਰਨਾ ਪਵੇਗਾ। ਦੇਸ਼ ਦੇ ਸਾਧਨਾ ਵਿਸ਼ੇਸ ਤੋਰ ਤੇ ਜੀਵਨ ਜਿਉਣ ਲਈ ਜਰੂਰੀ ਸਾਧਨਾਂ ਦੀ ਸਹੀ ਵੰਡ ਕਰਨੀ ਪਵੇਗੀ ਤਾਂ ਜੋ ਕੋਈ ਸਾਧਨਹੀਣ ਨਾਂ ਰਹੇ।

(ਵਿਅੰਗ)

# ਇੱਕ ਪੱਤਰ ਸ਼੍ਰੀਮਾਨ ਗੰਢਾ ਉਰਫ਼ ਮਿਸਟਰ ਪਿਆਜ਼ ਦੇ ਨਾਂ

ਰਮੇਸ਼ ਬੱਗਾ ਚੋਹਲਾ
91-94631-32719



ਸਤਿਕਾਰ ਯੋਗ ਸ਼੍ਰੀਮਾਨ ਗੰਢਾ ਉਰਫ਼ ਮਿਸਟਰ ਪਿਆਜ਼ ਜੀ। ਇਹ ਪੱਤਰ ਮੈਂ ਤੈਨੂੰ ਸਮੂਹ ਚੁੱਲ੍ਹਾ-ਚੌਂਕਾ ਭਾਈਚਾਰੇ (ਖ਼ਵਾਤੀਨ ਵਰਗ) ਵੱਲੋਂ ਲਿਖ ਰਿਹਾ ਹਾਂ। ਪਤਾ ਨਹੀਂ ਮੇਰਾ ਇਹ ਪੱਤਰ ਤੂੰ ਆਪਣੇ ਆਕੜਵਾਲੇ ਸੁਭਾਅ (ਜਿਹੜਾ ਕਿ ਤੂੰ ਅੱਜ ਕੱਲ੍ਹ ਆਪਣੀ ਕੀਮਤ ਵਧਾ ਕੇ ਬਣਾਈ ਬੈਠਾ ਏਂ) ਕਾਰਨ ਚੰਗੀ ਤਰ੍ਹਾਂ ਪੜ੍ਹੇ ਵੀ ਕਿ ਨਾ। ਚੱਲ ਜੇ ਤੂੰ ਇਸ ਪੱਤਰ ਨੂੰ ਪੂਰੀ ਤਰ੍ਹਾਂ ਨਾਲ ਨਹੀਂ ਵੀ ਪੜ੍ਹਨਾ ਤਾਂ ਨਾ ਸਹੀ ਪਰ ਇਸ ਵਿਚਲੀਆਂ ਸਾਡੀਆਂ ਦੁਖਦਾਈ ਭਾਵਨਾ ਨੂੰ ਜ਼ਰੂਰ ਸਮਝੀਂ। ਇਹ ਤੈਨੂੰ ਸਾਰੀ ਲੋਕਾਈ ਦਾ ਵਾਸਤਾ ਈ।

ਪਿਆਰੇ ਪਿਆਜ਼ ਭਰਾ! ਇਸ ਪੱਤਰ ਦੇ ਮਜ਼ਮੂਨ ਦਾ ਸੰਬੰਧ ਮਨੁੱਖ ਦੇ ਉਨ੍ਹਾਂ ਅਥਰੂਆਂ ਨਾਲ ਹੈ ਜਿਹੜੇ ਤੇਰੇ ਵਿਛੋੜੇ ਕਾਰਨ ਅੱਜ ਕੱਲ੍ਹ ਹਰੇਕ ਵਰਗ (ਅਮੀਰ-ਗ਼ਰੀਬ) ਦੀਆਂ ਅੱਖਾਂ ਵਿਚੋਂ ਵਹਿ ਰਹੇ ਹਨ। ਹੁਣ ਤੂੰ ਕਹੇਂਗਾ ਕਿ ਇਸ ਵਿਚ ਕਿਹੜੀ ਕੋਈ ਬਹੁਤੀ ਹੈਰਾਨੀ ਉਰਫ਼ ਪ੍ਰੇਸ਼ਾਨੀ ਵਾਲੀ ਬਾਤ ਹੈ। ਕਿਉਂਕਿ ਮਨੁੱਖ ਦੇ ਅਥਰੂ ਨਾਲ ਤਾਂ ਮੇਰਾ ਮੁੱਢ-ਕਦੀਮ ਤੋਂ ਹੀ ਨਾਤਾ ਚੱਲਦਾ ਆ ਰਿਹਾ ਹੈ। ਇਥੇ ਹੀ ਬੱਸ ਨਹੀਂ ਆਪਣੇ ਆਪ ਨੂੰ ਜਸਟੀਫਾਈ ਕਰਦਿਆਂ ਤੂੰ ਤਾਂ ਹੁਣ ਇਹ ਵੀ ਬਿਆਨ ਦੇਵੇਂਗਾ ਕਿ ਮਨੁੱਖ ਦੇ ਅਥਰੂ ਹੀ ਮੇਰੀ ਅਸਲ ਹਾਜ਼ਰੀ ਦਾ ਪ੍ਰਮਾਣ ਹੁੰਦੇ ਹਨ ਨਹੀਂ ਤਾਂ ਮਹਿੰਗੀਆਂ-ਮਹਿੰਗੀਆਂ ਸਬਜ਼ੀਆਂ ਦਾ ਸਾਥ ਪਾਉਣ ਲਈ ਮੇਰੇ ਵਰਗੇ ਨਿਮਾਣਿਆਂ ਨੂੰ ਮਾਣ ਕੌਣ ਬਖਸ਼ਦਾ ਹੈ।

ਬਾਈ ਗੰਢਾ ਸਿਹਾਂ! ਮੈਂ ਤੇਰੀ ਉਪਰੋਕਤ ਦਲੀਲ ਨਾਲ ਕਿਸੇ ਹੱਦ ਤੱਕ ਸਹਿਮਤੀ ਪ੍ਰਗਟਾਉਂਦਾ ਹਾਂ ਅਤੇ ਨਾਲ ਹੀ ਤੇਰਾ ਧਿਆਨ ਉਸ ਮੁੱਦੇ ਵੱਲ ਵੀ ਲਿਆਉਂਦਾ ਹਾਂ ਜਿਹੜਾ ਅੱਜ ਕੱਲ੍ਹ ਤੈਨੂੰ ਬਿਨਾਂ ਮੂੰਹ ਲਗਾਇਆਂ ਹਰੇਕ ਭਾਰਤੀ ਦੀ ਜ਼ੁਬਾਨ ਨੂੰ ਕੁਸੈਲਿਆਂ ਕਰੀ ਜਾ ਰਿਹਾ ਹੈ ਤੇ ਇਹ ਮੁੱਦਾ ਹੈ ਦਿਨ-ਬ-ਦਿਨ ਟੁੱਟੇ ਛਿੱਤਰ ਵਾਂਗ ਵੱਧ ਰਿਹਾ ਤੇਰਾ ਭਾਅ। ਮਿੱਤਰਾ! ਜਿਨ੍ਹਾਂ ਦਿਹਾੜਿਆਂ ਵਿਚ ਤੇਰੀ ਕੀਮਤ 15-20 ਦਮੜੇ ਹੋਇਆ ਕਰਦੀ ਸੀ ਉਸ ਵਕਤ ਜਨਤਾ ਤੈਨੂੰ ਰੱਜਵਾਂ ਪਿਆਰ ਦਿਆ ਕਰਦੀ ਸੀ ਅਤੇ ਇੱਕ-ਅੱਧੇ ਕਿਲੋ ਦੀ ਬਜਾਏ ਤੈਨੂੰ ਧੜੀਆਂ-ਵੱਟੀਆਂ ਵਿਚ ਖ੍ਰੀਦਦੀ ਸੀ ਪਰ ਜਿਸ ਦਿਨ ਤੋਂ ਤੂੰ 60-70 ਰੁਪਏ ਕਿਲੋ ਦੇ ਹਿਸਾਬ ਨਾਲ ਵਿਕਣ ਲੱਗਿਆਂ ਏਂ ਬਹੁਤ ਸਾਰੇ ਮਾਹਤੜਾਂ ਦੀ ਪਹੁੰਚ ਸਿਰਫ਼ ਪਾਈਆ ਕੁ ਤੱਕ ਹੀ ਰਹਿ ਗਈ ਹੈ। ਤੇ ਜਿਸ ਤਰ੍ਹਾਂ ਦੇ ਸਬਜ਼ੀ ਮੰਡੀ ਦੇ ਹਲਾਤ ਦੇਖਣ-ਸੁਣਨ ਨੂੰ ਮਿਲ ਰਹੇ ਹਨ ਲੱਗਦਾ ਹੈ ਕਿ ਮੇਰੇ ਵਰਗਿਆਂ ਦੀ ਇਹ ਪਾਈਆ ਵਾਲੀ ਪਹੁੰਚ ਵੀ ਬਿੰਨ ਆਈ ਮੌਤ ਹੀ ਮਰ ਜਾਵੇਗੀ। ਜਿਸ ਦਿਨ ਇਹ ਮੌਤ ਹੋ ਗਈ ਲੋਕ ਨਾ ਸਿਰਫ਼ ਤੈਨੂੰ ਹੀ ਨਫ਼ਰਤ ਭਰੀਆਂ ਨਿਗਾਹਾਂ ਨਾਲ ਦੇਖਣਗੇ ਸਗੋਂ ਤੇਰੀ ਪਿੱਠ ਠੋਕਣ (ਵਪਾਰੀਆਂ, ਜਮਾਂਖੋਰਾਂ,ਬਲੈਕ-ਮਾਰਕੀਟੀਆਂ) ਵਾਲਿਆਂ ਪ੍ਰਤੀ ਕੁਝ ਸੋਚਣ ਲਈ ਵੀ ਮਜਬੂਰ ਹੋਣਗੇ।

ਕਿਤੇ ਇਹ ਨਾ ਹੋਵੇ ਕਿ ਪਬਲਿਕ ਦੀ ਇਸ ਸੋਚ ਦਾ ਅਸਰ ਦਿੱਲੀ ਦੇ ਦਰਵਾਜ਼ੇ (ਵੋਟਾਂ ਰਾਹੀਂ) ਤੱਕ ਵੀ ਚਲਾ ਜਾਵੇ।

ਪਿਆਜ਼ ਭਰਾਵਾ! ਤੇਰੇ ਵੱਲੋਂ ਫ਼ੈਲਾਈ ਕੁੜੱਤਣ ਨੇ ਤਾਂ ਇੱਕ ਦਿਨ ਹੱਦ ਹੀ ਕਰ ਦਿੱਤੀ। ਸਾਡੇ ਪਿੰਡ ਵਾਲੇ ਕੱਬਿਆਂ ਦੇ ਕਰਤਾਰੇ ਦੀ ਕੁੜੀ ਦਾ ਵਿਆਹ ਸੀ। ਜਦੋਂ ਬਰਾਤ ਆਈ ਤਾਂ ਉਸ ਦਾ ਭਰਪੂਰ ਸਵਾਗਤ ਕੀਤਾ ਗਿਆ। ਚਾਹ-ਪਾਣੀ ਤੋਂ ਲੈ ਕੇ ਫੇਰਿਆਂ ਤੱਕ ਦਾ ਸਾਰਾ ਮਾਹੌਲ ਮਿੱਠਾ-ਮਿੱਠਾ ਚੱਲ ਰਿਹਾ ਸੀ ਪਰ ਕੁੜੱਤਣ ਉਸ ਵਕਤ ਵਧੀ ਜਦੋਂ ਬਰਾਤੀ ਰੋਟੀ ਖਾਣ ਲੱਗੇ। ਉਂਞ ਤਾਂ ਖਾਣੇ ਦੀ ਮੇਜ਼ ਉਪਰ ਰੰਗ-ਬਿਰੰਗਾ ਸਲਾਦ ਹਾਜ਼ਰ-ਨਾਜ਼ਰ ਸੀ ਪਰ ਇਕੱਲਾ ਤੂੰ ਐਬਸੈਂਟ ਸੀ। ਤੇ ਤੇਰੀ ਇਹ ਐਬਸੈਂਟੀ ਲਾੜੇ ਦੇ ਫੁੱਫੜ ਦੀ ਨਜ਼ਰੀਂ ਪੈ ਗਈ। ਬੱਸ ਫਿਰ ਉਸ ਨੇ ਉੱਥੇ ਜੋ ਬਵਾਲ ਖੜ੍ਹਾ ਕੀਤਾ ਉਸ ਨਾਲ ਹੇਠਲੀ ਉਪਰ ਆਉਣ ਵਾਲੀ ਹੋ ਗਈ। 'ਅਖੇ ਆਪਣੇ ਜਵਾਈ ਦੀ ਸੇਵਾ ਤਾਂ ਇਨ੍ਹਾਂ ਨੇ ਹੁਣ ਸਾਰੀ ਉਮਰ ਕਰੀ ਹੀ ਜਾਣੀ ਹੈ ਪਰ ਅਸੀਂ (ਬਰਾਤੀਆਂ) ਕਿਹੜਾ ਰੋਜ਼-ਰੋਜ਼ ਇਨ੍ਹਾਂ ਦੇ ਘਰ ਆਉਣਾ ਸੀ। ਜੇ ਰੋਟੀ ਦੇ ਨਾਲ ਚਾਰ ਪਿਆਜ਼ ਵੀ ਸਲਾਦ ਵਿਚ ਲਗਾ ਦਿੰਦੇ ਤਾਂ ਭਲਾ ਕਿਹੜਾ ਘਾਟਾ ਪੈ ਜਾਣਾ ਸੀ। ਨੰਗ ਕਿਸੇ ਥਾਂ ਦੇ ਨਾ ਹੋਣ'।

ਮੁੰਡੇ ਦੇ ਫੁੱਫੜ ਦੇ ਇਹ ਰੁੱਖੇ ਬਚਨ ਕਿਸੇ ਨੇ ਕੁੜੀ ਦੇ ਪਿਤਾ ਕਰਤਾਰੇ ਕੱਬੇ ਨੂੰ ਜਾ ਦੱਸੇ। ਆਪਣੀ ਸਫ਼ਾਈ ਦਿੰਦਿਆਂ ਉਸ ਨੇ ਕਿਹਾ ਕਿ 'ਸਰਦਾਰ ਜੀ! ਮੈਂ ਤਾਂ ਆਪਣੀ ਚਾਦਰ ਦੇਖ ਕੇ ਪਿਆਜ਼ ਪਸਾਰੇ ਸਨ ਪਰ ਉਹ ਸਾਰੇ ਸਬਜ਼ੀਆਂ ਦਾ ਸੁਆਦ ਵਧਾਉਣ ਲਈ ਹੀ ਕੁਰਬਾਨ ਹੋ ਗਏ। ਰੱਬ ਦਾ ਵਾਸਤਾ ਹੁਣ ਮੇਰੇ ਕੋਲੋਂ ਹੋਰ ਪਿਆਜ਼ ਖ੍ਰੀਦਣ ਦਾ ਹੀਆ ਨਹੀਂ ਜੇ ਪੈਂਦਾ'। ਉਸ ਦੀਆਂ ਖ਼ਰੀਆਂ-ਖ਼ਰੀਆਂ ਸੁਣ ਕੇ ਬਰਾਤ ਸ਼ਾਤ ਹੋ ਗਈ ਅਤੇ ਬਿੰਨਾ ਤੇਰੀ ਹਾਜ਼ਰੀ ਦੇ ਹੀ ਪ੍ਰਸ਼ਾਦਾ ਛੱਕਣ ਲੱਗ ਪਈ। ਇਹ ਤਾਂ ਸਮਝਦਾਰਾਂ ਦੀ ਸਮਝ ਕਰਕੇ ਮਾਮਲਾ ਠੰਢਾ ਹੋ ਗਿਆ ਵਰਨਾ ਤੇਰੇ ਵੱਲੋਂ ਤਾਂ ਕੋਈ ਕਸਰ ਬਾਕੀ ਨਹੀਂ ਸੀ।

ਸੋ ਪਿਆਰੇ ਵੀਰ ਗੰਢਾ ਜੀ! ਮੈਂ ਆਪਣੇ ਇਸ ਪੱਤਰ ਰਾਹੀਂ ਤੇਰੇ ਅੱਗੇ ਦੋਵੇਂ ਹੱਥ ਜੋੜ ਕੇ(ਜੇ ਤੂੰ ਕਹੇਂ ਤਾਂ ਤੇਰੇ ਪੈਰੀਂ ਹੱਥ ਵੀ ਲਗਾ ਦਿੰਦਾ ਹਾਂ) ਬੇਨਤੀ ਕਰਦਾ ਹਾਂ ਕਿ ਤੂੰ ਸਾਡੇ ਕੋਲੋਂ ਬਹੁਤਾ ਬੇਮੁੱਖ ਨਾ ਹੋ ਅਤੇ ਪਹਿਲਾਂ ਦੀ ਤਰ੍ਹਾਂ ਹੀ ਸਾਡੀ ਕਿਚਨ ਦੀ ਕੜਾਹੀ ਦੀ ਖ਼ਬਰਸਾਰ ਲੈਂਦਾ ਰਹੋ। ਭਾਵੇਂ ਸਾਡੀ ਰਸੋਈ ਵਿਚ ਛਕਣ-ਛਕਾਉਣ ਵਾਲੇ ਬੇਸ਼ਕੀਮਤੀ ਪਦਾਰਥਾਂ ਦੀ ਕੋਈ ਤੋਟ ਨਹੀਂ ਹੈ ਪਰ ਤੇਰੀ ਅਣਹੋਂਦ ਨੇ ਤਾਂ ਸਾਨੂੰ ਅੰਦਰ ਤੱਕ ਹਿਲਾ ਰੱਖ ਦਿੱਤਾ ਹੈ।

ਅਖੀਰ ਵਿਚ ਮੈਂ ਇਨ੍ਹਾਂ ਸਤਰਾਂ ਨਾਲ ਆਪਣਾ ਪੱਤਰ ਸਮੇਟਣ ਦੀ ਤੇਰੇ ਕੋਲੋਂ ਆਗਿਆ ਚਾਹੁੰਦਾ ਹਾਂ:-

ਤੂੰ ਯਾਰਾਂ ਦਾ ਯਾਰ ਹੁੰਦਾ ਸੀ,
ਸਭ ਨਾਲ ਤੇਰਾ ਪਿਆਰ ਹੁੰਦਾ ਸੀ।
ਕੌੜਾ ਸੀ ਸੁਭਾਅ ਦਾ ਚਾਹੇ, ਪਰ ਪੂਰਾ ਅਸਰਦਾਰ ਹੁੰਦਾ ਸੀ।
ਕਿਹੜੀ ਗੱਲੋਂ ਨਾਰਾਜ਼ ਹੋ ਗਿਆਂ ਸਾਡੇ ਨਾਲ ਪਿਆਜ਼ ਮੀਆਂ,
'ਚੋਹਲੇ' ਵਾਲੇ 'ਬੱਗੇ' ਨਾਲ ਨਾ ਤੇਰਾ ਕਦੇ ਤਕਰਾਰ ਹੁੰਦਾ ਸੀ।

# ਗੁਰੂ ਤੇਗ ਬਹਾਦਰ ਸਾਹਿਬ ਜੀ (1621-1675)



ਜਉ ਤਉ ਪ੍ਰੇਮ ਖੇਲਣ ਕਾ ਚਾਓ।।
ਸਿਰੁ ਧਰਿ ਤਲੀ ਗਲੀ ਮੇਰੀ ਆਊ।।
ਇਤਿ ਮਾਰਗਿ ਪੈਰੁ ਧਰੀਜੈ।।
ਸਿਰੁ ਦੀਜੈ ਕਾਣਿ ਨਾ ਕੀਜੈ (ਪੰਨਾ 1412)

ਹੇ ਭਾਈ ਜੇ ਤੈਨੂੰ ਪ੍ਰਭੂ ਪ੍ਰੇਮ ਦੀ ਖੇਡ ਖੇਡਣ ਦਾ ਸ਼ੌਂਕ ਹੈ ਤਾਂ ਸਿਰ ਤਲੀ ਉੱਤੇ ਰੱਖ ਕੇ ਮੇਰੀ ਗਲੀ ਵਿਚ ਆ। ਇਸ ਰਸਤੇ ਉੱਤੇ ਤਦੋਂ ਹੀ ਪੈਰ ਧਰਿਆ ਜਾ ਸਕਦਾ ਹੈ ਜਦੋਂ ਸਿਰ ਭੇਟਾ ਕੀਤਾ ਜਾਵੇ, ਪਰ ਕੋਈ ਝਿਜਕ ਨਾ ਕੀਤੀ ਜਾਵੇ।ਸਿੱਖ ਧਰਮ ਦੀ ਨੀਂਹ ਸਤ ਅਤੇ ਕੁਰਬਾਨੀ 'ਤੇ ਰੱਖੀ ਗਈ ਹੈ। ਸਿੱਖ ਧਰਮ ਦਾ ਸੰਕਲਪ ਹੈ ਮਨੁੱਖਤਾ ਦੀ ਭਲਾਈ ਅਤੇ ਮਨੁੱਖ ਦੀ ਮੁਕੰਮਲ ਆਜ਼ਾਦੀ। ਫਿਰ ਇਸ ਵਾਸਤੇ ਕੁਰਬਾਨੀ ਦੀ ਲੋੜ ਪਵੇ ਤਾਂ ਪਿੱਛੇ ਨਾ ਹਟਿਆ ਜਾਵੇ, ਸਿਰ ਧੜ ਦੀ ਬਾਜੀ ਲਾ ਕੇ ਸ਼ਹੀਦ ਹੋਣਾ ਹੈ। ਸਿੱਖ ਇਤਿਹਾਸ ਵਿਚ ਜੂਝ ਕੇ ਸ਼ਹੀਦ ਹੋਣ ਦੀਆਂ ਬੇਮਿਸਾਲ ਸ਼ਹਾਦਤਾਂ ਦਰਜ ਹਨ। ਗੁਰੂ ਤੇਗ ਬਹਾਦਰ ਸਾਹਿਬ ਨੇ ਧਰਮ ਦੀ ਰੱਖਿਆ ਲਈ ਸ਼ਹਾਦਤ ਦਿੱਤੀ। ਮਨੁੱਖਤਾ ਦੇ ਭਲੇ ਅਤੇ ਰਾਖੀ ਲਈ ਹਮੇਸ਼ਾ ਸਿੰਘਾਂ ਨੇ ਅਜਿਹੀਆਂ ਸ਼ਹਾਦਤਾਂ ਦਿੱਤੀਆਂ ਹਨ ਕਿ ਸ਼ਹਾਦਤਾਂ ਦੀ ਹੱਦ ਹੀ ਮੁਕਾ ਦਿੱਤੀ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਦੁਨੀਆਂ ਦੇ ਇਤਿਹਾਸ ਵਿਚ ਤਿਆਗ, ਸੇਵਾ, ਤਪ, ਸੰਜਮ, ਬਹਾਦਰੀ ਦੀ ਅਨੇਕ ਮਿਸਾਲਾਂ ਮਿਲਦੀਆਂ ਹਨ, ਪਰ ਸਿੱਖ ਇਤਿਹਾਸ ਵਿਚ ਕਿਸੇ ਆਦਰਸ਼ ਲਈ ਸ਼ਹੀਦ ਹੋਣ ਦੀ ਪ੍ਰੰਪਰਾ ਹੈ। ਉਸੇ ਪ੍ਰੰਪਰਾ ਵਿਚ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਮਿਸਾਲ ਹੈ। ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਤੋਂ ਸ਼ਹੀਦੀਆਂ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ, ਜਦੋਂ ਮੁਗਲ ਬਾਦਸ਼ਾਹ ਜਹਾਂਗੀਰ ਨੂੰ ਸਿੱਖਾਂ ਦੀ ਤਾਕਤ ਦਾ ਖਤਰਾ ਹੋ ਗਿਆ ਤਾਂ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਸਿੱਖ ਧਰਮ ਤੇ ਆਉਣ ਵਾਲਿਆਂ ਖ਼ਤਰਿਆਂ ਲਈ ਕੌਮ ਨੂੰ ਤਿਆਰ ਹੋਣ ਲਈ ਸ਼ਹਾਦਤ ਦੀ ਮਿਸਾਲ ਦਿੱਤੀ।

ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ 1 ਅਪ੍ਰੈਲ 1621 ਨੂੰ ਮਾਤਾ ਨਾਨਕੀ ਦੀ ਕੁੱਖੋਂ ਅੰਮ੍ਰਿਤਸਰ ਵਿਖੇ ਹੋਇਆ। ਆਪ ਪੰਜ ਭਰਾਵਾਂ ਅਤੇ ਇਕ ਭੈਣ ਤੋਂ ਛੋਟੇ ਸਨ। ਆਪ ਜੀ ਨੇ 9 ਸਾਲ ਤੱਕ ਦੀ ਉਮਰ ਅੰਮ੍ਰਿਤਸਰ ਵਿਖੇ ਗੁਜ਼ਾਰੀ। ਆਪ ਸੰਤ ਸੁਭਾਅ, ਗੰਭੀਰ ਵਿਚਾਰਾਂ ਵਾਲੇ, ਨਿਡਰ ਅਤੇ ਤਿਆਗੀ ਸਨ। ਆਪ ਨੇ ਗੁਰਬਾਣੀ ਅਤੇ ਪ੍ਰਭੂ ਪਿਆਰ ਵਿਚ ਲੀਨ ਹੋ ਕੇ ਆਪਣੀਆਂ ਖਾਹਿਸ਼ਾਂ 'ਤੇ ਕਾਬੂ ਪਾ ਲਿਆ ਸੀ। ਗੁਰਮਤਿ ਵਿੱਦਿਆ ਦੇ ਨਾਲ ਸ਼ਸਤਰ ਵਿੱਦਿਆ ਅਤੇ ਘੋੜ ਸਵਾਰੀ ਵਿਚ ਵੀ ਨਿਪੁੰਨ ਸਨ। ਗੁਰੂ ਹਰਿਗੋਬਿੰਦ ਜੀ ਵੱਲੋਂ ਲੜੀ ਕਰਤਾਰਪੁਰ ਦੀ ਜੰਗ ਵਿਚ ਆਪ ਜੀ ਨੇ ਅਜਿਹੇ ਜੌਹਰ ਵਿਖਾਏ ਕਿ ਆਪ ਜੀ ਦਾ ਨਾਂ ਤੇਗ ਬਹਾਦਰ ਹੋ ਗਿਆ। ਗੁਰੂ ਤੇਗ ਬਹਾਦਰ ਜੀ ਦਾ ਵਿਆਹ ਕਰਤਾਰਪੁਰ ਜਲੰਧਰ ਨਿਵਾਸੀ ਲਾਲ ਚੰਦ ਦੀ ਸਪੁੱਤਰੀ ਗੁਜਰੀ ਜੀ ਨਾਲ ਹੋਇਆ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ।

ਗੁਰੂ ਹਰਿਕ੍ਰਿਸ਼ਨ ਜੀ ਨੇ ਜੋਤੀ ਜੋਤ ਸਮਾਉਣ ਵੇਲੇ ਆਪਣੇ ਤੋਂ ਬਾਅਦ ਗੁਰੂ ਬਾਰੇ 'ਬਾਬਾ ਵਸੇ ਗਰਾਮ ਬਕਾਲੇ' ਦਾ ਇਸ਼ਾਰਾ ਦਿੱਤਾ। ਇਸਨੂੰ ਇਕ ਭੇਦ ਬਣਾ ਕੇ 22 ਗੁਰੂ ਹੋਣ ਦੇ ਦਾਅਵੇਦਾਰ ਬਣ ਬੈਠੇ। ਮੱਖਣ ਸ਼ਾਹ ਲੁਬਾਣਾ ਸਿੱਖ ਨੇ 20 ਮਾਰਚ 1665 ਨੂੰ ਗੁਰੂ ਤੇਗ ਬਹਾਦਰ ਜੀ ਦੇ ਗੁਰੂ ਪ੍ਰਗਟ ਹੋਣ ਦਾ ਭੇਦ ਖੋਲ੍ਹਿਆ। ਆਪ ਜੀ ਨੇ ਪ੍ਰਚਾਰਕ ਦੌਰੇ ਆਰੰਭ ਕੀਤੇ। ਅਨੰਦਪੁਰ ਨਗਰ ਵਸਾਇਆ। ਸਮਕਾਲੀ ਮੁਗਲ ਹਾਕਮ ਔਰੰਗਜ਼ੇਬ ਨੇ ਗੈਰ ਮੁਸਲਮਾਨਾਂ ਤੋਂ ਜਬਰੀ ਧਰਮ ਪਰਿਵਰਤਨ ਦੀ ਖੂਨੀ ਨੀਤੀ ਅਪਣਾਈ ਹੋਈ ਸੀ। ਉਹ ਪਰਜਾ ਤੇ ਮੁਸਲਮਾਨ ਬਣਨ ਲਈ ਤਸ਼ੱਦਦ ਕਰਦਾ ਸੀ। ਇਸ ਵਿਦਰੋਹ ਵਿਚ ਔਰੰਗਜ਼ੇਬ ਦੇ ਸਤਾਏ ਹੋਏ ਕਸ਼ਮੀਰੀ ਪੰਡਤ ਕਿਰਪਾ ਰਾਮ ਦੀ ਅਗਵਾਈ ਹੇਠ ਗੁਰੂ ਜੀ ਦੀ ਸ਼ਰਨ ਵਿਚ ਆ ਕੇ ਫਰਿਆਦ ਕੀਤੀ ਕਿ ਧਰਮ ਦੀ ਰੱਖਿਆ ਕਰੋ। ਸਮਰੱਥ ਗੁਰੂ ਜਾਣ ਗਏ ਕਿ ਔਰੰਗਜ਼ੇਬ ਨੇ ਜ਼ੁਲਮਾਂ ਦੀ ਹੱਦ ਮੁਕਾ ਦਿੱਤੀ ਹੈ। ਗੁਰੂ ਜੀ ਨੇ ਦ੍ਰਿੜ੍ਹ ਕਰਵਾਇਆ ਕਿ ਨਾ ਕਿਸੇ ਨੂੰ ਡਰਾਓ, ਨਾ ਕਿਸੇ ਤੋਂ ਡਰੋ। ਔਰੰਗਜ਼ੇਬ ਨੇ ਗੁਰੂ ਜੀ ਨੂੰ ਤਲਬ ਕਰ ਲਿਆ।

ਗੁਰੂ ਜੀ ਨੂੰ ਆਗਰੇ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਫੌਜ ਦੀ ਨਿਗਰਾਨੀ ਹੇਠ ਦਿੱਲੀ ਲਿਆਂਦਾ ਗਿਆ। ਗੁਰੂ ਜੀ ਦੇ ਨਾਲ ਦੇ ਸਿੱਖਾਂ ਭਾਈ ਮਤੀ ਦਾਸ, ਭਾਈ ਦਿਆਲਾ ਤੇ ਭਾਈ ਸਤੀ ਦਾਸ ਜੀ ਨੂੰ ਵੀ ਕੈਦ ਕਰ ਲਿਆ ਗਿਆ। ਮੁਗਲਈ ਫਿਤਰਤ ਅਨੁਸਾਰ ਪਹਿਲਾਂ ਗੁਰੂ ਜੀ ਨੂੰ ਮੁਸਲਮਾਨ ਬਣਨ ਦੇ ਲਾਲਚ ਦਿੱਤੇ ਗਏ, ਫਿਰ ਡਰਾਵੇ ਤੇ ਕਤਲ ਕਰਨ ਦੀ ਧਮਕੀ ਦਿੱਤੀ ਗਈ। ਮੌਤ ਦੀ ਦਹਿਸ਼ਤ ਵਿਖਾ ਕੇ ਭੈਅ-ਭੀਤ ਕਰਨ ਲਈ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ। ਭਾਈ ਦਿਆਲਾ ਜੀ ਨੂੰ ਉਬਲਦੀ ਵਲਟੋਹੀ ਵਿਚ ਸ਼ਹੀਦ ਕੀਤਾ। ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਸਾੜਦਿਆਂ ਸ਼ਹੀਦ ਕੀਤਾ। ਗੁਰੂ ਜੀ ਅਡੋਲ ਰਹੇ। ਇਹ ਅਣਮਨੁੱਖੀ ਤਸ਼ੱਦਦ ਵੀ ਗੁਰੂ ਜੀ ਦੇ ਨਿਸ਼ਠੇ ਨੂੰ ਡੇਗ ਨਹੀਂ ਸਕਿਆ। ਅੰਤ 11 ਨਵੰਬਰ 1675 ਨੂੰ ਚਾਂਦਨੀ ਚੌਂਕ ਦਿੱਲੀ ਵਿਚ ਸੀਸ ਉਤਾਰ ਕੇ ਸ਼ਹੀਦ ਕੀਤਾ ਗਿਆ, ਜਿੱਥੇ ਗੁਰਦੁਆਰਾ ਸੀਸ ਗੰਜ ਦਿੱਲੀ ਸੁਸ਼ੋਭਿਤ ਹੈ। ਔਰੰਗਜ਼ੇਬ ਦਾ ਹੁਕਮ ਸੀ ਕਿ ਗੁਰੂ ਜੀ ਦੇ ਸਰੀਰ ਨੂੰ ਟੁਕੜੇ ਟੁਕੜੇ ਕਰਕੇ ਸ਼ਹਿਰ ਵਿਚ ਥਾਂ-ਥਾਂ ਲਟਕਾ ਦਿੱਤਾ ਜਾਵੇ। ਔਰੰਗਜ਼ੇਬ ਦੇ ਇਸ ਜ਼ੁਲਮ ਨੂੰ ਵੇਖ ਕੇ ਲੋਕ ਕਰਾਹ ਉਠੇ ਕਿ ਇਕ ਸੰਤ ਨੂੰ ਕਿਵੇਂ ਸ਼ਹੀਦ ਕੀਤਾ ਗਿਆ ਹੈ। ਲੋਕਾਂ ਵਿਚ ਭਗਦੜ ਮੱਚ ਗਈ। ਸ਼ਰਧਾਲੂ ਸਿੱਖ ਭਾਈ ਜੈਤਾ (ਜੀਵਨ ਸਿੰਘ ਰੰਗਰੇਟਾ) ਨੇ ਗੁਰੂ ਜੀ ਦੇ ਸੀਸ ਨੂੰ ਸਾਂਭ ਕੇ ਅਨੰਦਪੁਰ ਪਹੁੰਚਾਇਆ। ਉਥੇ ਸੀਸ ਦਾ ਸਸਕਾਰ ਕੀਤਾ, ਜਿੱਥੇ ਗੁਰਦੁਆਰਾ ਸੀਸ ਗੰਜ ਆਨੰਦਪੁਰ ਸਾਹਿਬ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ ਗਲ ਨਾਲ ਲਾ ਕੇ ਕਿਹਾ 'ਰੰਗਰੇਟਾ ਗੁਰੂ ਕਾ ਬੇਟਾ' ਦਾ ਵਰ ਦਿੱਤਾ। ਭਾਈ ਲੱਖੀ ਸ਼ਾਹ ਵਣਜਾਰਾ ਅਤੇ ਭਾਈ ਉਦੋਂ ਜੀ ਨੇ ਵਿਉਂਤ ਲਗਾ ਕੇ ਗੁਰੂ ਜੀ ਦੇ ਧੜ ਨੂੰ ਇਕ ਰੂੰ ਨਾਲ ਲੱਦੇ ਗੱਡੇ ਵਿਚ ਸੰਭਾਲ ਲਿਆ। ਵਣਜਾਰਾ ਨੇ ਗੁਰੂ ਜੀ ਦੇ ਧੜ ਦਾ ਸਸਕਾਰ ਆਪਣਾ ਘਰ ਸਾੜ ਕੇ ਕੀਤਾ ਤਾਂ ਜੋ ਸਰਕਾਰ ਨੂੰ ਖ਼ਬਰ ਨਾ ਹੋਵੇ। ਉਥੇ ਗੁਰਦੁਆਰਾ ਰਕਾਬ ਗੰਜ ਦਿੱਲੀ ਸੁਸ਼ੋਭਿਤ ਹੈ। ਨਵੰਬਰ 11, 1675 ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਦਸਵੇਂ ਗੁਰੂ ਵਜੋਂ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲ ਲਈ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਵਿਚਾਰ:- ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪ ਜੀ ਦੇ 59 ਸ਼ਬਦ ਅਤੇ 57 ਸਲੋਕ 15 ਰਾਗਾਂ ਵਿਚ ਦਰਜ ਹਨ। ਇਹ ਰਚਨਾ ਪ੍ਰਮਾਤਮਾ ਦੀ ਰਚੀ ਹੋਈ ਹੈ। ਸਭਨਾਂ ਵਿਚ ਉਹ ਆਪ ਹੀ ਵੱਸਦਾ ਹੈ। ਆਪ ਜੀ ਦੀ ਬਾਣੀ ਮਾਇਆ ਨਾਲੋਂ ਤੋੜ ਕੇ ਨਾਮੁ ਨਾਲ ਜੋੜਦੀ ਹੈ।

ਕਾਹੇ ਰੇ ਬਨ ਖੋਜਨ ਜਾਈ।।
ਸਰਬ ਨਿਵਾਸੀ ਸਦਾ ਅਲੇਪਾ, ਤੋਹੀ ਸੰਗਿ ਸਮਾਈ।।
ਪੰਨਾ 684

ਹੇ ਭਾਈ ਪ੍ਰਮਾਤਮਾ ਨੂੰ ਲੱਭਣ ਵਾਸਤੇ ਤੂੰ ਜੰਗਲਾਂ ਵਿਚ ਕਿਉਂ ਜਾਂਦਾ ਹੈਂ? ਪ੍ਰਮਾਤਮਾ ਸਭ ਵਿਚ ਵੱਸਣ ਵਾਲਾ ਹੈ। ਸਦਾ ਨਿਰਲੇਪ ਰਹਿੰਦਾ ਹੈ। ਉਹ ਪ੍ਰਮਾਤਮਾ ਤੇਰੇ ਨਾਲ ਹੀ ਵੱਸਦਾ ਹੈ।

ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ।।
ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ।।
(ਪੰਨਾ 1428)

ਜੀਵ ਭਾਵੇਂ ਸੁਖਾਂ ਦੀ ਪ੍ਰਾਪਤੀ ਲਈ ਅਨੇਕਾਂ ਯਤਨ ਕਰਦਾ ਰਹਿੰਦਾ ਹੈ। ਹੇ ਨਾਨਕ ਆਖ- ਹੇ ਮਨ ਜੋ ਕੁਝ ਪ੍ਰਮਾਤਮਾ ਨੂੰ ਚੰਗਾ ਲੱਗਦਾ ਹੈ, ਉਹ ਹੀ ਹੁੰਦਾ ਹੈ। ਸੁਖ ਵੀ ਤਦੋਂ ਹੀ ਮਿਲਦਾ ਹੈ ਜਦੋਂ ਪ੍ਰਭੂ ਦੀ ਰਜ਼ਾ ਹੋਵੇ।

ਮਨੁ ਮਾਇਆ ਮੈ ਫਧਿ ਰਹਿਓ ਬਿਗਰਿਓ ਗੋਬਿੰਦ ਨਾਮੁ।।
ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ।।
(ਪੰਨਾ 1427-28)

ਮਨ ਮਾਇਆ ਵਿਚ ਲੁਪਤ ਰਹਿੰਦਾ ਹੈ। ਮਨੁੱਖ ਨੂੰ ਉਸ ਪ੍ਰਭੂ ਦਾ ਨਾਮ ਭੁੱਲ ਗਿਆ ਹੈ। ਹੇ ਨਾਨਕ ਪ੍ਰਭੂ ਦੀ ਭਗਤੀ ਤੋਂ ਬਿਨਾ ਇਹ ਜੀਵਨ ਕਿਸ ਕੰਮ ਦਾ ਹੈ।

ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸ ਨਹਿ ਉਚਰੈ।।
ਕਰਿ ਪਰਪੰਚੁ ਜਗਤ ਕਉ ਡਹਕੈ ਆਪਨੋ ਉਦਰੁ ਭਰੈ।।
(ਪੰਨਾ 536)

ਹੇ ਭਾਈ! ਮਾਇਆ ਦੇ ਨਸ਼ੇ ਵਿਚ ਇਹ ਮਨ ਝੱਲਾ ਹੋਇਆ ਪਿਆ ਹੈ, ਕਦੇ ਇਹ ਪ੍ਰਮਾਤਮਾ ਦੀ ਸਿਫਤਿ-ਸਲਾਹ ਦੀ ਬਾਣੀ ਨਹੀਂ ਉਚਾਰਦਾ, ਵਿਖਾਵਾ ਕਰਕੇ ਦੁਨੀਆਂ ਨੂੰ ਠੱਗਦਾ ਰਹਿੰਦਾ ਹੈ।






# ਸ਼ੇਅਰ

ਅਕਾਲ ਪੁਰਖ ਦੀ ਮਿਹਰ ਜੀ, ਹਰ ਪਾਸੇ ਹੈ ਗੁਰਦੁਆਰੇ
ਝੁੱਲਦੇ ਆ ਜੀ ਝੰਡੇ ਕੇਸਰੀ, ਦੁਨੀਆਂ ਦੇ ਵਿਚ ਹੁਣ ਸਾਰੇ।

ਬਹੁਤ ਹੀ ਸ਼ਰਧਾ ਸੰਗਤ ਦੀ, ਹਰ ਕੋਈ ਗੁਰੂ ਘਰ ਆਉਂਦਾ ਹੈ
ਕਿਰਤ ਕਮਾਈ ਸਫਲ ਹੋਵੇ, ਗੁਰ ਚਰਨਾਂ 'ਚ ਸੀਸ ਨਿਵਾਉਂਦਾ ਹੈ।
ਸਭ ਕੁਝ ਮਿਲਦਾ ਸੇਵਾ ਕਰਕੇ, ਦੱਖ ਟੁੱਟ ਜਾਂਦੇ ਆ ਭਾਰੇ
ਬਹੁਤੇ ਹੈ ਦਾਨੀ ਬੇਪ੍ਰਵਾਹ, ਕਈ ਗੁਪਤ ਦਾਨ ਹੀ ਕਰਦੇ ਆ
ਆਸਾਂ ਹੈ ਪੂਰੀਆਂ ਹੁੰਦੀਆਂ ਜੀ, ਸਾਰੇ ਹੀ ਝੋਲੀਆਂ ਭਰਦੇ ਆ
ਸਿਮਰਨ ਕਰਦੇ ਹੈ ਹਰ ਵੇਲੇ, ਜੋ ਰੱਬ ਦੇ ਭਗਤ ਪਿਆਰੇ।
ਖਾਲਸੇ ਦਾ ਬੋਲਬਾਲਾ ਹੈ, ਹਰ ਕੰਮ ਨੂੰ ਮੂਹਰੇ ਲਾ ਲੈਂਦੇ
ਹਿੱਕ ਦੇ ਜ਼ੋਰ ਨਾਲ਼ ਹਰ ਪਾਸੇ, ਪੰਜਾਬੀ ਧਾਂਕ ਜਮਾਅ ਲੈਂਦੇ
ਪੱਗ ਹੀ ਸਾਡੀ ਸ਼ਾਨ ਹੈ, ਪੜ੍ਹਿਆ ਕਰੋ ਇਤਿਹਾਸ ਦੁਆਰੇ
ਝੁੱਲਦੇ ਆ ਜੀ ਝੰਡੇ ਕੇਸਰੀ, ਦੁਨੀਆਂ ਵਿਚ ਹੁਣ ਸਾਰੇ।
ਨਗਰ ਕੀਰਤਨ ਦੀ ਨਿਕਲਦੇ, ਠਾਠ ਬਾਠ ਦੇ ਨਾਲ਼ ਜੀ
ਬਹੁਤ ਹੀ ਰੌਣਕ ਹੁੰਦੀ ਭਾਰੀ, ਦਿਲ ਹੋ ਜਾਂਦਾ ਨਿਹਾਲ ਜੀ
ਸਿਰਾਂ ਦੇ ਉੱਤੇ ਜੂੜੇ ਦਸਤਾਰਾਂ, ਬਹੁਤ ਹੀ ਬੱਝਦੇ ਨਜ਼ਾਰੇ
ਸੱਤ ਸਮੁੰਦਰੋਂ ਪਾਰ ਖਰੀਦ, ਕਈਆਂ ਨੇ ਮੁਰੱਬੇ ਹੈ ਮੱਲੇ
ਮਿਹਰਾਂ ਵਾਲ਼ਾ ਮਿਹਰ ਹੈ ਕਰਦਾ, ਤਾਂ ਹੀ ਤਾਂ ਸਾਡੀ ਬੱਲੇ ਬੱਲੇ
ਅਜੀਤ ਸਿੰਘਾ ਸਿੱਖਿਆ ਲੈ ਲਾ, ਦਾਤਾ ਸਭ ਦੇ ਕੰਮ ਸੰਵਾਰੇ
ਝੁੱਲਦੇ ਆ ਜੀ ਝੰਡੇ ਕੇਸਰੀ, ਦੁਨੀਆਂ ਦੇ ਵਿਚ ਹੁਣ ਸਾਰੇ
ਅਕਾਲ ਪੁਰਖ ਦੀ ਮਿਹਰ ਹੈ, ਹਰ ਪਾਸੇ ਹੈ ਗੁਰਦੁਆਰੇ।



– ਅਜੀਤ ਸਿੰਘ ਬਾਹੀਆ
510-314-2859

# ਨਹੀ ਵਸਦਾ ਪੰਜਾਬ ਗੁਰਾਂ ਦੇ ਨਾਮ 'ਤੇ

ਹਾਰ ਨੂੰ ਜਿੱਤ ਕਹਿ ਨਹੀਓਂ ਸੱਚ ਉਲੰਘੀਦਾ,
ਹਾਰ ਨੂੰ ਮੰਨ ਕੇ ਜਿੱਤ ਦਾ ਸਫ਼ਰ ਆਰੰਭੀਦਾ।
ਜਿੰਦ ਨੂੰ ਏਨਾਂ ਕੂੜ ਹੇਠ ਨਹੀਂ ਦੱਬੀਦਾ,
ਕਦੇ ਕਦੇ ਤਾਂ ਸੱਚ ਜ਼ੁਬਾਨੋਂ ਕੱਢੀਦਾ।
ਲਿਖ ਦਿਓ ਇਹਦੇ ਪਾਣੀ, ਹਵਾ, ਅਸਮਾਨ ਉੱਤੇ,
ਨਹੀਂ ਵਸਦਾ ਪੰਜਾਬ ਗੁਰਾਂ ਦੇ ਨਾਮ ਉੱਤੇ।

ਲੱਗਦੀ ਵਾਹ ਜੁਆਨੀ ਬਾਹਰ ਨੂੰ ਭੱਜ ਰਹੀ,
ਰਹਿੰਦੀ 'ਨਾ-ਹੋਣੀ' ਜਿਹੀ ਨਸ਼ੇ 'ਤੇ ਲੱਗ ਰਹੀ।
ਭਾਗੋ ਜ਼ਿੰਦਗੀ ਮੌਤ ਤੋਂ ਬਦਤਰ ਕਰ ਰਿਹਾ,
ਲਾਲੋ ਨਿੱਤ ਹੀ ਖ਼ੁਦ ਦੀ ਫ਼ਾਂਸੀ ਚੜ੍ਹ ਰਿਹਾ।
ਇਹਨੂੰ ਵਸਣਾ ਕਹਿੰਦੇ ਤਾਂ ਉਜਾੜ ਕਿੱਥੇ,
ਨਹੀਂ ਵਸਦਾ ਪੰਜਾਬ ਗੁਰਾਂ ਦੇ ਨਾਮ ਉੱਤੇ।

ਬਹੁਤਾ ਉੱਜੜ ਚੁਕਾ ਰਹਿੰਦਾ ਉੱਜੜ ਜਊ
ਰੂਹ ਵਿੱਚ ਨ੍ਹੇਰਾ ਹੋਰ ਵੀ ਡੂੰਘਾ ਉੱਤਰ ਜਊ।
ਜੇ ਸਿਰਾਂ 'ਚੇ ਗਿਆਨ ਦਾ ਦੀਵਾ ਬਲਿਆ ਨਾ
ਤਰਕ ਅਤੇ ਵਿਗਿਆਨ ਦਾ ਸੂਰਜ ਚੜ੍ਹਿਆਂ ਨਾ।
ਅਜੇ ਤਾਂ ਚੱਲਦਾ ਬਹੁਤਾ ਕੁਛ ਅਗਿਆਨ ਉੱਤੇ
ਨਹੀਂ ਵਸਦਾ ਪੰਜਾਬ ਗੁਰਾਂ ਦੇ ਨਾਮ ਉੱਤੇ।

ਅੰਧਵਿਸ਼ਵਾਸ ਕੁਰੀਤਾਂ ਜ਼ੁਲਮ ਪਾਖ਼ੰਡਾਂ ਨੂੰ
ਲੁੱਟ-ਖਸੁੱਟ ਦੇ ਇਨ੍ਹਾਂ ਧਰਮ ਦੇ ਸੰਦਾਂ ਨੂੰ।
ਮੇਟਣ ਦੇ ਲਈ ਗੁਰੂਆਂ ਲਹਿਰ ਚਲਾਈ ਸੀ
ਸੱਚ ਤਰਕ ਤੇ ਹੱਕ ਸੰਗ ਢੋਈ ਲਾਈ ਸੀ।
ਕੰਧ ਜ਼ੁਲਮ ਦੀ ਹਿੱਲੀ ਕਲਮ ਜ਼ਬਾਨ ਉੱਤੇ
ਵਸਿਆ ਸੀ ਪੰਜਾਬ ਗੁਰਾਂ ਦੇ ਨਾਮ ਉੱਤੇ।

ਉਹੀ ਧਰਮ ਕੁਰੀਤਾਂ ਜਾਤ ਪਾਖ਼ੰਡਾਂ ਨੂੰ
ਮੋੜ ਲਿਆਇਆਂ ਕੌਣ ਮਹੰਤ ਮਸੰਦਾਂ ਨੂੰ।
ਵੱਡ ਟੁੱਕ ਕੇ ਪੰਜਾਬ ਨੇਤਾਵਾਂ ਧਰ ਛੱਡਿਆਂ,
ਆਪੋ ਆਪਣੇ ਮਤਲਬ ਮੇਚ ਦਾ ਕਰ ਛੱਡਿਆਂ।
ਹਾਕਮ ਨੱਚਦੇ ਮੁਗ਼ਲਾਂ ਵਾਲੇ ਤਾਨ ਉੱਤੇ
ਨਹੀਂ ਵਸਦਾ ਪੰਜਾਬ ਗੁਰਾਂ ਦੇ ਨਾਮ ਉੱਤੇ।

ਮਰਦ ਜਿੰਨਾ ਹੀ ਔਰਤ ਦਾ ਅਧਿਕਾਰ ਹੋਊ
ਧਰਮ ਪਾਖ਼ੰਡ ਕੁਰੀਤਾਂ ਦਾ ਅੰਬਾਰ ਢਊ।
ਮਨੁੱਖੀ ਲੁੱਟ ਦਾ ਬੰਦਾ ਨਾ ਸ਼ਿਕਾਰ ਹੋਊ
ਅੰਧ ਵਿਸ਼ਵਾਸੋਂ ਨਿੱਕਲ ਤਰਕ-ਅਸਵਾਰ ਹੋਊ।
ਕੰਮ ਸੋਚ ਸਮਾਜ ਚਲੂ ਵਿਗਿਆਨ ਉੱਤੇ।
ਫਿਰ ਵਸਦਾ ਪੰਜਾਬ ਗੁਰਾਂ ਦੇ ਨਾਮ ਉੱਤੇ।

– ਡਾ. ਸੁਖਪਾਲ ਸੰਘੇੜਾ
dr.sukhpal.sanghera@gmail.com

# ਸਰਬੰਸਦਾਨੀ

ਕਰਜ਼ੇ ਕੌਮ ਦੇ ਤਾਂ ਜੀਹਨੇ ਕਿਸ਼ਤਾਂ 'ਚ ਮੋੜ ਤੇ
ਜਦੋਂ ਪੰਡਤਾਂ ਨੇ ਪਿਤਾ ਅੱਗੇ ਹੱਥ ਜੋੜ ਤੇ
ਨੌ ਸਾਲ ਦਾ ਸੀ ਪੁੱਤ ਪਿਤਾ ਹੱਥੀਂ ਤੋਰ ਕੇ
ਫਿਰ ਦਿੱਲੀ ਹੋਇਆ ਵਾਕਾ ਚੌਂਕ ਚਾਂਦਨੀ ਦਾ ਸਾਕਾ
ਨਾ ਭੁੱਲਿਆਂ ਭੁਲਾਇਆ ਕਦੇ ਜਾਵੇ
ਉਹਨੇ ਚਾਹ ਪੁੱਤ ਕੌਮ ਉਤੋਂ ਵਾਰਤੇ
ਕੋਈ ਇਕ ਹੀ ਤਾਂ ਵਾਰ ਕੇ ਵਿਖਾਵੇ।

ਦੀਨ ਈਮਾਨ ਤੋਂ ਨਾ ਡੋਲੇ ਵੇਖੀ ਦਿਲ ਦੀ ਦਲੇਰੀ
ਮੱਥਾ ਮੁਗਲਾਂ ਨਾ ਲਾਇਆ ਖੜੀ ਝੁਲ ਕੇ ਹਨੇਰੀ
ਜੜ੍ਹਾਂ ਪੁੱਟੀਆਂ ਤੇ ਜਿੰਨਾ ਲਾਈ ਵਾਹ ਸੀ ਬਥੇਰੀ
ਹੋਈ ਚਮਕੌਰ 'ਚ ਲੜਾਈ ਜਿੱਥੇ ਜੋੜੀ ਸ਼ਹੀਦੀ ਪਾਈ
ਹੱਥੀਂ ਹੱਸ ਕੇ ਹਥਿਆਰ ਸੀ ਫੜਾਏ
ਉਹਨੇ ਚਾਰ ਪੁੱਤ ਕੌਮ ਉੱਤੇ ਵਾਰ ਤੇ
ਕੋਈ ਇਕ ਹੀ ਤਾਂ ਵਾਰ ਕੇ ਵਿਖਾਵੇ।

ਨਦੀ ਹੈ ਨਿਮਾਣੀ ਪਾਇਆ ਪੁੱਤਾਂ ਦਾ ਵਿਛੋੜਾ
ਗੰਗੂ ਮਾਇਆ ਮੁੱਖ ਰੱਖੀ ਤੇ ਫੜਾਇਆ ਦੂਜਾ ਜੋੜਾ
ਉਹਨਾਂ ਛੱਡ ਤੇ ਜੈਕਾਰੇ ਕੀਤਾ ਫਿਕਰ ਨਾ ਭੋਰਾ
ਅੱਜ ਖੜ੍ਹੀ ਉਹੀ ਕੰਧ ਜਾ ਕੇ ਵੇਖੋ ਸਰਹਿੰਦ
ਬੰਦਾ ਬਹਾਦਰ ਹੀ ਤਾਂ ਚੇਤੇ ਉਦੋਂ ਆਵੇ
ਉਹਨੇ ਚਾਰ ਪੁੱਤ ਕੌਮ ਉਤੋਂ ਵਾਰਤੇ
ਕੋਈ ਇਕ ਹੀ ਤਾਂ ਵਾਰ ਕੇ ਵਿਖਾਵੇ।

ਠੰਡਾ ਬੁਰਜ ਵੀ ਅੱਜ ਕਿਵੇਂ ਦਿੰਦਾ ਹੈ ਦੁਹਾਈ
ਬਾਕੀ 'ਮਾਂ' ਨੇ ਵੀ ਫਿਰ ਜਿੰਦ ਕੌਮ ਲੇਖੇ ਲਾਈ
ਟੋਡਰ ਮੱਲ ਨੂੰ ਸਲਾਮਾਂ ਲਾਜ਼ ਕੌਮ ਦੀ ਬਚਾਈ
ਬਾਜਾਂ ਵਾਲੇ ਦਾ ਸੀ ਜੇਰਾ ਦੱਸ ਕੌਣ ਦੇਊ ਤੇਰਾ
'ਦੇਵ( ਹੱਥ ਜੋੜ ਕੇ ਸੀਸ ਤਾਂ ਝੁਕਾਵੇ
ਉਹਨੇ ਚਾਰ ਪੁੱਤ ਕੌਮ ਉਤੋਂ ਵਾਰ ਤੇ
ਕੋਈ ਇਕ ਹੀ ਤਾਂ ਵਾਰ ਕੇ ਵਿਖਾਵੇ।



–ਦੇਵ ਘੋਲੀਆ ਖੁਰਦ (ਫਰਿਜ਼ਨੋ)
559-232-7764

# ਹੁਣ ਅੰਮ੍ਰਿਤਸਰ ਤੋਂ ਦਿੱਲੀ ਦਾ ਸਫ਼ਰ ਸਿਰਫ਼ 30 ਮਿੰਟ 'ਚ

ਚੰਡੀਗੜ੍ਹ : ਪੰਜਾਬ ਸਰਕਾਰ ਨੇ ਅੰਮ੍ਰਿਤਸਰ-ਲੁਧਿਆਣਾ-ਚੰਡੀਗੜ੍ਹ-ਕੌਮੀ ਰਾਜਧਾਨੀ ਖੇਤਰ ਕਾਰੀਡੋਰ ਵਿਚ ਹਾਈਪਰਲੂਪ ਟਰਾਂਸਪੋਰਟ ਬੁਨਿਆਦੀ ਢਾਂਚਾ ਪ੍ਰਾਜੈਕਟ ਦੀ ਸੰਭਾਵਨਾ ਤਲਾਸ਼ਣ ਦਾ ਫ਼ੈਸਲਾ ਕੀਤਾ ਹੈ ਤਾਂ ਕਿ ਖੇਤਰ ਵਿਚ ਅੰਤਰ-ਸ਼ਹਿਰੀ ਆਵਾਜਾਈ ਨੂੰ ਸੁਧਾਰਨ ਦੇ ਨਾਲ-ਨਾਲ ਸੁਚਾਰੂ ਬਣਾਇਆ ਜਾ ਸਕੇ। ਇਨਵੈਸਟਮੈਂਟ ਪ੍ਰਮੋਸ਼ਨ ਦੇ ਵਧੀਕ ਪ੍ਰਮੁੱਖ ਸਕੱਤਰ ਵਿੰਨੀ ਮਹਾਜਨ ਨੇ ਦੱਸਿਆ ਕਿ ਸੂਬਾ ਸਰਕਾਰ ਨੇ ਮੰਗਲਵਾਰ ਨੂੰ ਲਾਸ ਏਂਜਲਸ ਆਧਾਰਿਤ ਕੰਪਨੀ ਵਰਜਿਨ ਹਾਈਪਰਲੂਪ ਵਨ ਨਾਲ ਇਕ ਸਮਝੌਤਾ ਸਹੀਬੱਧ ਕੀਤਾ ਹੈ ਜੋ ਇਸ ਪ੍ਰਾਜੈਕਟ ਲਈ ਆਰਥਿਕ ਪੱਖੋਂ ਪੂਰਵ ਸੰਭਾਵਨਾਵਾਂ ਘੋਖੇਗੀ।

ਇਸ ਕੰਪਨੀ ਨੂੰ ਇਸ ਦੇ ਵੱਡੇ ਨਿਵੇਸ਼ਕਾਰ ਦੁਬਈ ਆਧਾਰਿਤ ਡੀਪੀ ਰਲਡ ਵੱਲੋਂ ਸਹਿਯੋਗ ਕੀਤਾ ਜਾਵੇਗਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਡੀਪੀ ਵਰਲਡ ਸਬ-ਕਾਂਟੀਨੈਂਟ ਦੇ ਸੀਈਓ ਅਤੇ ਮੈਨੇਜਿੰਗ ਡਾਇਰੈਕਟਰ ਰਿਜ਼ਵਾਨ ਸੂਮਰ ਦੀ ਮੌਜੂਦਗੀ ਵਿਚ ਇਸ ਐਮਓਯੂ 'ਤੇ ਪੰਜਾਬ ਸਰਕਾਰ ਵੱਲੋਂ ਟਰਾਂਸਪੋਰਟ ਵਿਭਾਗ ਦੇ ਪ੍ਰਮੁੱਖ ਸਕੱਤਰ ਕੇ ਸ਼ਿਵਾ ਪ੍ਰਸਾਦ ਅਤੇ ਵਰਜਿਨ ਹਾਈਪਰਲੂਪ ਵਨ ਕੰਪਨੀ ਦੇ ਮੱਧ ਪੂਰਬੀ ਅਤੇ ਭਾਰਤ ਦੇ ਮੈਨੇਜਿੰਗ ਡਾਇਰੈਕਟਰ ਹਰਜ ਧਾਲੀਵਾਲ ਨੇ ਦਸਤਖ਼ਤ ਕੀਤੇ। ਵਰਜਿਨ ਹਾਈਪਰਲੂਪ ਕੰਪਨੀ ਵੱਲੋਂ ਹਰਿਆਣਾ ਸਰਕਾਰ ਨਾਲ ਵੀ ਵੱਖਰਾ ਐਮਓਯੂ ਕੀਤੇ ਜਾਣਾ ਵਿਚਾਰ ਅਧੀਨ ਹੈ ਤਾਂ ਕਿ ਇਸ ਪ੍ਰਣਾਲੀ ਦੀ ਸੰਭਾਵਨਾ ਦਾ ਮੁਲਾਂਕਣ ਕੀਤਾ ਜਾ ਸਕੇ ਕਿ ਪੰਜਾਬ ਤੋਂ ਇਸ ਦਾ ਰੂਟ ਕੌਮੀ ਰਾਜਧਾਨੀ ਖੇਤਰ ਤਕ ਵਧਾਇਆ ਜਾ ਸਕਦਾ ਹੈ। ਇਸ ਕੰਪਨੀ ਦੇ ਅਨੁਮਾਨ ਮੁਤਾਬਕ, ਅੰਮ੍ਰਿਤਸਰ-ਲੁਧਿਆਣਾ-ਚੰਡੀਗੜ੍ਹ ਕਾਰੀਡੋਰ ਨਾਲ ਹਾਈਪਰਲੂਪ ਆਵਾਜਾਈ ਪ੍ਰਾਜੈਕਟ ਨਾਲ ਸੜਕ ਰਸਤੇ ਲੱਗਦਾ ਪੰਜ ਘੰਟਿਆਂ ਦਾ ਸਮਾਂ ਘਟ ਕੇ ਅੱਧੇ ਘੰਟੇ ਤੋਂ ਵੀ ਘੱਟ ਰਹਿ ਜਾਵੇਗਾ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਹਾਈਪਰਲੂਪ ਸਿਸਟਮ ਦੇ ਨਿਰਮਾਣ ਲਈ ਪੰਜਾਬ, ਮਹਾਰਾਸ਼ਟਰ ਤੋਂ ਬਾਅਦ ਮੁਲਕ ਦਾ ਦੂਜਾ ਸੂਬਾ ਬਣਨ ਵਿਚ ਡੂੰਘੀ ਦਿਲਚਸਪੀ ਰੱਖਦਾ ਹੈ। ਸੂਬੇ ਵਿਚ ਹਾਈਪਰਲੂਪ ਪ੍ਰਾਜੈਕਟ ਦੀ ਸੰਭਾਵਨਾ ਤਲਾਸ਼ਣ ਦੀ ਇੱਛਾ ਰੱਖਦੇ ਹਾਂ ਜਿਸ ਨਾਲ ਮੁਲਕ ਵਿਚ ਹੋਰ ਵੱਡੇ ਕੇਂਦਰਾਂ ਨਾਲ ਜੁੜਿਆ ਜਾ ਸਕਦਾ ਹੈ।

ਭਵਿੱਖ ਵਿਚ ਇਸ ਪ੍ਰਾਜੈਕਟ ਨੂੰ ਪੰਜਾਬ ਤੋਂ ਬਾਹਰ ਐੱਨਸੀਆਰ ਨਾਲ ਵੀ ਜੋੜਿਆ ਜਾ ਸਕਦਾ ਹੈ। ਨਿਵੇਸ਼ ਪੰਜਾਬ ਦੇ ਸਲਾਹਕਾਰ ਮੋਸ਼ੇ ਕੋਹਲੀ ਮੁਤਾਬਕ ਹਾਈਪਰਲੂਪ ਪ੍ਰਰਾਜੈਕਟ ਦਾ ਪੂਰਵ ਸੰਭਾਵਿਤ ਅਧਿਐਨ ਛੇ ਹਫ਼ਤਿਆਂ ਵਿਚ ਮੁਕੰਮਲ ਹੋ ਜਾਵੇਗਾ। ਇਸ ਵਿਚ ਪ੍ਰਾਜੈਕਟ ਦੀ ਕੀਮਤ ਮੰਗ ਅਤੇ ਕਾਰੀਡੋਰ ਦੇ ਸਾਮਾਜਿਕ, ਆਰਥਿਕ ਲਾਭ ਵਰਗੇ ਵੱਖ-ਵੱਖ ਪਹਿਲੂਆਂ ਦਾ ਮੁਲਾਂਕਣ ਕੀਤਾ ਜਾਵੇਗਾ।




North Zone Film & TV Artistes' Association (Regd.) is taking another step to Present the different activities of Punjabi Cinema by the release of the book "The Illustrated History of Punjabi Cinema" (1935-1985) in English covering fifty glorious years of its magnificent journey has been written by Bhim Raj Garg, Film Historian & Columnist of national repute. The book will be released by our Chief Guest S. Charanjit Singh Channi, Hon'ble Cabinet Minister for Cultural Affairs, Punjab on 22nd November, 2019 at 3.00PM in Press Club, Sector-27B, Chandigarh.

Talking about the author NZFTAA's President Gurpreet Ghuggi & General Secretary Malkeet Rauni said that He has carried out an extensive research on Punjabi films for more than three decades. During his pursuits, he visited premier film institutions, renowned libraries and interviewed many stalwarts of Punjabi Cinema. He has collected a trove of movie memorabilia especially press booklets of golden era, stills and audio/videos of Punjabi films. His strenuous, untiring and sustained efforts have culminated in the shape of this beautiful and informative reference book. It contains authentic details relating to the film banners, producers, directors, star-cast, technicians, songs, censor particulars etc. in respect of 221 Punjabi films starting with 'Ishq-E-Punjab' a.k.a. "Mirza Sahiban" (1935) to 'Vairi Jatt' (1985). In addition to above the book has been studded with rare film posters and photographs, a readers' delight. The book will be useful to the common movie-lover as well as to a spectrum of research scholars, university students, film makers and institutions spread all over the world.

All the Print n Electronic Media Ppl are invited to cover this function. Your Presence will be highly appreciated.

Press Secretary , Daljit Arora

# ਸਾਹਿਤ, ਕਲਾ ਅਤੇ ਸੱਭਿਆਚਾਰਕ ਮੰਚ ਵਲੋਂ ਸਵਿੰਦਰ ਸੰਧੂ ਦਾ ਕਾਵਿ ਸੰਗ੍ਰਹਿ ਲੋਕ ਅਰਪਣ

**ਅਲਾਵਲਪੁਰ/ਜਲੰਧਰ (ਮਦਨ ਬੰਗੜ)** ਸਾਹਿਤ, ਕਲਾ ਅਤੇ ਸੱਭਿਆਚਾਰਕ ਮੰਚ (ਰਜਿ) ਵੱਲੋਂ ਜਲੰਧਰ ਦੇ ਪ੍ਰੈਸ ਕਲੱਬ ਵਿਖੇ ਸ਼ਾਨਦਾਰ ਤੇ ਪ੍ਰਭਾਵਸ਼ਾਲੀ ਪ੍ਰੋਗਰਾਮ ਕਰਵਾ ਕੇ ਕਵਿੱਤਰੀ ਸ਼੍ਰੀਮਤੀ ਸਵਿੰਦਰ ਸੰਧੂ ਦਾ ਦੂਜਾ ਕਾਵਿ ਸੰਗ੍ਰਹਿ ਲੋਕ ਅਰਪਣ ਕੀਤਾ ਗਿਆ। ਪ੍ਰੋਗਰਾਮ ਦੀ ਪ੍ਰਧਾਨਗੀ ਪ੍ਰਸਿੱਧ ਕਵਿੱਤਰੀ ਅਤੇ ਤ੍ਰੈਮਾਸਿਕ ਪਰਚੇ 'ਏਕਮ' ਦੀ ਮੁੱਖ ਸੰਪਾਦਕ ਸ਼੍ਰੀਮਤੀ ਅਰਤਿੰਦਰ ਸੰਧੂ ਨੇ ਕੀਤੀ। ਉਸਤਾਦ ਸ਼ਾਇਰ ਜਨਾਬ ਗੁਰਦਿਆਲ ਰੌਸ਼ਨ ਜੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ¢ ਪ੍ਰਧਾਨਗੀ ਮੰਡਲ ਵਿਚ ਮੰਚ ਦੇ ਪ੍ਰਧਾਨ ਉਸਤਾਦ ਸ਼ਾਇਰ ਰਾਜਿੰਦਰ ਪਰਦੇਸੀ, ਸੀਨੀ ਮੀਤ ਪ੍ਰਧਾਨ ਪ੍ਰੋ ਮੋਹਨ ਸਪਰਾ, ਜਗਦੀਸ਼ ਕੌਰ ਵਾਡੀਆ, ਗੁਰਦਿਆਲ ਰੌਸ਼ਨ, ਅਰਤਿੰਦਰ ਸੰਧੂ, ਜਨਾਬ ਹਰਜਿੰਦਰ ਬੱਲ,ਐਸ ਸੀ ਕਮਿਸ਼ਨ ਪੰਜਾਬ ਦੇ ਸਾਬਕਾ ਪ੍ਰਧਾਨ ਸ਼੍ਰੀ ਰਜੇਸ਼ ਬਾਘਾ, ਸਵਿੰਦਰ ਸੰਧੂ ਸੁਸ਼ੋਭਿਤ ਹੋਏ¢ ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਦੇ ਸਕੱਤਰ ਜਗਦੀਸ਼ ਰਾਣਾ ਨੇ ਆਏ ਹੋਏ ਸਾਰੇ ਸਾਹਿਤਕਾਰਾਂ ਦਾ ਸਵਾਗਤ ਕਰਦਿਆਂ ਸਟੇਜ ਦੀ ਕਾਰਵਾਈ ਲਈ ਮੰਚ ਦੀ ਜਨ ਸਕੱਤਰ ਡਾ ਕੰਵਲ ਭੱਲਾ ਨੂੰ ਸੱਦਾ ਦਿੱਤਾ ਗਿਆ। ਮੰਚ ਦੇ ਪ੍ਰਧਾਨ ਰਾਜਿੰਦਰ ਪਰਦੇਸੀ ਨੇ ਕਿਹਾ ਕਿ ਮੰਚ ਵੱਲੋਂ ਹਮੇਸ਼ਾ ਹੀ ਅਲੱਗ ਅਲੱਗ ਭਾਸ਼ਾਵਾਂ ਦੇ ਨਾਮਵਰ ਤੇ ਨਵੇਂ ਕਵੀਆਂ ਨੂੰ ਮੌਕਾ ਦਿੱਤਾ ਜਾਂਦਾ ਰਿਹਾ ਹੈ,ਤੇ ਹਰ ਭਾਸ਼ਾ ਦੇ ਕਵੀ ਦਾ ਸਵਾਗਤ ਕੀਤਾ ਜਾਂਦਾ ਹੈ। ਜਗਦੀਸ਼ ਕੌਰ ਵਾਡੀਆ ਨੇ ਪੁਸਤਕ ਤੇ ਪਰਚਾ ਪੜ੍ਹਦਿਆਂ ਕਿਹਾ ਕਿ ਕਵਿੱਤਰੀ ਸਵਿੰਦਰ ਸੰਧੂ ਦਾ ਨਜ਼ਰੀਆ ਜਿੰਦਗੀ ਪ੍ਰਤੀ ਆਸ਼ਾਵਾਦੀ ਰਿਹਾ ਹੈ, ਇਸ ਕਰਕੇ ਉਸਨੂੰ ਆਸ ਹੈ ਕਿ ਇੱਕ ਦਿਨ ਦੇਸ਼ ਦੀ ਨੌਜਵਾਨ ਪੀੜ੍ਹੀ ਉੱਠੇਗੀ, ਜਾਗੇਗੀ ਤੇ ਵਾਲੀ ਵਾਰਿਸ ਬਣਕੇ ਇਸ ਦੇਸ਼ ਨੂੰ ਸੰਭਾਲ ਲਵੇਗੀ। ਇਸ ਉਪਰੰਤ ਹੋਏ ਸ਼ਾਨਦਾਰ ਕਵੀ ਦਰਬਾਰ ਦੌਰਾਨ ਉਰਦੂ ਦੇ ਉਸਤਾਦ ਸ਼ਾਇਰ ਹਰਬੰਸ ਸਿੰਘ ਅਕਸ, ਉਸਤਾਦ ਸ਼ਾਇਰ ਜਨਾਬ ਗੁਰਦਿਆਲ ਰੌਸ਼ਨ, ਉਸਤਾਦ ਸ਼ਾਇਰ ਹਰਜਿੰਦਰ ਬੱਲ, ਉਸਤਾਦ ਸ਼ਾਇਰ ਰਾਜਿੰਦਰ ਪਰਦੇਸੀ, ਜੋਗਿੰਦਰ ਸੰਧੂ, ਜਗਦੀਸ਼ ਰਾਣਾ, ਨਰਿੰਦਰਪਾਲ ਕੰਗ, ਸੁਰਿੰਦਰ ਮਕਸੂਦਪੁਰੀ, ਸੁਜਾਨ ਸਿੰਘ ਸੁਜਾਨ, ਆਸ਼ੀ ਈਸਪੁਰੀ, ਡਾ ਕੰਵਲ ਭੱਲਾ, ਕੁਲਬੀਰ ਕੰਵਲ, ਮੁਖਵਿੰਦਰ ਸੰਧੂ, ਦੀਪਿਕਾ ਅਰੋੜਾ, ਮੀਨੂ ਸਿੰਘ ਯੂ ਕੇ, ਤਾਰਾ ਸਿੰਘ ਤਾਰਾ, ਸੁਜਾਤਾ,ਪਰਮਦਾਸ ਹੀਰ, ਸੁਰਿੰਦਰ ਢੰਡਾ,ਮਦਨ ਬੰਗੜ, ਸੁਰਿੰਦਰ ਸਿੰਘ ਆਦਿ ਕਵੀਆਂ



ਨੇ ਆਪਣੀਆਂ ਕਵਿਤਾਵਾਂ ਨਾਲ ਜਿੱਥੇ ਖੂਬ ਰੰਗ ਬੰਨ੍ਹਿਆ ਉੱਥੇ ਹੀ ਕਵਿੱਤਰੀ ਸਵਿੰਦਰ ਸੰਧੂ ਨੇ ਅਪਣੇ ਸਾਹਿਤਕ ਸਫਰ ਬਾਰੇ ਦੱਸਦਿਆਂ ਅਪਣੀ ਲੋਕ ਅਰਪਣ ਹੋਈ ਪੁਸਤਕ ਸੁਪਨ ਬਲੌਰੀ ਵਿੱਚੋਂ ਰਚਨਾਵਾਂ ਸਾਂਝੀਆਂ ਕਰਦੇ ਹੋਏ ਮਹਿਫਲ ਨੂੰ ਚਾਰ ਚੰਨ ਲਾ ਦਿੱਤੇ¢ ਪ੍ਰੋਗਰਾਮ ਦੀ ਪ੍ਰਧਾਨਗੀ ਕਰ ਰਹੀ ਕਵਿੱਤਰੀ ਅਰਤਿੰਦਰ ਸੰਧੂ ਨੇ ਕਿਹਾ ਕਿ ਸਵਿੰਦਰ ਸੰਧੂ ਨੂੰ ਉਹ ਬਹੁਤ ਲੰਮੇ ਸਮੇਂ ਤੋਂ ਜਾਣਦੀ ਹੈ ਤੇ ਉਸਦੀਆਂ ਕਵਿਤਾਵਾਂ ਦਾ ਮੂਲ ਵਿਸ਼ਾ ਆਲੇ ਦੁਆਲੇ ਘਟ ਰਹੀਆਂ ਘਟਨਾਵਾਂ ਤੇ ਆਧਾਰਿਤ ਹੈ¢ ਇਸ ਉਪਰੰਤ ਅਰਤਿੰਦਰ ਸੰਧੂ ਨੇ ਆਪਣੀਆਂ ਰਚਨਾਵਾਂ ਵੀ ਸਾਂਝੀਆਂ ਕੀਤੀਆਂ। ਮੰਚ ਵਲੋਂ ਉਸਤਾਦ ਸ਼ਾਇਰ ਜਨਾਬ ਗੁਰਦਿਆਲ ਰੌਸ਼ਨ, ਅਰਤਿੰਦਰ ਸੰਧੂ, ਜਗਦੀਸ਼ ਕੌਰ ਵਾਡੀਆ ਅਤੇ ਫਰਾਂਸ ਤੋਂ ਉਚੇਚੇ ਤੌਰ ਤੇ ਆਏ ਪ੍ਰਸਿੱਧ ਕਾਰਟੂਨਿਸ਼ਟ, ਪੱਤਰਕਾਰ ਤੇਜਿੰਦਰ ਮਨਚੰਦਾ ਦਾ ਸ਼ਾਨਦਾਰ ਮੋਮੈਂਟੋਂ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਰਨਲ ਜਗਬੀਰ ਸਿੰਘ ਸੰਧੂ, ਮਨਜੀਤ ਕੌਰ, ਰੁਪਿੰਦਰ ਕੌਰ, ਪਰਮਵੀਰ ਕੌਰ ਜੀਰਾ, ਹਰਮੀਤ ਸਿੰਘ ਅਟਵਾਲ, ਨਵਦੀਪ ਕੌਰ, ਸ਼ੋਭਾ ਘਈ, ਪਰਮਜੀਤ ਸਿੰਘ ਸਨਸੋਆ, ਵਿਸ਼ਵਜੀਤ ਸੰਧੂ ਆਦਿ ਵੀ ਹਾਜ਼ਰ ਰਹੇ।

# ‘ਸੁਲਗਦੀ ਅੱਗ’ ਦੀ ਗਜ਼ਲਕਾਰੀ

ਹਰਭਜਨ ਸਿੰਘ ਢਿੱਲੋਂ ਅਮਰੀਕੀ ਪੰਜਾਬੀ ਗਜ਼ਲ ਦਾ ਇਕ ਪ੍ਰੌੜ ਸ਼ਾਇਰ ਹੈ। ਇਸਦੇ ਨਾਲ ਹੀ ਉਸਨੇ ਕਵਿਤਾ ਅਤੇ ਸਾਹਿਤਕ ਗੀਤਕਾਰੀ ਦੇ ਖੇਤਰ ਵਿਚ ਵੀ ਚੰਗਾ ਨਾਂ ਕਮਾਇਆ ਹੈ। ਪਰ ਗਜ਼ਲ ਉਸਦੀ ਮਨਵਾਉਂਦੀ ਸਿਨਫ ਹੈ। ਜਦ ਅਸੀਂ ਉਸਦੀ ਗਜ਼ਲ ਸਿਰਜਣਾ ਦੇ ਵੱਖ-ਵੱਖ ਪਹਿਲੂਆਂ ’ਤੇ ਨਜ਼ਰ ਸੁੱਟਦੇ ਹਾਂ ਤਾਂ ਉਹਦੇ ਆਪਣੇ ਵਿਸ਼ੇਗਤ ਸਰੋਕਾਰਾਂ ਅਤੇ ਗਜ਼ਲ ਵਿਧਾਨ ਦੇ ਤੰਗ ਅਤੇ ਬੰਦਿਸ਼ਨੁਮਾ ਦਾਇਰਿਆਂ ਤੋਂ ਪਾਰ ਜਾਂਦਾ ਹੋਇਆ ਖਿਆਲ ਦੀ ਆਤਮਾ ਅਤੇ ਪਾਕੀਜਗੀ ਨਾਲ ਵਧੇਰੇ ਵਚਨਬੱਧਤਾ ਪ੍ਰਗਟਾਉਂਦਾ ਹੈ। ਇਹ ਤੱਥ ਉਸਦੀ ਗਜ਼ਲ ਨੂੰ ਵਸੀਹ ਧਰਾਤਲ ਪ੍ਰਦਾਨ ਕਰਦਾ ਹੋਇਆ ਜੀਵਨ ਦੇ ਵਡੇਰੇ ਅਰਥਾਂ ਨਾਲ ਜੋੜ ਦਿੰਦਾ ਹੈ। ਇਹੀ ਨਹੀਂ, ਉਹ ਆਪਣੀ ਭਾਸ਼ਾ ਨੂੰ ਇਕ ਸ਼ਕਤੀਸ਼ਾਲੀ ਹਥਿਆਰ ਦੇ ਰੂਪ ਵਿਚ ਪ੍ਰਯੋਗ ਕਰਦਾ ਹੋਇਆ ਆਪਣਾ ਕਾਵਿ ਪ੍ਰਯੋਜਨ ਸਾਕਾਰ ਕਰਨ ਦਾ ਯਤਨ ਕਰਦਾ ਹੈ। ਕਿਸੇ ਵੀ ਸ਼ਾਇਰ ਦੀ ਇਹ ਕਾਵਿ ਜੁਗਤ ਸਮਕਾਲੀ ਸਾਹਿਤਕ ਖੇਤਰ ਵਿਚ ਉਸਦੀ ਵੱਖਰੀ ਪਛਾਣ ਸਥਾਪਤ ਕਰਦੀ ਹੈ, ਪਰ ਇਹ ਸਾਰਾ ਕੁਝ ਉਸਦੇ ਗੁੱਝੇ ਅਰਥਾਂ ਅਤੇ ਤਕਨੀਕਨੁਮਾ ਵਲਵਲਿਆਂ ਵਿਚ ਲੁਪਤ ਰੂਪ ਵਿਚ ਪਿਆ ਹੁੰਦਾ ਹੈ। ’ਸੁਲਘਦੀ ਅੱਗ’ ਹਰਭਜਨ ਸਿੰਘ ਢਿੱਲੋਂ ਦਾ ਨਵ-ਪ੍ਰਕਾਸ਼ਿਤ ਅਤੇ ਜ਼ਿਕਰਯੋਗ ਕਾਵਿ ਸੰਗ੍ਰਹਿ ਹੈ। ਇਸ ਦੀ ਸਮੁੱਚੀ ਸ਼ਾਇਰੀ ਸਮਕਾਲ ਦੀਆਂ ਜਟਿਲ ਪਰਤਾਂ ਨਾਲ ਜੁੜੀ ਹੋਈ ਹੈ। ਉਸਦਾ ਇਹ ਹਾਸਲ ਹੈ ਕਿ ਉਹ ਆਪਣਾ ਕਾਵਿ-ਪ੍ਰਵਚਨ ਜੀਵਨ ਦੀਆਂ ਦੁਸ਼ਵਾਰੀਆਂ ਅਤੇ ਵੰਗਾਰਾਂ ਤੋਂ ਆਰੰਭ ਕਰਦਾ ਹੈ ਅਤੇ ਇਹਨਾਂ ਵੰਗਾਰਾਂ ਤੋਂ ਪ੍ਰਤੀਰੋਧੀ ਬਦਲ ਸਿਰਜਦਾ ਹੋਇਆ ਆਪਣੇ ਜੀਵਨ ਸੰਘਰਸ਼ ਨੂੰ ਖੂਬਸੂਰਤ ਅਕੀਦਿਆਂ ਵਿਚ ਰੂਪਾਂਤਿਤ ਕਰਦਾ ਹੋਇਆ ਗੌਰਵਮਈ ਰੂਪ ਵਿਚ ਮੂਰਤੀਮਾਨ ਕਰਦਾ ਹੈ। ਉਹ ਆਪਣੇ ਦਿਲ ਅਤੇ ਸਵੈਮਾਣ ਤੇ ਹੋਏ ਵਾਰਾਂ ਅਤੇ ਹਮਲਿਆਂ ਦੀ ਇੰਤਹਾ ਪਰਖਦਾ ਹੋਇਆ ਮਾਨਵੀ ਜੀਵਨ ਨੂੰ ਵਡੇਰੇ ਅਰਥਾਂ ਨਾਲ ਜੋੜ ਦਿੰਦਾ ਹੈ, ਜਿੱਥੇ ਸਾਨੂੰ ਇਕ ਅਡੋਲ, ਨਿਡਰ ਅਤੇ ਸ਼ਕਤੀਸ਼ਾਲੀ ਮਨੁੱਖ ਦੇ ਦੀਦਾਰ ਹੁੰਦੇ ਹਨ। ਹਵਾਲੇ ਵਜੋਂ ਉਸਦੀ ਗਜ਼ਲ ਦੇ ਕੁਝ ਅਰੰਭਲੇ ਸ਼ੇਅਰ ਪੇਸ਼ ਹਨ:




ਬੜੇ ਚਾਹੁਣ ਵਾਲੇ ਖਰੀਦਣ ਨੂੰ ਆਏ
ਬੜੀ ਛੇਤੀ ਵਿਕਿਆ ਜੋ ਮਨਫੀ ਨਫਾ ਹਾਂ
ਮੈਂ ਬਰਫਾਂ ਦੇ ਤੋਂਦੇ ਅੰਗਾਰੇ ਬਣਾਏ
ਮੈਂ ਆਪਣੇ ਮੁਕੱਦਰ ਤੋਂ ਅੱਜ ਵੀ ਖਫਾ ਹਾਂ
ਹੈ ਹੰਸ-ਹੰਸ ਕੇ ਛਾਤੀ ਤੀਰਾਂ ਨੂੰ ਜੜਿਆ
ਤੇ ਸੀਅ ਤੱਕ ਨਾ ਕੀਤੀ ਮੈਂ ਸੀ ਵਫਾ ਹਾਂ।

ਹਰਭਜਨ ਸਿੰਘ ਢਿੱਲੋਂ ਦੀ ਗਜ਼ਲ ਦਾ ਕੈਨਵਸ ਬਹੁਤ ਵਿਸ਼ਾਲ ਹੈ। ਉਹ ਜਿੱਥੇ ਆਪਣੀ ਗਜ਼ਲ ਵਿਚ ਵਿਦਮਾਨ ਦੌਰ ਤੇ ਸੰਕਟ ਅਤੇ ਝੋਰਿਆਂ ਨੂੰ ਚੇਤਨਾ ਅਤੇ ਚਿੰਤਨ ਦੀ ਭਾਸ਼ਾ ਵਿਚ ਚਿਤਰਦਾ ਹੈ, ਉਸਦੇ ਨਾਲ ਹੀ ਅਤੀਤ ਦੇ ਇਤਿਹਾਸਕ ਅਤੇ ਗੌਰਵਮਈ ਵਰਤਾਰਿਆਂ ਰਾਹੀਂ ਸਵੈਮੂਲਕ ਮਨਬਚਨੀ ਰਾਹੀਂ ਸਮਕਾਲੀ ਮਨੁੱਖ ਦੀ ਦਿਸ਼ਾ ਨਿਰਧਾਰਿਤ ਕਰਨ ਦਾ ਯਤਨ ਵੀ ਕਰਦਾ ਹੈ। ਉਹ ਸਮਕਾਲ ਦੇ ਵਿਸ਼ਵੀਕਰਨ ਅਤੇ ਭਗਵੇਂਕਰਨ ਵਰਗੇ ਮਾਨਵ ਵਿਰੋਧੀ ਅਤੇ ਤਬਾਹਕੁੰਨ



ਵਰਤਾਰਿਆਂ ਦਾ ਪ੍ਰਤੀ ਉਤਰ ਸਿਰਜਦਾ ਹੋਇਆ ਆਪਣੀ ਗਜ਼ਲ ਨੂੰ ਵਿਚਾਰਧਾਰਕ ਆਧਾਰਸ਼ਿਲਾ ਪ੍ਰਦਾਨ ਕਰਦਾ ਹੈ। ਉਥੇ ਉਸਦੀ ਸ਼ਬਦ ਸਿਰਜਣਾ ਵਡੇਰੇ ਮਾਨਵੀ ਮੁੱਲਾਂ ਪ੍ਰਤੀ ਆਪਣੀ ਵਚਨਬੱਧਤਾ ਪ੍ਰਗਟਾਉਂਦੀ ਹੋਈ ਨਵੀਂ ਊਰਜਾ ਦਾ ਸੰਚਾਰ ਕਰਦੀ ਹੈ। ਉਸਦੀ ਕਵਿਤਾ ਵਿਚ ਆਜ਼ਾਦੀ ਦਾ ਸੰਘਰਸ਼ ਅਤੇ ਆਜ਼ਾਦੀ ਦਾ ਸੰਕਲਪ ਨਵੇਂ ਅਰਥਾਂ ਵਿਚ ਪੇਸ਼ ਹੁੰਦਾ ਹੈ। ਉਹ ਆਜ਼ਾਦੀ ਦੇ ਪਰਵਾਨਿਆਂ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਂਟ ਕਰਦਾ ਹੋਇਆ ਸਮਕਾਲੀ ਸਮਾਜ ਅਤੇ ਰਾਜਨੀਤੀ ਦਾ ਚਿੰਤਨ ਮੰਥਨ ਕਰਨ ਵੱਲ ਅਹੁੜਦਾ ਹੈ। ਉਹ ਸਾਡੇ ਭ੍ਰਿਸ਼ਟਾਚਾਰੀ ਰਾਜਤੰਤਰ ਤੋਂ ਪਰਦਾ ਚੁੱਕਦਾ ਹੋਇਆ ਸ਼ਹੀਦਾਂ ਦੀ ਕੁਰਬਾਨੀ ਨੂੰ ਅਰਧਭੂਮੀ ਵਿਚ ਲਿਆਉਂਦਾ ਹੈ। ਜਿਸਦਾ ਮੁੱਖ ਮੰਤਵ ਅਜਿਹੇ ਸਮਿਆਂ ਵਿਚ ਆਤਮ ਸਮਰਪਣ ਦੀ ਭਾਵਨਾ ਪੈਦਾ ਕਰਨਾ ਹੈ:

ਸ਼ਹੀਦਾਂ ਨੇ ਦਿੱਤੀ ਹੈ ਲੜਕੇ ਆਜ਼ਾਦੀ
ਨਾ ਉਹਨਾਂ ਜੋ ਕਹਿੰਦੇ ਸੀ ’ਹੇ ਰਾਮ’ ਯਾਰੋ
ਭਗਤ ਸਿੰਘ ਤੇ ਸੁਖਦੇਵ ਅੱਜ ਵੀ ਨੇ ਜਿੰਦਾ
ਤਰੰਗੇ ਤੇ ਝੁਲਦੇ ਸੁਭਾ ਸ਼ਾਮ ਯਾਰੋ। (ਪੰਨਾ 117)

‘ਸੁਲਘਦੀ ਅੱਗ’ ਦੀ ਸਮੁੱਚੀ ਗਜ਼ਲਕਾਰੀ ਮਨੁੱਖੀ ਸਮਾਜ-ਸਭਿਆਚਾਰ ਅਤੇ ਜੀਵਨ ਦੇ ਬਹੁ-ਪਸਾਰੀ ਪ੍ਰਤਿਮਾਨਾਂ ਨਾਲ ਆਪਣਾ ਅਹਿਦ ਪਾਲਦੀ ਹੈ। ਇਸਦੇ ਨਾਲ ਹੀ ਇਸ ਪੁਸਤਕ ਵਿਚਲੇ ਗੀਤ ਸਾਡੇ ਰੂਹ ਵਿਚ ਇਕ ਨਵੀਂ ਸਰਗਮ ਛੇੜਨ ਦੀ ਸਮਰੱਥਾ ਰੱਖਦੇ ਹਨ। ਇਹ ਪੁਸਤਕ ਜਿੱਥੇ ਆਪਣੇ ਰਚਨਾਕਾਲ ਪੱਖੋਂ ਮਹੱਤਵਪੂਰਨ ਹੈ, ਉਸਦੇ ਨਾਲ ਹੀ ਆਪਣੇ ਬਹੁਅਰਥੀ, ਬਹੁਦਿਸ਼ਾਵੀ ਅਤੇ ਬਹੁਚਿੰਤਨੀ ਪ੍ਰਵਚਨ ਕਾਰਨ ਸਾਡੇ ਸਾਹਿਤਕ ਹਲਕਿਆਂ ਅਤੇ ਗਜ਼ਲ ਦੇ ਖੇਤਰ ਵਿਚ ਇਕ ਨਵਾਂ ਸੰਵਾਦ ਛੇੜਦੀ ਹੈ। ਇਹ ਮਨੁੱਖੀ ਸਮਾਜ ਅਤੇ ਮਨੁੱਖੀ ਚੇਤਨਾ ਤੇ ਹੋ ਰਹੇ ਰਾਜਨੀਤਿਕ ਅਤੇ ਮਜ਼ਹਬੀ ਹਮਲਿਆਂ ਨੂੰ ਸੁਚੇਤ ਰੂਪ ਵਿਚ ਪਕੜ ਕੇ ਨਜਿੱਠਦੀ ਹੋਈ ਆਪਣੇ ਨਿੱਗਰ ਕਾਵਿ-ਕਰਮ ਦੀ ਸ਼ਾਹਦੀ ਭਰਦੀ ਹੈ। ਇਹੀ ਗੱਲ ਇਸ ਪੁਸਤਕ ਨੂੰ ਮਹੱਤਵਪੂਰਨ ਰਚਨਾ ਦੇ ਰੂਪ ਵਿਚ ਉਭਾਰ ਕੇ ਸਾਡੇ ਸਾਹਮਣੇ ਲਿਆਉਂਦੀ ਹੈ। ਇਸ ਪੁਸਤਕ ਬਾਰੇ ਹੋਰ ਵੀ ਬਹੁਤ ਸਾਰੀਆਂ ਗੱਲਾਂ ਅਤੇ ਬਹਿਸ ਕੀਤੀ ਜਾ ਸਕਦੀ ਹੈ ਜਿਹੜੀ ਕਿ ਅੱਗੇ ਜਾ ਕੇ ਸੰਵਾਦ ਦੀ ਨਿਰੰਤਰਤਾ ਵਿਚ ਪ੍ਰਵਾਹਮਾਨ ਹੁੰਦੀ ਰਹੇਗੀ। ਇਹ ਗਜ਼ਲ ਪੁਸਤਕ ਇਕ ਮਹੱਤਵਪੂਰਨ ਅਤੇ ਖੂਬਸੂਰਤ ਸਾਹਿਤਕ ਦਸਤਾਵੇਜ਼ ਹੈ। ਇਸ ਕਾਰਜ ਲਈ ਲੇਖਕ ਉਚੇਚੇ ਤੌਰ ’ਤੇ ਵਧਾਈ ਦਾ ਪਾਤਰ ਹੈ। ਆਸ ਹੈ ਕਿ ਉਹ ਭਵਿੱਖ ਵਿਚ ਵੀ ਪੰਜਾਬੀ ਮਾਂ ਬੋਲੀ ਲਈ ਆਪਣੀ ਗਹਿਰ-ਗੰਭੀਰ ਭੂਮਿਕਾ ਨਿਭਾਉਂਦਾ ਰਹੇਗਾ। ਅੰਤ ਵਿਚ ਮੈਂ ਆਪਣੀ ਗੱਲ ਢਿੱਲੋਂ ਦੇ ਹੀ ਦੋ ਸ਼ੇਅਰਾ ਨਾਲ ਸਮਾਪਤ ਕਰਦਾ ਹਾਂ:

ਮਿਰੇ ਤੇ ਹੀ ਇਲਜ਼ਾਂਮ ਲਾਏ ਗਏ ਨੇ
ਮਿਰੀ ਰਾਹਾਂ ’ਚ ਕੰਡੇ ਵਿਛਾਏ ਗਏ ਨੇ
ਮੈਂ ਪੱਥਰ ਨਹੀਂ ਹਾਂ ਮੈਂ ਧਰਤੀ ’ਚ ਉਗਿਆ
ਮਿਰੇ ਤੋਂ ਵੀ ਮੰਦਰ ਬਣਾਏ ਗਏ ਨੇ
ਹਰਿਕ ਪਾਸੇ ਨਗਰੀ ’ਚ ਚਾਨਣ ਹੀ ਚਾਨਣ
ਮਿਰੇ ਘਰ ਦੇ ਦੀਵੇ ਬੁਝਾਏ ਗਏ ਨੇ।
(ਪੰਨਾ 19)



**-ਡਾ. ਮੋਹਨ ਤਿਆਗੀ**
**ਪੰਜਾਬੀ ਯੂਨੀ, ਪਟਿਆਲਾ 91-98144-79150**

CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ
ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor
Recap Truck Tire $ 249 + Labor
Recap Trailar Tires and Kind $ 199 + Labor

NEW & USED TIRES
WASH, LUBE, BRAKES

Call:
530-824-5134

LUCAS OIL LUCAS INJECTOR CLEANER $28.99

Call:
650-642-0697

3525 Highway 99, West Corning, CA 96021
Across the Street from TA Truck Stop




## Buying or Selling any Business? Call Now 916-271-5404

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




**Indian Restaurant**
**For Sale In Stockton**
**All Equipment & Fixtures Included**
**Listing Price: $149,900**




**2 Bedroom, 2 Bathroom**
**Sqft: 1280*, Lot Size: 3920***
**Listing Price: $295,000**
**Sacramento, CA**




**Smoke Shop for Sale in Sacramento**
**Monthly Gross Sales: $50K**
**Listing Price: $89,000**




**Gas Station, Liquor Store,**
**Deli, & Laundromat!**
**In Contra Costa County, CA**
**Listing Price: $1,200,000**




**Auto Repair & Lube Shop**
**Lot Size: 2000, Rent is ONLY**
**$1500/mo.**
**Listing Price to $139,000**
**Sacramento, CA**




**Liquor Store for Sale in Santa Clara**
**Monthly Gross Sale: $90K**
**Listing Price: $649,000 plus Inventory**




**3 Bedroom, 3 Bathroom**
**Sqft: 1567*, Lot Size: 2448***
**Listing Price: $325,000**
**Sacramento, CA**




**5 Bedroom, 4 Bathroom**
**Sqft: 3006, Lot Size: 8276***
**Listing Price: $599,000**
**Sacramento, CA**




**Subway**
**for Sale in Sacramento**
**Listing Price: $224,900**




**Indian Restaurant**
**for Sale in Sacramento**
**Listing Price: $149,000**




**Liquor Store for Sale in Sacramento**
**Monthly Gross Sale: 80K**
**Down Payment: 350K (Seller will carry Rest)**
**Listing Price: $499,000 plus Inventory**




**Coffee Shop for Sale**
**Monthly Gross Sales: $25,000**
**Listing Price: $150,000**




**4 Bedroom, 3 Bathroom**
**Sqft: 2476*, Lot Size: 6617***
**Listing Price: $549,900 Elk Grove, CA**




**5 Bedroom, 4 Bathroom**
**Sqft: 2725*, Lot Size: 5249***
**Listing Price: $489,000 Elk Grove, CA**




**3 Bedroom, 2 Bathroom**
**Sqft: 1675*, Lot Size: 4792***
**Listing Price: $398,000 Sacramento, CA**




BH HS
**BERKSHIRE HATHAWAY**
**Home Services**
**Elite Real Estate**

## OFFICE: 7412 ELSIE AVE., SACRAMENTO, CA 95828